
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 46
February 24, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 28 ਫਰਵਰੀ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਗੁਰੂ ਮਹਾਰਾਜ ਦਾ ਪ੍ਰਕਾਸ਼ ਦਿਹਾੜੇ ਨਾਲ ਸਬੰਧਤ ਯੂਬਾ ਸਿਟੀ, ਸੈਕਰਾਮੈਂਟੋ, ਬੇ-ਏਰੀਆ, ਫਰਿਜ਼ਨੋ, ਸੇਲਮਾ, ਹਿਊਸਟਨ, ਨਿਊਯਾਰਕ ਆਦਿ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਸਭਾਵਾਂ ਵੱਲੋਂ ਸਮਾਗਮ ਕੀਤੇ ਜਾ ਰਹੇ ਹਨ।
ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ

## ਹੁਣ ਕਿਸਾਨ ਇੰਡੀਆ ਗੇਟ ਦੇ ਨੇੜੇ ਪਾਰਕਾਂ ਨੂੰ ਵਾਹ ਕੇ ਫਸਲ ਬੀਜਣਗੇ

**ਸੀਕਰ, ਰਾਜਸਥਾਨ (ਬਿਊਰੋ)–** ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਏਥੇ ਕਿਹਾ ਕਿ ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਵਾਪਸ ਨਾ ਲਏ ਤਾਂ ਇਸ ਵਾਰ ਪਾਰਲੀਮੈਂਟ ਘੇਰਨ ਦਾ ਸੱਦਾ ਦਿੱਤਾ ਜਾਵੇਗਾ ਅਤੇ ਉਥੇ 4 ਲੱਖ ਨਹੀਂ, 40 ਲੱਖ ਟ੍ਰੈਕਟਰ ਆਉਣਗੇ। ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਕਿ ਕਦੇ ਵੀ ਦਿੱਲੀ ਜਾਣ ਦਾ ਸੱਦਾ ਦਿੱਤਾ ਜਾ ਸਕਦਾ ਹੈ।



ਮੰਗਲਵਾਰ ਨੂੰ ਰਾਜਸਥਾਨ ਦੇ ਸੀਕਰ ਵਿੱਚ ਸੰਯੁਕਤ ਕਿਸਾਨ ਮੋਰਚਾ ਦੀ ਮਹਾਪੰਚਾਇਤ ਨੂੰ ਸੰਬੋਧਨ ਕਰਦੇ ਵਕਤ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਇਸ ਵਾਰ ਦਿੱਲੀ ਗਿਆ ਤਾਂ ਇੰਡੀਆ ਗੇਟ ਦੇ ਨੇੜਕੇ ਪਾਰਕਾਂ ਨੂੰ ਵਾਹੇਗਾ ਤੇ ਉਥੇ ਫਸਲਾਂ ਬੀਜੇਗਾ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਨੂੰ ਘੇਰਨ ਦੀ ਤਰੀਕ ਸੰਯੁਕਤ ਕਿਸਾਨ ਮੋਰਚਾ ਤੈਅ ਕਰੇਗਾ। ਇਸ ਮੌਕੇ ਟਿਕੈਤ ਨੇ ਕਿਹਾ ਕਿ 26 ਜਨਵਰੀ ਦੀ ਘਟਨਾ ਦੇ ਮਾਮਲੇ ਵਿੱਚਭਾਰਤ ਦੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕੀਤੀ ਗਈ ਸੀ। ਉਨ੍ਹਾ ਕਿਹਾ ਕਿ ਭਾਰਤ ਦੇ ਕਿਸਾਨਾਂ ਨੂੰ ਤਿਰੰਗੇ ਨਾਲ ਪਿਆਰ ਹੈ, ਪਰ ਇਸ ਦੇਸ਼ ਦੇ ਨੇਤਾਵਾਂ ਨੂੰ ਨਹੀਂ। ਟਿਕੈਤ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਵੱਲੋਂ ਖੁੱਲ੍ਹੀ ਚੁਣੌਤੀ ਹੈ ਕਿ ਜੇ ਉਸ ਨੇ ਤਿੰਨੇ ਖੇਤੀ ਕਾਨੂੰਨ ਵਾਪਸ ਨਾ ਲਏ ਤੇ ਫਸਲਾਂ ਲਈ ਘੱਟੋ-ਘੱਟ ਖਰੀਦ ਮੁੱਲ (ਐੱਮ ਐੱਸ ਪੀ) ਲਾਗੂ ਨਾ ਕੀਤੀ ਤਾਂ ਵੱਡੀਆਂ-ਵੱਡੀਆਂ ਕੰਪਨੀਆਂ ਦੇ ਗੋਦਾਮਾਂ ਨੂੰ ਢਾਹੁਣ ਦਾ ਕੰਮ ਵੀ ਇਸ ਦੇਸ਼ ਦਾ ਕਿਸਾਨ ਕਰੇਗਾ ਅਤੇ ਇਸ ਦੀਤਰੀਕ ਵੀ ਸੰਯੁਕਤ ਮੋਰਚਾ ਦੱਸੇਗਾ।

ਹਰਿਆਣਾ ਦੇ ਸੋਨੀਪਤ ਜ਼ਿਲੇ ਵਿੱਚ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਦੇ ਇੱਕ ਬਿਆਨ ਉੱਤੇ ਤਿੱਖਾ ਹਮਲਾ ਕਰਦਿਆਂਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜਦੋਂ ਲੋਕਇਕੱਠੇ ਹੁੰਦੇ ਹਨ ਤਾਂ ਸਰਕਾਰਾਂ ਵੀ ਬਦਲ ਜਾਇਆ ਕਰਦੀਆਂ ਹਨ। ਅਸਲ ਵਿੱਚ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕੱਲ੍ਹ ਕਿਹਾ ਸੀ ਕਿ ਸਿਰਫ ਭੀੜ ਇਕੱਠੀ ਹੋਣ ਕਾਰਨ ਕਾਨੂੰਨ ਰੱਦ ਨਹੀਂ ਹੋ ਸਕਦੇ। ਤੋਮਰ ਨੇ ਐਤਵਾਰ ਨੂੰ ਮੱਧ ਪ੍ਰਦੇਸ਼ ਦੇ ਗਵਾਲੀਅਰ ਵਿੱਚ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੈ, ਜੋ ਨਵੇਂ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰਦੇ ਹਨ, ਪਰ ਕਾਨੂੰਨ ਇਸ ਲਈ ਰੱਦ ਨਹੀਂ ਕੀਤੇ ਜਾਣਗੇ ਕਿ ਭੀੜ ਇਕੱਠੀ ਹੋ ਰਹੀ ਹੈ। ਉਨ੍ਹਾਂ ਨੇ ਕਿਸਾਨ ਯੂਨੀਅਨਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰਾਂ ਨੂੰ ਦੱਸਣ ਕਿ ਇਨ੍ਹਾਂ ਨਵੇਂ ਕਾਨੂੰਨਾਂ ਵਿੱਚ ਉਹ ਕਿਸਾਨ ਵਿਰੋਧੀ ਕਿਉਂ ਸਮਝਦੇ ਹਨ।

ਭਾਰਤੀ ਕਿਸਾਨ ਯੂਨੀਅਨ (ਬੀ ਕੇ ਯੂ) ਦੇ ਆਗੂ ਟਿਕੈਤ ਨੇ ਇਸ ਦੇ ਜਵਾਬ ਵਿੱਚ ਚੇਤਾਵਨੀ ਦਿੱਤੀ ਕਿ ਜੇ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਨਾ ਕੀਤਾ ਗਿਆ ਤਾਂ ਸਰਕਾਰ ਲਈ ਸੱਤਾਵਿੱਚ ਰਹਿਣਾ ਔਖਾ ਹੋਵੇਗਾ। ਸੋਨੀਪਤ ਜ਼ਿਲੇ ਦੇ ਖਰਕੌਂਦਾ ਦੀ ਅਨਾਜ ਮੰਡੀ ਵਿੱਚ ਕਿਸਾਨ ਮਹਾਪੰਚਾਇਤ ਵਿੱਚ ਅੱਜ ਰਾਕੇਸ਼ ਟਿਕੈਤ ਨੇ ਆਖਿਆ ਕਿ ਜਦੋਂ ਤੱਕ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਨਾ ਲਿਆ, ਉਦੋਂ ਤੱਕ ਕਿਸਾਨ ਅੰਦੋਲਨ ਜਾਰੀ ਹੀ ਰਹੇਗਾ। ਉਨ੍ਹਾਂ ਕਿਹਾ, 'ਸਿਆਸੀ ਆਗੂ ਕਹਿ ਰਹੇ ਹਨ ਕਿ ਭੀੜ ਇਕੱਠੀ ਕਰਨ ਨਾਲ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਨਹੀਂ ਲਿਆ ਜਾ ਸਕਦਾ, ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭੀੜ ਕੋਲ ਸਰਕਾਰਾਂ ਬਦਲਣ ਦੀ ਤਾਕਤ ਹੈ, ਇਹ ਵੱਖਰੀ ਗੱਲ ਹੈ ਕਿ ਕਿਸਾਨਾਂ ਨੇ ਹਾਲ ਦੀ ਘੜੀ ਸਿਰਫ ਖੇਤੀਬਾੜੀ ਕਾਨੂੰਨ ਵਾਪਸ ਲੈਣ ਦੀ ਗੱਲ ਕੀਤੀ ਹੈ,ਸੱਤਾ ਵਾਪਸ ਲੈਣ ਦੀ ਨਹੀਂ।'



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com

BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

**ਗੁਰੂ ਪਿਆਰੀ ਸਾਧ ਸੰਗਤ ਜੀ,**

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਕੈਲੇਫੋਰਨੀਆ ਵੱਲੋਂ ਗੁਰੂ ਘਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਕੋਵਿਡ ਨਿਯਮਾਂ ਦੀ ਪਾਲਣਾ ਕਰਦਿਆਂ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

*ਆਰੰਭ ਸ੍ਰੀ ਅਖੰਡ ਪਾਠ ਸਾਹਿਬ-* ਫਰਵਰੀ 26, 2021 (ਸ਼ੁੱਕਰਵਾਰ) 9:30 ਵਜੇ ਸਵੇਰੇ

*ਨਿਸ਼ਾਨ ਸਾਹਿਬ ਦੀ ਸੇਵਾ-* ਫਰਵਰੀ 27, 2021 (ਸ਼ਨਿਚਰਵਾਰ) 10:30 ਵਜੇ ਸਵੇਰੇ

*ਭੋਗ ਸ੍ਰੀ ਅਖੰਡ ਪਾਠ ਸਾਹਿਬ-* ਫਰਵਰੀ 28, 2021 (ਐਤਵਾਰ) 9:30 ਵਜੇ ਸਵੇਰੇ

ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ।ਇਸ ਦਰਮਿਆਨ ਪ੍ਰਸਿੱਧ ਰਾਗੀ, ਢਾਡੀ ਅਤੇ ਕੀਰਤਨ ਜਥੇ ਜਿਹਨਾਂ ਵਿਚ ਭਾਈ ਵਿਜੇ ਸਿੰਘ, ਮਿਲਪੀਟਸ, ਗਿਆਨੀ ਗੁਰਨਾਮ ਸਿੰਘ ਅਤੇ ਗਿਆਨੀ ਓਮਪਾਲ ਸਿੰਘ ਸੰਗਤਾਂ ਨੂੰ ਸ਼ਬਦ ਗਾਇਨ ਨਾਲ ਨਿਹਾਲ ਕਰਨਗੇ ਅਤੇ ਬੁਲਾਰੇ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਆਪਣੇ ਵਿਚਾਰ ਰੱਖਣਗੇ।

**ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

**DHAN DHAN SRI GURU RAVIDASS JI**
**Bole' So Nirbhay! Guru Ravidass Maharaj Ki Jai!**

For the safety of the Sangat and Sewadards, SANGAT is requested to follow CDC/Contra Costa County COVID guidelines. Everyone must wear a mask/face covering, wash hands or use sanitizer before entering the Gurughar. Anyone with temperature or any COVID sysmptoms is humbly requested to refrain from coming to Gurughar.

Sri Guru Ravidass ji was born in 1377, in Kanshi, in India, in a humble family of Baba Santokh Dass ji and Mata Kalsa Devi ji. Guru Ravidass Ji was a great religious and social reformer. Guru Ji dedicated his whole life for the welfare of the humanity. He preached social harmony and equality among all human beings. He stood against caste based discrimination.



Jagtar Bhatia (Chairman)



Shinderpal Narabut (President)



Dharampal Chonkaria (Gen. Secretary)



Vinod Kumar (Treasurer)



Sri Guru Ravidass Sabha Committee Members & more

## ADVISORY COMMITTEE



Balvir Chand Mal



Jagdev Ram



O.P. Balley



Dr. Harmesh Kumar,



Jaila Jaggi



Salinder Bhatia

## LEGAL COMMITTEE



Ajai Paul Ram



Shashi Paul

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |



## ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਉਤਸਵ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 26, 27, 28 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 644ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

**Mrs. & Mr. Shashi Paul (The Paul Family)**



## Happy 644th Parkash Utsav of Sri Guru Ravidass Ji.
## May Satguru Ji Bless entire universe.

ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥

# Ramesh Suman and Gyan Suman





**Ramesh Suman, Broker,**
DRE - 00871752
GRI, CDPE, RCS-D
RES.NET AMP REO Certified
HAFA Short Sale Specialist
AHOP Certified
President - Delta Association of Realtors
(925)366-3618
**Ramesh@RameshSuman.com**



**Deo Raj "Dave" Singh, Realtor**
DRE License - 01789784
Direct: (925)766-3280
**E-mail: Dave@MajesticHomes.us**



**Rajbir S. Sarkaria, Realtor**
DRE License - 01499991
Direct: (925)766-5784
**E-mail: Raj@MajesticHomes.us**



**Wilfredo Martinez**
DRE License - 01344119
Direct (925)642-2273
**W.Martinez.Realtor@gmail.com**



**Vanessa Gonzalez**
DRE - 02108832
Drect: (925)529-7091
**RealtorVGonzalez@gmail.com**

**MAJESTIC HOMES**
**3711 Sunset Lane, Suite F, Antioch, CA 94509**
**WWW.MajesticHomes.US Office: (925)779-1234**

**Service Excellence - Experience the Difference**
हिन्दी बोलने वालों का स्वागत है !
ਪੰਜਾਬੀ ਬੋਲਣ ਵਾਲਿਆਂ ਦਾ ਸਵਾਗਤ ਹੈ !
**Estoy abierto al cambio para mejorar**

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ 7 ਮਾਰਚ 2021 ਨੂੰ ਬੜੀ ਧੂੰਮ ਧਾਮ ਨਾਲ ਕਰੋਨਾ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਮਨਾਇਆ ਜਾ ਰਿਹਾ ਹੈ। 5 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਜਾਣਗੇ ਅਤੇ ਐਤਵਾਰ ਸਵੇਰੇ 10 ਵਜੇ ਭੋਗ ਪਾਏ ਜਾਣਗੇ। ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ 6 ਮਾਰਚ ਸ਼ਾਮੀ ਪੰਜ ਵਜੇ ਕੀਤੀ ਜਾਵੇਗੀ। ਇਸ ਪਵਿੱਤਰ ਦਿਹਾੜੇ ਤੇ ਵੱਖ-ਵੱਖ ਰਾਗੀ ਜਥੇ ਗੁਰੂ ਜੀ ਦੀ ਬਾਣੀ ਅਤੇ ਸਿੱਖਿਆਵਾਂ ਤੇ ਚਾਨਣਾ ਪਾਉਣਗੇ।

*(ਨੋਟ- ਸੰਗਤਾਂ ਨੂੰ ਬੇਨਤੀ ਹੈ ਕਿ ਕਰੋਨਾ ਵਾਇਰਸ ਨੂੰ ਮੁੱਖ ਰੱਖਦਿਆਂ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ)*




ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦਾ ਇਕ ਫਾਈਲ ਚਿੱਤਰ



ਵਧੇਰੇ ਜਾਣਕਾਰੀ ਲਈ ਗਿਆਨੀ ਰਾਮ ਸਿੰਘ ਨਾਲ 559-486-3091 ਤੇ ਸੰਪਰਕ ਕੀਤਾ ਜਾ ਸਕਦਾ ਹੈ।

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

---

# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**



# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 28 ਫਰਵਰੀ 2021,
ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ
644ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ**
ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



**ਰਾਮ ਮੂਰਤੀ ਸਰੋਏ ਅਤੇ ਸਮੂਹ ਪਰਿਵਾਰ**

Office: (510) 742-8120,
Cell; (510) 368-3983

39039 Paseo Padre Parkway Suite # 205 Fremont, CA 94538

**Amrik Chand**
(CPA)

Phone : 510-490-8200
Fax : 510-490-8202
Email : achand@pacbell.net

959 Corporate Way, Fremont, CA. 94539



## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਭਗਵਾਨ ਵਾਲਮੀਕਿ ਸਮਾਜ ਵਲੋਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਗਟ ਉਤਸਵ ਤੇ ਸਾਰੀ ਲੋਕਾਈ ਨੂੰ ਬਹੁਤ ਬਹੁਤ ਵਧਾਈਆਂ
ਆਓ ਆਪਾਂ ਸਾਰੇ ਰਲ ਕੇ ਕੋਸ਼ਿਸ਼ ਕਰੀਏ ਕਿ ਸਤਿਗੁਰਾਂ ਦੇ ਦਰਸਾਏ ਰਸਤੇ ਨੂੰ ਅਪਨਾ ਸਕੀਏ, ਅੱਜ ਦੇ ਮਹੌਲ ਚੋਂ ਦੁਨੀਆ ਬਹੁਤ ਮੁਸੀਬਤਾਂ ਦਾ ਸਾਹਮਣਾ ਕਰ ਰਹੀ ਹੈ। ਸਾਰਿਆਂ ਦੀ ਸਲਾਮਤੀ ਵਾਸਤੇ ਦੁਨੀਆ ਦੇ ਮਾਲਕ ਮੂਹਰੇ ਅਰਦਾਸ ਕਰੀਏ- ਅੱਲਾ-ਤਾਲਾ ਰਹਿਮ ਕਰੇ: ਸਨੇਹ ਪੂਰਵਕ, ਮਿਲ-ਜੁਲ ਕੇ ਰਹਿਣ ਅਤੇ ਦੁੱਖ ਸੁਖ ਚੋਂ ਇਕ ਦੂਜੇ ਦੇ ਸਹਾਈ ਬਣੀਏ।
ਨਦੀ ਨਾਮ ਸੰਜੋਗਾਂ ਮੇਲ 'ਚੋਂ ਗੁਰਾਂ ਜੀ ਦੀ ਬਾਣੀ ਦੀ ਸਤਰ ਲਿਖ ਲੈਣੀ।



**Kewal Sidhu**




**Sodhi Nahar**

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ


Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 28 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦੇ 644ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ** ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।

# Mrs. & Mr. Narinder Chahal (The Chahal Family)



---

ਅਬ ਮੋਹਿ ਖੂਬ ਵਤਨ ਗਹਿ ਪਾਈ। ਊਹਾਂ ਖੈਰ ਸਦਾ ਮੇਰੇ ਭਾਈ।



Shri Guru Ravidass Ji Maharaj

# Mrs. & Mr. Gurnam Singh Rattu (The Rattu Family)

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 28 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 644ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ** ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



Mrs. & Mr. Gurnam Singh Rattu

ਦੇਸ਼ ਦੁਆਬਾ

(Invited Editorial Article)


# Guru Ravidass, Egalitarian Social Order and Dalit Consciousness



**Ronki Ram**
Shaheed Bhagat Singh Chair Professor of Political Science
Panjab University, Chandigarh
*ronkiram@yahoo.co.in*
Visiting Professor, Centre for Sikh and Panjabi Studies,
University of Wolverhampton, UK

Guru Ravidass, one of the most famous untouchable Sant-poets of the 15th-16th century, is known as a leading star of the Bhakti movement, especially the *nirguna sampradaya or santparampara* (sect or tradition of devotees of a formless God) of the later medieval centuries in Northern India. He was a cobbler, sage, poet, philosopher and social reformer, all rolled into one, who adopted Bhakti (loving devotion) as a method of social protest against the centuries old inhuman system of untouchability. He did not discard the religion he was born in nor abandon his so-called degraded lowest caste-based occupation of leather-work to move up on the scale of social hierarchy, as is often referred to in the case of two widely accepted as well as cited models of upward social mobility – conversion and Sanskritization – in India and elsewhere. Instead, Guru Ravidass chose Bhakti of *Nirakar* (formless) God and earning livelihood through his hereditary leather-work as a middle path to protest against the rotten caste-based evil of social exclusion and oppression. This unique middle path method – free from religious rituals and sectarian formalities – was very novel and daring given the religious bigotry state-of-affairs of his time. Guru Ravidass laid emphasis on fearlessness, self-respect, dignity of labour and compassion for all. It reflected the democratic and egalitarian traits of his social philosophy based on simple devotion to God. It was daring in the sense that he chose to challenge his tormentors by employing the iconography of their dress as a symbol of social protest which was not only highly objectionable but was equally deadly for a low caste of his times. He challenged the tyranny of Brahmins and defied their hegemony by adopting the prohibited dress – *Dhoti* (cloth wrapped around the waist), *Janeue* (sacred thread) and *Tilak* (sacred red mark on forehead) – for the untouchables. It is important to note here that in the popular calendar culture of Punjab, Guru Ravidass is invariably presented in the above-mentioned dress code which was anathema for the lower castes. His iconography seems to work as a suitable pedagogic tool to convey the message of self-respect and the dignity of labour to the downtrodden who were not only completely debarred from entering into the spiritual sphere in the Hindu society monopolized by the priestly class of Brahmins, but were also treated worse than animals because of their so-called low caste birth and brutally imposed lower status nature of their occupation. It is in this context that his emphasis on Bhakti and adoption of unique iconography produced a new text of a lower-caste peaceful social protest.

Guru Ravidass became prominent because he unleashed a frontal attack on the long tradition of social oppression and untouchability in the Hindu society. Though born and brought up in Uttar Pradesh province of North India, Guru Ravidass came to command large followings among the lower castes of Punjab, which he believed to have visited during his journeys towards Rajasthan. Another factor that made him further popular in Punjab is the inclusion of his Bani (spiritual poetry 40 hymns and one *Shloka*) in Sri Guru Granth Sahib, sacred scriptures of Sikh faith. His stature grew still further when the Ad Dharm movement made him its patron Sant and a political rallying point. The Ad Dharm movement which came into existence in 1920s used his pictures as its emblem, poetry as its sacred text and legends about him as illustration of lower caste pride and power. The fact that Guru Ravidass came from one of the lowest castes, acted as a catalyst in the emergence of dalit consciousness in Punjab. His fellow low caste followers, who consider him their Guru, dedicated to him temples,




memorial halls, educational institutions/chairs, cultural organizations, and hospitals. They founded several missions to accurately establish facts about his life and works, and to disseminate his message of compassion, equality, and brotherhood in India and abroad. In fact, his lustrous image played an instrumental role in mobilizing the outcastes especially the Chamars (leather workers) who also joined the Ad Dharm movement in large numbers. Consequently, the Chamars of Punjab and Punjabi Chamar diasporas organized themselves into various Guru Ravidass Sabhas (societies) and established a large number of Ravidass shrines popularly known as Ravidass Deras within the state and abroad.

But made Guru Ravidass the most venerable among his fellow community folks was his steadfast determination to proudly exhibit his otherwise degraded caste identity. keep Though he attired himself like a Brahmin, he did never hide his caste. Attiring like a Brahmin, Guru Ravidass did not want to convey the superiority of the profession of priesthood at all. He did not pretend to show any pride in the dress of the priestly Brahmin caste. His only motive, it seems, to dress like priests, was to challenge hegemony of the high-caste people. He kept on making and mending shoes while siting amidst leather. He did not discard his caste in any way. Rather, he became very vocal about it and the oppression perpetrated in its name on the lower caste people. He repeatedly mentioned about his caste in his widely appreciated scared poetry. This is what made him a prophet of Dalit consciousness in North India and distinguished his innovative 'middle path' from the stereotype models of religious conversion and Sanskritization. While adopting the prohibited dress and other symbols of the upper castes, and at the same time sticking to his hereditary occupation, he probably tried to show how lower castes could achieve social mobility without sacrificing/compromising their distinct Dalit identity. It seems that Guru Ravidass's middle path model of Dalit social mobility liberated Dalits from what Schuetz called the dilemma of 'a man without a history'. In other words, it taught a new way of achieving Dalit social mobility without hiding one's caste as well as ethnic social ties and customs. Indeed, a unique method of Dalit social mobil ity! Moreover, this noble Dalit social mobility model helped the lowest of low castes to rise up to reclaim their lost indigenous socio-cultural and native religious heritage.

Sacred poetry of Guru Ravidass eventually emerged as a vehicle of social protest during the early decades of 20th century colonial rule in India. His poetry, written in the vernacular of common man, is full of radical fervour. It provides what Gail Omvedt underlined 'hope for a better world and a fight against exploiters, power-holders and oppression going on under the name of religion'. It reflected his vision of the social and spiritual needs of the downtrodden and underlined the urgency of their emancipation. He, therefore, is regarded as a messiah of the downtrodden who revere him as devoutly as Hindus revered their Gods and Goddesses, and Sikhs their Gurus. They worship his image, celebrate his *Jayantis* (birth and death anniversaries), recite his hymns every morning and night, raise slogans like *Ravidass Shakti Amar Rahe* (the spiritual power of Ravidass live forever) and repose faith in his spiritual power. This unique 'middle path' model of Dalit social mobility and social protest based on the negation of the viability of religious conversion on the one hand, and the utility of following into the footsteps of the upper castes on the other, was well received in Punjab – a vast Dalit constituency groomed by the Ad Dharm movement – for the following interrelated reasons: A) Dalits in Punjab had a rich background of Ad Dharm leadership, which facilitated institutionalization of an alternative Ravidass culture, in the cities as well as rural areas in the state, based on the teachings and life styles of Guru Ravidass; B) the fact that Guru Ravidass himself belonged to one of the lowest castes (Chamar caste) acted as a catalyst in the adoption of his unique path; C) Dalits in Punjab were not politically motivated enough to follow radical separatism perhaps because of the influence of Ad Dharm movement. They were also not equally willing to tread the path of assimilation because of the fear of losing their very own culture in the whirlpool of the upper castes' cultural lifestyles; and D) they were, rather, well convinced of the potentiality of their indigenous religion (Ad Dharm) to salvage them from the abyss of social exclusion and oppression caused by the asymmetrical and oppressive structures of the Hindu social order. Since Ravidass himself did not embrace any other religion nor he tried to escape social exclusion by getting assimilated into the mainstream social system of the upper castes, and above all he belonged to their own caste, Dalits of Punjab found in him an exemplar of the 'middle path'. The presence of simple but sharp elements of social protest in his teachings along with the commonality of his caste provided the basis for the rise of radical consciousness among Dalits in the state. The mere mention of his name evokes a sense of confidence and self-respect among them. So much so that a large number of them prefer to be identified as 'Ravidassia' rather than be known by their customary caste titles colored with derogatory connotations.

Thus, it is for such reasons, as mentioned above, that Guru Ravidass was embraced by the leadership of Ad Dharm movement as an exemplar of the 'middle path' in whose life and teachings the Dalits of Punjab found the necessary ammunition for the ignition of radical Dalit consciousness in the state. The establishment of a large number of Ravidass Deras by the Dalits in Punjab and in other parts of India over the last few years is a case in point. Ravidass became very popular among the Punjabi Dalit diasporas as well, who 'have built Ravidass temples in almost all the towns of the world wherever they happened to live even in small numbers' in order to assert their separate caste identity. The number of Ravidass Deras has been multiplying very fast, and has taken the form of a sort of an alternate socio-cultural Ravidass Deras movement for the emancipation of the Dalits. It has generated a sense of confidence among them and provided them an opportunity to exhibit their hitherto eclipsed Dalit identity. These Deras, in fact, have been functioning as missions to sensitize the Dalits and to facilitate their empowerment. In order to look different from the shrines of Hindu and Sikh religions, and to distinctly project their separate Dalit religious identity, Ravidass Deras have formulated their own religious symbols, ceremonies, prayers, rituals and messages of social protest against the oppressive structures of caste domination in the agrarian society of Punjab. Led by varied Ravidass Deras, Guru Ravidass movement has offered a new hope to the ex-untouchables who have also been empowered by the various state affirmative action related provisions in the Constitution of Independent India. The goalmouth of the Ravidass movement, based as it is on the teachings of Guru Ravidass, rooted in the ideal of *Begampura* (a city free from sorrows and sufferings of all sort).

* *


Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ ਵਿੱਚ ਕੋਵਿਡ ਕੇਸ ਵਧੇ, ਦੁਬਾਰਾ ਲੌਕਡਾਊਨ ਦੀ ਸੰਭਾਵਨਾ, 1 ਮਾਰਚ ਤੋਂ ਇਕੱਠਾਂ 'ਤੇ ਬੰਦਿਸ਼ਾਂ ਲਾਉਣ ਦੇ ਹੁਕਮ

**ਚੰਡੀਗੜ੍ਹ (ਬਿਊਰੋ)**– ਸੂਬੇ ਵਿੱਚ ਕੋਵਿਡ ਦੇ ਵਧ ਰਹੇ ਕੇਸਾਂ 'ਤੇ ਚਿੰਤਾ ਵਧਣ ਦੇ ਮੱਦੇਨਜ਼ਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੰਦਰੂਨੀ ਤੇ ਬਾਹਰੀ ਇਕੱਠਾਂ ਉਪਰ ਬੰਦਿਸ਼ਾਂ ਲਾਉਂਦੇ ਹੋਏ ਇਕ ਮਾਰਚ ਤੋਂ ਅੰਦਰੂਨੀ ਇਕੱਠਾਂ ਦੀ ਗਿਣਤੀ 100 ਤੱਕ ਅਤੇ ਬਾਹਰੀ ਇਕੱਠਾਂ ਦੀ ਗਿਣਤੀ 200 ਤੱਕ ਸੀਮਤ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਮਾਸਕ/ਸਮਾਜਿਕ ਦੂਰੀ ਦਾ ਸਖ਼ਤੀ ਨਾਲ ਪਾਲਣ ਕਰਨ ਅਤੇ ਟੈਸਟਿੰਗ ਵੀ ਵਧਾ ਕੇ ਪ੍ਰਤੀ ਦਿਨ 30,000 ਤੱਕ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਉਚ-ਪੱਧਰੀ ਵਰਚੂਅਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਡਿਪਟੀ ਕਮਿਸ਼ਨਰਾਂ ਨੂੰ ਸਬੰਧਤ ਜ਼ਿਲ੍ਹਿਆਂ ਵਿੱਚ ਹਾਟ-ਸਪਾਟ ਇਲਾਕਿਆਂ ਵਿੱਚ ਲੋੜ ਪੈਣ 'ਤੇ ਰਾਤ ਦਾ ਕਰਫ਼ਿਊ ਲਾਉਣ ਲਈ ਅਧਿਕਾਰਤ ਕੀਤਾ ਹੈ ਅਤੇ ਮਾਈਕ੍ਰੋ ਕੰਟੇਨਮੈਂਟ ਰਣਨੀਤੀ ਵੀ ਅਪਣਾਈ ਜਾਵੇਗੀ। ਉਨ੍ਹਾਂ ਨੇ ਪੁਲੀਸ ਨੂੰ ਮਾਸਕ ਪਹਿਨਣ, ਸਾਰੇ ਰੈਸਟੋਰੈਂਟਾਂ ਤੇ ਮੈਰਿਜ ਪੈਲੇਸਾਂ ਵੱਲੋਂ ਕੋਵਿਡ ਨਿਗਰਾਨ ਲਾਉਣ ਬਾਰੇ ਜਾਰੀ ਨੋਟੀਫਿਕੇਸ਼ਨ ਦਾ ਸਖ਼ਤੀ ਨਾਲ ਪਾਲਣ ਕਰਵਾਉਣ ਦੇ ਵੀ ਨਿਰਦੇਸ਼ ਦਿੱਤੇ ਹਨ ਅਤੇ ਇਸ ਉਦੇਸ਼ ਲਈ ਕਰ ਤੇ ਆਬਕਾਰੀ ਵਿਭਾਗ ਨੂੰ ਨੋਡਲ ਏਜੰਸੀ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸਿਨੇਮਾ ਘਰਾਂ ਵਿੱਚ ਗਿਣਤੀ ਘੱਟ ਕਰਨ ਦਾ ਫੈਸਲਾ ਇਕ ਮਾਰਚ ਤੋਂ ਬਾਅਦ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਾਈਵੇਟ ਦਫ਼ਤਰਾਂ ਅਤੇ ਰੈਸਟੋਰੈਂਟਾਂ ਨੂੰ ਸਾਰੇ ਮੁਲਾਜ਼ਮਾਂ ਲਈ ਕਰੋਨਾ ਟੈਸਟਾਂ ਦੀ ਤਾਜ਼ਾ ਰਿਪੋਰਟ ਡਿਸਪਲੇਅ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ। ਟੈਸਟਿੰਗ ਵਧਾਉਣ ਦੇ ਆਦੇਸ਼ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਹਰੇਕ ਪਾਜ਼ੇਟਿਵ ਵਿਅਕਤੀ ਦੇ ਸੰਪਰਕ ਵਿੱਚ ਆਏ 15 ਵਿਅਕਤੀਆਂ ਦੀ ਲਾਜ਼ਮੀ ਟੈਸਟਿੰਗ ਕਰਵਾਉਣ ਦੇ ਹੁਕਮ ਦਿੱਤੇ ਹਨ ਅਤੇ ਇਸ ਦੀ ਨਿਗਰਾਨੀ ਸੀ.ਪੀ.ਟੀ.ਓਜ਼ ਵੱਲੋਂ ਕੀਤੀ ਜਾਵੇਗੀ ਜਦਕਿ ਸਿਹਤ ਵਿਭਾਗ ਪ੍ਰਗਤੀ ਦਾ ਜਾਇਜ਼ਾ ਲਵੇਗਾ।



ਮੁੱਖ ਮੰਤਰੀ ਨੇ ਟੀਕਾਕਰਨ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਸੂਚਨਾ, ਸਿੱਖਿਆ ਤੇ ਸੰਚਾਰ (ਆਈ.ਈ.ਸੀ.) ਮੁਹਿੰਮ ਜਾਰੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਕਿ ਸਾਰੇ ਸਿਹਤ ਸੰਭਾਲ ਕਾਮਿਆਂ ਅਤੇ ਮੂਹਰਲੀ ਕਤਾਰ ਦੇ ਵਰਕਰਾਂ ਨੂੰ ਟੀਕਾਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਬਜ਼ੁਰਗ ਆਬਾਦੀ ਅਤੇ ਸਹਿ-ਬਿਮਾਰੀਆਂ ਨਾਲ ਪੀੜਤ ਵਸੋਂ ਲਈ ਵੈਕਸੀਨ ਵਾਸਤੇ ਵੀ ਰੂਪ-ਰੇਖਾ ਲਈ ਵੀ ਯੋਜਨਾ ਉਲੀਕਣ ਦੇ ਹੁਕਮ ਦਿੱਤੇ। 3.23 ਸੀ.ਐਫ.ਆਰ. ਉਪਰ ਚਿੰਤਾ ਜ਼ਾਹਰ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਮ੍ਰਿਤਕਾਂ ਦੀ ਪੜਚੋਲ ਦੀਆਂ ਲੱਭਤਾਂ ਦਾ ਨੋਟਿਸ ਲਿਆ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਮੌਤਾਂ ਦਾਖ਼ਲ ਰਹਿਣ ਦੇ 2-14 ਦਿਨ ਦੇ ਦਰਮਿਆਨ ਹੋਈਆਂ ਹਨ। ਉਨ੍ਹਾਂ ਨੇ ਸਹਿ-ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਖਾਸ ਕਰਕੇ ਪ੍ਰਾਈਵੇਟ ਸੰਸਥਾਵਾਂ ਵਿੱਚ ਦਾਖ਼ਲ ਮਰੀਜ਼ਾਂ ਲਈ ਪ੍ਰੋਟੋਕਾਲ ਦੀ ਨਿਰੰਤਰ ਨਿਗਾਰਨੀ ਦੀ ਲੋੜ 'ਤੇ ਜ਼ੋਰ ਦਿੱਤਾ। ਕੁਝ ਮੌਤਾਂ ਦੇ ਘਰਾਂ ਵਿੱਚ ਹੋਣ ਦਾ ਜ਼ਿਕਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸਿਹਤ ਵਿਭਾਗ ਨੂੰ ਹੁਕਮ ਦਿੱਤੇ ਕਿ ਘਰੇਲੂ ਇਕਾਂਤਵਾਸ ਵਾਲੇ ਮਾਮਲਿਆਂ ਖਾਸ ਕਰਕੇ ਸਹਿ-ਬਿਮਾਰੀਆਂ ਨਾਲ ਪੀੜਤਾਂ ਦੀ ਢੁਕਵੀਂ ਨਿਗਰਾਨੀ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਹਦਾਇਤ ਕੀਤੀ ਕਿ ਸਵੈ-ਨਿਗਰਾਨੀ ਦੀਆਂ ਹਦਾਇਤਾਂ 'ਤੇ ਅਧਾਰਿਤ ਫਤਹਿ ਕਿੱਟਾਂ ਨੂੰ ਸਬੰਧਤ ਵਿਅਕਤੀਆਂ ਦੇ ਪਾਜ਼ੇਟਿਵ ਆ ਜਾਣ ਵਾਲੇ ਦਿਨ ਹੀ ਘਰੇਲੂ ਏਕਾਂਤਵਾਸ ਵਿੱਚ ਉਨ੍ਹਾਂ ਤੱਕ ਪਹੁੰਚਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਮੁੱਖ ਮੰਤਰੀ ਨੇ ਸਿਹਤ ਅਤੇ ਮੈਡੀਕਲ ਸਿੱਖਿਆ ਵਿਭਾਗਾਂ ਨੂੰ ਕਿਹਾ ਕਿ ਸਾਰੀਆਂ ਅਸਾਮੀਆਂ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਭਰਨ ਦੀ ਇਜਾਜ਼ਤ ਦਿੱਤੀ ਗਈ ਹੈ, ਨੂੰ ਛੇਤੀ ਤੋਂ ਛੇਤੀ ਭਰਿਆ ਜਾਵੇ।

ਸੁਰੱਖਿਆ ਉਪਾਵਾਂ ਦੀ ਪਾਲਣ ਲਈ ਪੰਜਾਬ ਪੁਲੀਸ ਵੱਲੋਂ ਚੁੱਕੇ ਕਦਮਾਂ ਬਾਰੇ ਮੁੱਖ ਮੰਤਰੀ ਨੂੰ ਜਾਣੂੰ ਕਰਵਾਉਂਦਿਆਂ ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਰੋਕਾਂ ਨੂੰ ਸਖ਼ਤੀ ਨਾਲ ਅਮਲ ਵਿੱਚ ਲਿਆਉਣ ਲਈ ਫੀਲਡ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਇਸ ਤੋਂ ਪਹਿਲਾਂ ਸਿਹਤ ਵਿਭਾਗ ਦੇ ਸਕੱਤਰ ਹੁਸਨ ਲਾਲ ਨੇ ਜਾਣਕਾਰੀ ਦਿੱਤੀ ਕਿ ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਪਟਿਆਲਾ, ਐਸ.ਏ.ਐਸ. ਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿੱਚ ਹਾਲ ਹੀ ਦੇ ਦਿਨਾਂ ਦੌਰਾਨ ਕੋਵਿਡ ਦੇ ਕੇਸਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ ਜਿਸ ਨਾਲ ਸੂਬੇ ਵਿੱਚ ਦੂਜੀ ਸੰਭਾਵੀ ਲਹਿਰ ਉੱਠਣ ਦੇ ਖਦਸ਼ੇ ਪ੍ਰਗਟਾਏ ਜਾਣ ਲੱਗੇ ਹਨ।

ਟੀਕਾਕਰਨ ਦੇ ਮੁੱਦੇ ਸਬੰਧੀ ਉਨ੍ਹਾਂ ਨੇ ਖੁਲਾਸਾ ਕੀਤਾ ਕਿ ਹੁਣ ਤੱਕ ਟੀਕਾ ਲਾਏ ਜਾਣ ਪਿੱਛੋਂ ਮਾਮੂਲੀ ਮਾੜੇ ਪ੍ਰਭਾਵ ਦੇ 61 ਮਾਮਲੇ ਸਾਹਮਣੇ ਆਏ ਸਨ ਜਦੋਂ ਕਿ ਛੇ ਮਾਮਲੇ ਅਤਿ ਗੰਭੀਰ ਅਤੇ 14 ਗੰਭੀਰ ਮਾਮਲੇ ਸਾਹਮਣੇ ਆਏ ਸਨ। ਇਹ ਸਾਰੇ ਹੁਣ ਠੀਕ ਹੋ ਚੁੱਕੇ ਹਨ।

# ਦਿਸ਼ਾ ਰਵੀ ਲਈ ਅਦਾਲਤ ਵੱਲੋਂ ਜ਼ਮਾਨਤ ਮਨਜ਼ੂਰ, ਜੇਲ੍ਹ ਤੋਂ ਰਿਹਾਈ ਮਿਲੀ

ਨਵੀਂ ਦਿੱਲੀ- ਟੂਲਕਿੱਟਕੇਸ ਵਿੱਚ ਅੱਜ ਮੰਗਲਵਾਰ ਨੂੰ ਪੁੱਛ-ਗਿੱਛ ਲਈ ਦਿਸ਼ਾ ਰਵੀ ਨੂੰ ਸਾਈਬਰ ਸੈੱਲ ਦੇ ਦਫ਼ਤਰ ਲਿਆਂਦਾ ਗਿਆ, ਪਰ ਉਸ ਦਾ ਰਿਮਾਂਡ ਖ਼ਤਮ ਹੋਣ ਪਿੱਛੋਂ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਸੈਸ਼ਨ ਕੋਰਟ ਵਿੱਚ ਐਡੀਸ਼ਨਲ ਸੈਸ਼ਨ ਜੱਜ ਧਰਮਿੰਦਰ ਰਾਣਾ ਨੇ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ। ਇਸ ਦੇ ਬਾਅਦ ਉਸ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਬਹੁ-ਚਰਚਿਤ ਟੂਲਕਿੱਟਕੇਸ ਵਿੱਚਅੱਜ ਦਿਸ਼ਾ ਰਵੀ ਨੂੰ ਸਾਈਬਰ ਸੈੱਲ ਦੇ ਦਫ਼ਤਰ ਵਿੱਚ ਪੁੱਛ-ਗਿੱਛ ਲਈ ਲਿਆਂਦਾ ਗਿਆ ਸੀ। ਇਸ ਪੁੱਛਗਿੱਛ ਵਿੱਚਸ਼ਾਂਤਨੂ ਮੁਲਕ ਨੂੰ ਵੀ ਸ਼ਾਮਲ ਕੀਤਾ ਜਾਣਾ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਵੀ ਸਾਈਬਰ ਸੈੱਲ ਨੇ ਨਿਕਿਤਾ ਜੈਕਬ



ਅਤੇ ਸ਼ਾਂਤਨੂ ਮੁਲਕ ਤੋਂ ਚਾਰ ਘੰਟੇ ਤਕ ਲਗਾਤਾਰ ਪੁੱਛਗਿੱਛ ਕੀਤੀ ਸੀ। ਇਨ੍ਹਾਂ ਦੋਵਾਂ ਨੂੰ ਨੋਟਿਸ ਦੇ ਕੇ ਸੋਮਵਾਰ ਸਵੇਰੇ 11 ਵਜੇ ਸੱਦਿਆ ਗਿਆ ਸੀ ਤੇ ਦੋਵੇਂ ਤੈਅ ਸਮੇਂ ਤੋਂ ਪਹਿਲਾਂ ਸਾਈਬਰ ਸੈੱਲ ਦੇ ਦਵਾਰਕਾ ਆਫਿਸ ਜਾ ਪਹੁੰਚੇ ਸਨ। ਸਾਈਬਰ ਸੈੱਲ ਦੇ ਡੀਸੀਪੀ ਅਨੇਸ਼ ਰਾਏਤੇਹੋਰ ਅਫਸਰਾਂ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਸੀ ਅਤੇ ਅੱਜ ਮੰਗਲਵਾਰ ਵੀ ਇਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ।

ਟੂਲਕਿੱਟ ਅਜਿਹਾ ਇੰਟਰਨੈੱਟ ਦਸਤਾਵੇਜ਼ ਹੁੰਦਾ ਹੈ, ਜਿਸ ਵਿੱਚ ਕਿਸੇ ਮੁੱਦੇ ਦੀ ਜਾਣਕਾਰੀ ਦੇਣ ਅਤੇ ਉਸ ਨਾਲ ਜੁੜੇ ਕਦਮ ਚੁੱਕਣ ਲਈ ਸੁਝਾਅ ਦਿੱਤੇ ਹੁੰਦੇ ਹਨ। ਆਮਤੌਰ ਉੱਤੇ ਕਿਸੇ ਵੱਡੀ ਮੁਹਿੰਮ ਜਾਂ ਅੰਦੋਲਨ ਦੌਰਾਨ ਉਸ ਵਿੱਚਸ਼ਾਮਲ ਹੋਣ ਵਾਲੇ ਵਾਲੀਟੀਅਰਾਂ ਨੂੰ ਇਸ ਵਿੱਚ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਹਨ। ਟੂਲਕਿੱਟ ਦੀ ਪਹਿਲੀ ਵਾਰ ਵਰਤੋਂ ਅਮਰੀਕਾ ਵਿੱਚਇੱਕ ਗੈਰ-ਗੋਰੇ ਦੀ ਪੁਲਸ ਹੱਥੋਂ ਮੌਤ ਤੋਂ ਬਾਅਦ ਅੰਦੋਲਨ ਨੂੰ ਦਿਸ਼ਾ ਦੇਣ ਲਈ ਕੀਤੀ ਗਈ ਸੀ। ਉਸ ਤੋਂ ਬਾਅਦ ਇਹ ਭਾਰਤ ਦੇ ਕਿਸਾਨਾਂ ਦੇ ਅੰਦੋਲਨ ਵਿੱਚਚਰਚਾ ਵਿੱਚ ਆਇਆ ਹੈ। ਇਸ ਦੌਰਾਨ ਟੂਲਕਿੱਟ ਕੇਸ ਦੇ ਤੀਸਰੇ ਸ਼ੱਕੀ ਦੋਸ਼ੀ ਸ਼ਾਂਤਨੂ ਮੁਲਕ ਨੇ ਅੱਜ ਅਦਾਲਤ ਵਿਚ ਅਰਜ਼ੀ ਪੇਸ਼ ਕਰ ਕੇ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ, ਕਿਉਂਕਿ ਉਸ ਨੂੰ ਆਪਣੀ ਗ੍ਰਿਫਤਾਰੀ ਦਾ ਸ਼ੱਕ ਹੈ।


## ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ, ਸੇਲਮਾ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਿਤੀ 19, 20, 21, ਮਾਰਚ 2021 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਗੁਰੂ ਘਰ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਮਿਤੀ 19 ਮਾਰਚ ਨੂੰ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ 21 ਮਾਰਚ ਨੂੰ ਪਾਠ ਦੇ ਭੋਗ ਪਾਏ ਜਾਣਗੇ। ਨਿਸ਼ਾਨ ਸਾਹਿਬ ਜੀ ਦੀ ਸੇਵਾ ਪਾਠ ਦੀ ਆਰੰਭਤਾ ਤੋਂ ਪਹਿਲਾਂ 19 ਮਾਰਚ ਨੂੰ ਹੋਵੇਗੀ। ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ। ਕੀਰਤਨ ਤੇ ਕਥਾ ਵਿਚਾਰਾਂ ਹੋਣਗੀਆਂ। ਸੋ ਆਪ ਜੀ ਨੂੰ ਪਰਿਵਾਰ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

*ਨੋਟ- ਕੋਵਿਡ-19 ਸਬੰਧੀ ਕਾਊਂਟੀ ਦੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਜੀ।*



ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਉਤਸ਼ਾਹ ਨਾਲ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸੰਗਤ ਦੇ ਸੇਵਾਦਾਰ

ਗੁਰੂ ਘਰ ਦਾ ਫੋਨ ਨੰਬਰ 559-891-8286, ਦੇਵਰਾਜ ਸਿੰਘ 559-916-6202

ਮਾਸਟਰ ਗੁਰਬਚਨ ਸਿੰਘ 559-375-4691, ਸੁਲੱਖਣ ਸਿੰਘ 559-285-1288, ਮਨੋਹਰ ਗਾਦੜਾ 559-546-3437

2650 Blaine Avenue Selma (CA) 93662

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਪ੍ਰਮਾਣੂ ਮੁੱਦੇ 'ਤੇ ਇਰਾਨ ਨਾਲ ਗੱਲਬਾਤ ਕਰਨ ਲਈ ਅਮਰੀਕਾ ਤਿਆਰ-ਜੋਅ ਬਾਇਡੇਨ

**ਸੈਕਰਾਮੈਂਟੋ, ਕੈਲੀਫੋਰਨੀਆ 19 ਫਰਵਰੀ-** ਬਾਇਡੇਨ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਉਹ 2015 ਦੇ ਪ੍ਰਮਾਣੂ ਸਮਝੌਤੇ ਸਬੰਧੀ ਗੱਲਬਾਤ ਵਿੱਚ ਸ਼ਾਮਿਲ ਵਿਸ਼ਵ ਦੇ ਹੋਰ ਦੇਸ਼ਾਂ ਸਮੇਤ ਇਰਾਨ ਨਾਲ ਪ੍ਰਮਾਣੂ ਮੁੱਦੇ ਉਪਰ ਗੱਲਬਾਤ ਕਰਨ ਲਈ ਤਿਆਰ ਹੈ। ਜੋਅ ਬਾਇਡੇਨ ਵੱਲੋਂ ਰਾਸ਼ਟਰਪਤੀ ਵਜੋਂ ਅਹੁੱਦਾ ਸੰਭਾਲਣ ਉਪਰੰਤ ਤਹਿਰਾਨ ਨਾਲ ਕੂਟਨੀਤਿਕ ਸਬੰਧਾਂ ਦੀ ਸੁਰਜੀਤੀ ਵੱਲ ਚੁੱਕਿਆ ਇਹ ਪਹਿਲਾ ਸਰਕਾਰੀ ਕਦਮ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਨੈਡ ਪ੍ਰਾਈਸ ਨੇ ਕਿਹਾ ਹੈ ਕਿ ਅਮਰੀਕਾ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਕੂਟਨੀਤਿਕ ਢੰਗ- ਤਰੀਕੇ ਸਬੰਧੀ ਪ੍ਰਮਾਣੂ ਸਮਝੌਤੇ ਉਪਰ ਦਸਤਖਤ ਕਰਨ ਵਾਲੇ ਦੇਸ਼ਾਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਯੂਰਪੀਅਨ ਯੂਨੀਅਨ ਦੇ ਚੋਟੀ ਦੇ ਕੂਟਨੀਤਿਕ ਅਧਿਕਾਰੀ ਵੱਲੋਂ ਦਿੱਤੇ ਜਾਣ ਵਾਲੇ ਸੰਭਾਵੀ ਸੱਦੇ ਨੂੰ ਪ੍ਰਵਾਨ ਕਰੇਗਾ। ਹਾਲਾਂ ਕਿ ਇਸ ਸਬੰਧੀ ਤਰੀਕ ਬਾਰੇ ਕੋਈ ਫੈਸਲਾ ਨਹੀਂ ਹੋ ਸਕਿਆ ਹੈ ਪਰੰਤੂ ਯੂਰਪੀ ਯੂਨੀਅਨ ਦੇ ਹਾਈ ਕਮਿਸ਼ਨਰ ਜੋਸਪ ਬੋਰੈਲ ਨੇ ਸੰਕੇਤ ਦਿੱਤਾ ਹੈ ਕਿ ਉਹ ਚਹੁੰਦੇ ਹਨ ਕਿ ਪ੍ਰਮਾਣੂ ਮੱਦੇ 'ਤੇ ਗੱਲਬਾਤ ਵਿਚ ਸ਼ਾਮਿਲ ਧਿਰਾਂ ਨੂੰ ਸੱਦਿਆ ਜਾਵੇ। ਇਥੇ ਵਰਣਨਯੋਗ ਹੈ ਕਿ ਅਮਰੀਕਾ ਨੇ 2015 ਵਿਚ ਪ੍ਰਮਾਣੂ ਸਮਝੌਤੇ ਸਬੰਧੀ ਇਰਾਨ, ਚੀਨ, ਫਰਾਂਸ, ਜਰਮਨੀ, ਰੂਸ ਤੇ ਬਰਤਾਨੀਆ ਨਾਲ ਗੱਲਬਾਤ ਕੀਤੀ ਸੀ। ਵਿਦੇਸ਼ ਵਿਭਾਗ ਦੇ ਇਕ ਹੋਰ ਅਧਿਕਾਰੀ ਨੇ ਆਪਣਾ ਨਾਂ ਨਾ ਨਸ਼ਰ ਕਰਨ ਦੀ ਸ਼ਰਤ 'ਤੇ ਪੱਤਰਕਾਰਾਂ ਨੂੰ ਦਸਿਆ ਕਿ



ਪ੍ਰਮਾਣੂ ਮੁੱਦੇ ਉਪਰ ਗੱਲਬਾਤ ਵਿੱਚ ਬਾਇਡੇਨ ਦਾ ਇਰਾਨ ਵਿਚਲਾ ਵਿਸ਼ੇਸ਼ ਦੂਤ ਰਾਬ ਮਾਲੇ ਅਮਰੀਕੀ ਦੀ ਪ੍ਰਤੀਨਿੱਧਤਾ ਕਰੇਗਾ। ਇਥੇ ਵਰਣਨਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2018 ਵਿਚ ਪ੍ਰਮਾਣੂ ਸਮਝੌਤੇ ਵਿਚੋਂ ਬਾਹਰ ਆਉਣ ਦਾ ਐਲਾਨ ਕਰ ਦਿੱਤਾ ਸੀ। ਉਨਾਂ ਦਾ ਮੰਨਣਾ ਸੀ ਕਿ ਇਹ ਸਮਝੌਤਾ ਇਰਾਨ ਦੇ ਬਾਲਿਸਟਕ ਮਿਜ਼ਾਈਲ ਪ੍ਰੋਗਰਾਮ ਨੂੰ ਖਤਮ ਕਰਨ ਲਈ ਕਾਫੀ ਨਹੀਂ ਹੈ ਤੇ ਨਾ ਹੀ ਇਹ ਸਮਝੌਤਾ ਇਰਾਨ ਨੂੰ ਖਿੱਤੇ ਵਿਚ ਅੱਤਵਾਦੀ ਗਰੁੱਪਾਂ ਦਾ ਸਮਰਥਨ ਕਰਨ ਤੋਂ ਰੋਕ ਸਕਿਆ ਹੈ। ਰਾਸ਼ਟਰਪਤੀ ਬਾਇਡੇਨ ਇਰਾਨ ਨਾਲ ਹੋਇਆ ਪ੍ਰਮਾਣੂ ਸਮਝੌਤਾ ਮੁੜ ਬਹਾਲ ਕਰਨ ਦੇ ਹੱਕ ਵਿਚ ਹਨ। ਬਾਇਡੇਨ ਪ੍ਰਸ਼ਾਸਨ ਦੇ ਸਲਾਹਕਾਰ ਕਹਿ ਚੁੱਕੇ ਹਨ ਕਿ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਤਹਿਰਾਨ ਨੂੰ ਪ੍ਰਮਾਣੂ ਹਥਿਆਰ ਲੈਣ ਤੋਂ ਰੋਕਣ ਦੀ ਹੈ। ਇਸ ਦੇ ਨਾਲ ਹੀ ਬਾਇਡੇਨ ਤੇ ਵਿਦੇਸ਼ ਮੰਤਰੀ ਐਨਟਨੀ ਬਲਿੰਕਨ ਨੇ ਵਾਰ ਵਾਰ ਕਿਹਾ ਹੈ ਕਿ ਅਮਰੀਕਾ ਸਮਝੌਤੇ ਵਿਚ ਮੁੜ ਤਾਂ ਹੀ ਸ਼ਾਮਲ ਹੋਵੇਗਾ ਤੇ ਟਰੰਪ ਪ੍ਰਸ਼ਾਸਨ ਵੱਲੋਂ ਲਾਈਆਂ ਆਰਥਕ ਪਾਬੰਦੀਆਂ ਖਤਮ ਕਰੇਗਾ ਜੇਕਰ ਪਹਿਲਾਂ ਇਰਾਨ ਸਮਝੌਤੇ ਨੂੰ ਲਾਗੂ ਕਰਨ ਲਈ ਸਹਿਮਤ ਹੋਵੇਗਾ। ਇਰਾਨ ਨੇ ਟਰੰਪ ਪ੍ਰਸ਼ਾਸਨ ਵੱਲੋਂ ਲਾਈਆਂ ਆਰਥਕ ਪਾਬੰਦੀਆਂ ਉਪਰੰਤ 2019 ਵਿਚ ਸਮਝੌਤੇ ਨੂੰ ਤੋੜ ਦਿੱਤਾ ਸੀ ਤੇ ਸਮਝੌਤੇ ਵਿਚ ਨਿਰਧਾਰਤ ਸੀਮਾ ਤੋਂ ਵਧ ਉੱਚ ਪੱਧਰ 'ਤੇ ਯੂਰੇਨੀਅਮ ਬਣਾਉਣਾ ਸ਼ੁਰੂ ਕਰ ਦਿੱਤਾ ਸੀ।

# ਕੈਪੀਟਲ ਹਿੱਲ ਸਾਜਿਸ਼ ਮਾਮਲੇ ਵਿਚ 6 ਹੋਰ ਦੋਸ਼ੀ ਨਾਮਜ਼ਦ

**ਸੈਕਰਾਮੈਂਟੋ, ਕੈਲੀਫੋਰਨੀਆ 20 ਫਰਵਰੀ-** ਸੰਘੀ ਵਕੀਲਾਂ ਨੇ ਕੈਪੀਟਲ ਹਿੱਲ ਹਮਲੇ ਦੀ ਸਾਜਿਸ਼ ਵਿਚ 6 ਹੋਰ ਦੋਸ਼ੀਆਂ ਨੂੰ ਨਾਮਜਦ ਕੀਤਾ ਹੈ। ਦੋਸ਼ ਲਾਇਆ ਗਿਆ ਹੈ ਕਿ ਇਨਾਂ ਨੇ ਪੈਰਾ ਮਿਲਟਰੀ ਓਥ ਕੀਪਰਜ਼ ਗਰੁੱਪੋ ਨਾਲ ਤਾਲਮੇਲ ਕਰਕੇ 6 ਜਨਵਰੀ ਨੂੰ ਕੈਪੀਟਲ ਹਿੱਲ ਉਪਰ ਹੋਏ ਹਮਲੇ ਵਿੱਚ ਕਥਿੱਤ ਭੂਮਿਕਾ ਨਿਭਾਈ। ਸੰਘੀ ਵਕੀਲਾਂ ਅਨੁਸਾਰ ਇਕ ਸ਼ੱਕੀ ਦੋਸ਼ੀ ਫਲੋਰੀਡਾ ਦਾ ਰਹਿਣ ਵਾਲਾ ਕੈਲੀ ਮੈਗਸ (52) ਹੈ ਜਿਸ ਨੇ ਫੇਸ ਬੁੱਕ ਉਪਰ ਚਲਾਈ ਮੁਹਿੰਮ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਿੱਧੇ ਤੌਰੋਂ ਤੇ ਨਾਂ ਲੈ ਕੇ ਲੋਕਾਂ ਨੂੰ 6 ਜਨਵਰੀ ਨੂੰ ਵਾਸ਼ਿੰਗਟਨ ਵਿਚ ਪੈਰ-ਦਰਸ਼ਨ ਲਈ ਪਹੁੰਚਣ ਦਾ ਸੱਦਾ ਦਿੱਤਾ ਜੋ ਪੈਰਦਰਸ਼ਨ ਬਾਅਦ ਵਿਚ ਹਿੰਸਕ ਹੋ ਗਿਆ ਜਿਸ ਵਿਚ ਇਕ ਪੁਲਿਸ ਅਫਸਰ ਸਮੇਤ 5 ਵਿਅਕਤੀ ਮਾਰੇ ਗਏ। ਮੈਗਸ ਨੇ ਫੇਸ ਬੁੱਕ ਉਪਰ ਲਿਖਿਆ ਟਰੰਪ ਨੇ ਪੈਰਚੰਡ ਪੈਰਦਰਸ਼ਨ ਕਰਨ ਲਈ ਕਿਹਾ ਹੈ, ਉਹ ਚਹੁੰਦਾ ਹੈ ਕਿ ਅਸੀਂ ਹਿੰਸਕ ਹੋਈਏ, ਉਸ ਨੇ ਸਾਨੂੰ ਰਾਜਧਾਨੀ ਵਿਚ ਪੁੱਜਣ ਲਈ ਕਿਹਾ ਹੈ। ਇਥੇ ਜਿਕਰਯੋਗ ਹੈ ਕਿ ਓਥ ਕੀਪਰਜ਼ ਗਰੁੱਪ ਮੌਜੂਦਾ ਤੇ ਸਾਬਕਾ ਫੌਜੀਆਂ, ਲਾਅ ਇਨਫੋਰਸਮੈਂਟ ਤੇ ਹੋਰ ਸੁਰੱਖਿਆ ਅਮਲੇ ਦੀ ਭਰਤੀ ਕਰਨ ਲਈ ਜਾਣਿਆ ਜਾਂਦਾ ਹੈ। ਹਮਲੇ ਵਾਲੇ ਦਿਨ ਸੰਘੀ ਵਕੀਲਾਂ ਨੇ ਓਥ ਗਰੁੱਪ ਦੇ 8 ਮੈਂਬਰਾਂ ਵਿਰੁੱਧ ਦੋਸ਼ ਆਇਦ ਕੀਤੇ ਸਨ। ਨਵੇਂ ਨਾਮਜ਼ਦ ਕੀਤੇ ਦੋਸ਼ੀਆਂ ਵਿਚ ਮੈਗਸ ਤੋਂ ਇਲਾਵਾ ਉਸ ਦੀ ਪਤਨੀ ਕੋਨੀ ਮੈਗਸ (59), ਉਤਰੀ ਕੈਰੋਲੀਨਾ ਵਾਸੀ ਲੌਰਾ ਸਟੀਲ (52) , ਗਰੇਡੋਨ ਯੰਗ 54 ਫਲੋਰੀਡਾ, ਓਹੀਓ ਵਾਸੀ ਬੈਨੀ ਪਾਰਕਰ ਤੇ ਉਸ ਦੀ ਪਤਨੀ ਸਾਂਡਰਾ ਪਾਰਕਰ (60) ਸ਼ਾਮਿਲ ਹਨ।




# ਪਤਨੀ ਨੂੰ ਮਾਰਨ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ ਉਪਰ ਚਲਾਈਆਂ ਗੋਲੀਆਂ, 2 ਅਧਿਕਾਰੀ ਜ਼ਖਮੀ, ਖੁਦ ਵੀ ਕੀਤੀ ਖੁਦਕੱਸ਼ੀ

**ਸੈਕਰਾਮੈਂਟੋ, ਕੈਲੀਫੋਰਨੀਆ 20 ਫਰਵਰੀ-** ਡਲਾਸ (ਟੈਕਸਾਸ) ਸ਼ਹਿਰ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ ਨੂੰ ਗੋਲੀ ਮਾਰ ਕੇ ਮਾਰਨ ਉਪਰੰਤ ਮੌਕੇ ਤੇ ਪੁੱਜੀ ਪੁਲਿਸ ਉਪਰ ਵੀ ਗੋਲੀਆਂ ਚਲਾ ਦਿੱਤੀਆਂ ਜਿਸ ਦੌਰਾਨ 2 ਪੁਲਿਸ ਅਧਿਕਾਰੀ ਜ਼ਖਮੀ ਹੋ ਗਏ। ਪੁਲਿਸ ਮੁੱਖੀ ਈਡੀ ਗਾਰਸੀਆ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ 57 ਸਾਲਾ ਸਰਗੀਓ ਸਾਂਚੇਜ ਵਜੋਂ ਹੋਈ ਹੈ। ਸਾਂਚੇਜ ਨੇ ਖੁਦ ਪੁਲਿਸ ਨੂੰ ਫੋਨ ਕਰਕੇ ਦੱਸਿਆ ਕਿ ਉਸ ਨੇ ਆਪਣੀ ਪਤਨੀ ਮਾਰ ਦਿੱਤੀ ਹੈ। ਜਿਉਂ ਹੀ ਪੁਲਿਸ ਘਟਨਾ ਸਥਾਨ ਤੇ ਪੁੱਜੀ ਤਾਂ ਸਾਂਚੇਜ ਨੇ ਉਸ ਉਪਰ ਗੋਲੀਆਂ ਚਲਾ ਕੇ 2 ਪੁਲਿਸ ਅਧਿਕਾਰੀਆਂ ਨੂੰ ਜਖਮੀ ਕਰ ਦਿੱਤਾ ਜਿਨਾਂ ਦੀ ਹਾਲਤ ਸਥਿੱਰ ਹੈ। ਬਾਅਦ ਵਿਚ ਦੋਸ਼ੀ ਨੇ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਗਾਰਸੀਆ ਅਨੁਸਾਰ ਪੁਲਿਸ ਨੇ ਦੋਸ਼ੀ ਉਪਰ ਗੋਲੀ ਨਹੀਂ ਚਲਾਈ। ਉਨਾਂ ਨੇ ਡਲਾਸ ਦੇ ਅੱਗ ਬੁਝਾਊ ਅਮਲੇ ਦੀ ਪੈਰਸੰਸਾ ਕੀਤੀ ਜਿਨਾਂ ਨੇ ਤੁਰੰਤ ਮੌਕੇ ਤੇ ਪਹੁੰਚ ਕੇ ਜ਼ਖਮੀ ਪੁਲਿਸ ਅਧਿਕਾਰੀਆਂ ਨੂੰ ਹਸਪਤਾਲ ਦਾਖਲ ਕਰਵਾਇਆ। ਗਾਰਸੀਆ ਨੇ ਕਿਹਾ ਕਿ ਉਨਾਂ ਵੱਲੋਂ ਸ਼ਹਿਰ ਵਿਚ ਪੁਲਿਸ ਮੁੱਖੀ ਵਜੋਂ ਅਹੁੱਦਾ ਸੰਭਾਲਣ ਦੇ ਢਾਈ ਹਫਤਿਆਂ ਦੌਰਾਨ ਘਰੇਲੂ ਹਿੰਸਾ ਦੀ ਵਾਪਰੀ ਇਹ ਦੂਸਰੀ ਘਟਨਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਸਾਨੂੰ ਇਸ ਮਾਮਲੇ ਵਿਚ ਸਖਤ ਮਿਹਨਤ ਕਰਨ ਦੀ ਲੋੜ ਹੈ।

# ਯੂਨਾਈਟਿਡ ਏਅਰਲਾਈਨਜ਼ ਦੇ ਜਹਾਜ਼ ਵਿਚ ਪਿਆ ਨੁਕਸ, 231 ਯਾਤਰੀ ਵਾਲ ਵਾਲ ਬਚੇ

**ਸੈਕਰਾਮੈਂਟੋ , ਕੈਲੀਫੋਰਨੀਆ 21 ਫਰਵਰੀ-** ਯੂਨਾਈਟਿਡ ਏਅਰਲਾਈਨਜ਼ ਦੇ ਜਹਾਜ਼ ਦੇ ਇੰਜਣ ਵਿਚ ਉਡਾਣ ਤੋਂ ਬਾਅਦ ਨੁਕਸ ਪੈਣ ਕਾਰਨ ਉਸ ਨੂੰ ਹੰਗਾਮੀ ਹਾਲਤ ਵਿਚ ਵਾਪਿਸ ਡੈਨਵਰ ਦੇ ਇੰਟਰਨੈਸ਼ਨਲ ਏਅਰ ਪੋਰਟ ਉਪਰ ਉਤਾਰਨਾ ਪਿਆ। ਜਹਾਜ਼ ਵਿਚ ਸਵਾਰ 231 ਯਾਤਰੀ ਵਾਲ ਵਾਲ ਬਚ ਗਏ ਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਉਤਰਨ ਤੋਂ ਪਹਿਲਾਂ ਜਹਾਜ਼ ਵਿਚੋਂ ਮਲਬਾ ਡਿੱਗਾ। ਜਹਾਜ਼ ਨੇ ਡੈਨਵਰ ਇੰਟਰਨੈਸ਼ਨਲ ਏਅਰਪੋਰਟ ਤੋਂ ਡੈਨੀਅਲ ਕੇ ਇੰਟਰਨੈਸ਼ਨਲ ਏਅਰਪੋਰਟ ਹੋਨੋਲੂਲੂ ਲਈ 12 ਵਜ ਕੇ 49 ਮਿੰਟ ਤੇ ਉਡਾਨ ਭਰੀ ਸੀ। ਬੋਇੰਗ-777 ਜਹਾਜ਼ ਦੇ ਇੰਜਣ ਵਿਚ ਅਚਾਨਕ ਆਈ ਖਰਾਬੀ ਕਾਰਨ 45 ਮਿੰਟਾਂ ਬਾਅਦ ਇਸ ਨੂੰ ਵਾਪਿਸ ਡੈਨਵਰ ਏਅਰਪੋਰਟ ਤੇ ਹੰਗਾਮੀ ਹਾਲਤ ਵਿਚ ਸੁਰੱਖਿਅਤ ਉਤਾਰ ਲਿਆ ਗਿਆ। ਏਅਰਪੋਰਟ ਦੇ ਬੁਲਾਰੇ ਅਲੈਕਸ ਰੈਨਟੇਰੀਆ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਯਾਤਰੀ ਸੁਰੱਖਿਅਤ ਹਨ। ਉਨਾਂ ਕਿਹਾ ਕਿ ਜਹਾਜ਼ ਵਿਚੋਂ ਜੋ ਮਲਬਾ ਡਿੱਗਾ ਹੈ ਉਸ ਸਬੰਧੀ ਉਨਾਂ ਨੂੰ ਕੋਈ ਵੇਰਵਾ ਨਹੀਂ ਮਿਲਿਆ ਹੈ ਪਰ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਇਸ ਮਲਬੇ ਤੋਂ ਦੂਰ ਰਹਿਣ ਤੇ ਇਸ ਨੂੰ ਹੱਥ ਨਾ ਲਾਉਣ। ਇਸ ਦੀ ਜਾਂਚ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਕੀਤੀ ਜਾਵੇਗੀ। ਮਲਬੇ ਦਾ ਕੁਝ ਹਿੱਸਾ ਕੋਲੋਰਾਡੋ ਵਿਚ ਇਕ ਘਰ ਦੇ ਬਿਲਕੁੱਲ ਨੇੜੇ ਡਿੱਗਾ। ਮੁਸਾਫਿਰਾਂ ਨੂੰ ਬਾਅਦ ਵਿਚ ਕਿਸੇ ਹੋਰ ਜਹਾਜ਼ ਵਿਚ ਉਨਾਂ ਦੀ ਮੰਜਿਲ ਤੇ ਭੇਜਿਆ ਜਾਵੇਗਾ।



# ਡਰੱਗ ਦੀ ਦੁਨੀਆਂ ਦੇ ਬਾਦਸ਼ਾਹ ਗੁਜ਼ਮੈਨ ਦੀ ਪਤਨੀ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫਤਾਰ

**ਸੈਕਰਾਮੈਂਟੋ 23 ਫਰਵਰੀ -** ਉਮਰ ਭਰ ਲਈ ਜੇਲ ਵਿਚ ਬੰਦ ਡਰੱਗ ਦੀ ਦੁਨੀਆ ਦੇ ਬਾਦਸ਼ਾਹ ਐਲ ਚਾਪੋ ਗੁਜ਼ਮੈਨ ਦੀ ਪਤਨੀ ਨੂੰ ਵਾਸ਼ਿੰਗਟਨ ਡੀ ਸੀ ਏਅਰਪੋਰਟ 'ਤੇ ਹੈਰੋਇਨ, ਕੋਕੀਨ ਤੇ ਚਰਸ ਆਦਿ ਨਸ਼ਿਆਂ ਦੀ ਤਸਕਰੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ। 31 ਸਾਲਾਂ ਦੀ ਈਮਾ ਕੋਰੋਨਲ ਏਸਪੁਰੋ ਅਮ-ਰੀਕਾ ਤੇ ਮੈਕਸੀਕੋ ਦੀ ਦੋਹਰੀ ਨਾਗਰਿਕਤਾ ਰਖਦੀ ਹੈ। ਉਸ ਦਾ ਪਤੀ ਗੁਜ਼ਮੈਨ ਮੈਕਸੀਕੋ ਦੇ ਸਿਨਾਲੋਆ ਨਸ਼ਾ ਗਿਰੋਹ ਦਾ ਸਰਗਨਾ ਹੈ ਜੋ ਨਸ਼ਾ ਤਸਕਰੀ ਦੇ ਮਾਮਲੇ ਵਿਚ ਉਮਰ ਕੈਦ ਕੱਟ ਰਿਹਾ ਹੈ। ਉਸ ਨੂੰ ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।



# ਗੰਨ ਸਟੋਰ ਵਿਚ ਸ਼ੱਕੀ ਵਿਅਕਤੀ ਨੇ ਗੋਲੀਆਂ ਚਲਾ ਕੇ 2 ਲੋਕਾਂ ਦੀ ਕੀਤੀ ਹੱਤਿਆ, ਖੁਦ ਵੀ ਮਾਰਿਆ ਗਿਆ

**ਸੈਕਰਾਮੈਂਟੋ , ਕੈਲੀਫੋਰਨੀਆ 21 ਫਰਵਰੀ-** ਨਿਊ ਓਰਲੀਨਜ਼ ਦੇ ਨੀਮ ਸ਼ਹਿਰੀ ਖੇਤਰ ਮੈਟੇਰੀ ਵਿਚ ਇਕ ਗੰਨ ਸਟੋਰ ਵਿਚ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੀ ਮੌਤ ਹੋ ਗਈ। ਸ਼ੈਰਿਫ ਜੋਸਫ ਲੋਪਿੰਟੋ ਨੇ ਕਿਹਾ ਹੈ ਕਿ ਇਕ ਸ਼ੱਕੀ ਵਿਅਕਤੀ ਨੇ ਜੈਫਰਸਨ ਗੰਨ ਆਊਟਲੈਟ ਵਿਚ ਗੋਲੀਆਂ ਚਲਾ ਕੇ ਦੋ ਵਿਅਕਤੀਆਂ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਜੋ ਬਾਅਦ ਵਿਚ ਦਮ ਤੋੜ ਗਏ। ਗੰਨ ਸਟੋਰ ਵਿਚ ਮੌਜੂਦ ਹੋਰ ਗਾਹਕਾਂ ਤੇ ਮੁਲਾਜ਼ਮਾਂ ਨੇ ਵੀ ਆਪੋ ਆਪਣੇ ਹੱਥਿਆਰਾਂ ਨਾਲ ਸ਼ੱਕੀ ਵਿਅਕਤੀ ਉਪਰ ਗੋਲੀਆਂ ਚਲਾ ਕੇ ਉਸ ਨੂੰ ਢੇਰ ਕਰ ਦਿੱਤਾ। ਲੋਪਿੰਟੋ ਨੇ ਦੱਸਿਆ ਕਿ ਇਸ ਘਟਨਾ ਵਿਚ ਦੋ ਵਿਅਕਤੀ ਜ਼ਖਮੀ ਵੀ ਹੋਏ ਹਨ ਜਿਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਨਾਂ ਦੀ ਹਾਲਤ ਸਥਿੱਰ ਹੈ। ਉਨਾਂ ਕਿਹਾ ਕਿ ਗੰਨ ਸਟੋਰ ਵਿਚ ਕਈ ਪਾਸਿਆਂ ਤੋਂ ਗੋਲੀਆਂ ਚੱਲੀਆਂ ਤੇ ਇਸ ਸਬੰਧੀ ਕੜੀਆਂ ਜੋੜਨ ਲਈ ਜਾਂਚ ਕੀਤੀ ਜਾ ਰਹੀ ਹੈ। ਸ਼ੈਰਿਫ ਨੇ ਕਿਹਾ ਕਿ ਸੱਚਾਈ ਤੱਕ ਪੁੱਜਣ ਲਈ ਘਟਨਾ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ। ਉਨਾਂ ਕਿਹਾ ਕਿ ਘਟਨਾ ਵਿਚ ਮਾਰੇ ਗਏ ਜਾਂ ਜ਼ਖਮੀ ਹੋਏ ਲੋਕਾਂ ਦੀ ਅਜੇ ਪਛਾਣ ਨਹੀਂ ਹੋਈ ਹੈ।




# ਬਸਪਾ ਪੰਜਾਬ ਤੇ ਕਾਰਪੋਰੇਸ਼ਨ/ਨਗਰ ਕੌਂਸਿਲ ਚੋਣਾਂ ਸਬੰਧੀ ਪੜਚੋਲ ਅਤੇ ਭਵਿੱਖੀ ਰੂਪ ਰੇਖਾ ਸਬੰਧੀ ਸੂਚਨਾ

ਬਸਪਾ ਪੰਜਾਬ ਵਲੋਂ 1984 ਤੋਂ ਬਾਅਦ ਦੂਜੀ ਵਾਰ ਕਾਰਪੋਰੇਸ਼ਨ/ਨਗਰ ਕੌਂਸਿਲ ਚੋਣਾਂ ਲੜੀਆਂ ਗਈਆਂ ਹਨ। ਪਹਿਲੀ ਵਾਰ 1994 ਵਿਚ ਇਹ ਚੋਣਾਂ ਪਾਰਟੀ ਨੇ ਚੋਣ ਨਿਸ਼ਾਨ ਤੇ ਲੜੀਆਂ ਸਨ। ਸਾਲ 2021 ਦੀਆਂ ਚੋਣਾਂ ਫਰਵਰੀ ਵਿਚ ਹੋਈਆਂ। ਸਾਰੇ ਬਸਪਾ ਦੇ ਕਾਰਕੁੰਨ ਜਾਣਦੇ ਹਨ ਕਿ ਬਸਪਾ ਦਾ ਹਰ ਸਾਲ ਆਰਥਿਕ ਸਹਿਜੋਗ ਦਿਵਸ ਮੌਕੇ ਪਾਰਟੀ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਦਾ ਪੈਰੋਗਰਾਮ ਚਲਦਾ ਹੈ। ਇਸ ਸਾਲ ਵੀ ਲਗਾਤਾਰ ਤਿੰਨ ਮਹੀਨੇ ਆਰਥਿਕ ਸਹਿਜੋਗ ਲਈ (ਨਵੰਬਰ ਦਸੰਬਰ ਜਨਵਰੀ) ਪੈਰੋਗਰਾਮ ਤਹਿਤ ਟੀਚੇ ਪੂਰੇ ਕਰਨ ਲਈ ਲੱਗੇ ਰਹੇ, ਜਿਸ ਵਿਚ ਪੂਰੇ ਦੇਸ਼ ਵਿੱਚੋ ਇਸ ਵਾਰ ਬਸਪਾ ਪੰਜਾਬ ਯੂਨਿਟ ਦੀ ਕਾਰਗੁਜ਼ਾਰੀ ਬਹੁਤ ਹੀ ਤਸੱਲੀਬਖ਼ਸ਼ ਰਹੀ। ਇਸ ਵਿਚੋਂ ਅਸੀਂ 1 ਫਰਵਰੀ ਨੂੰ ਥੋੜਾ ਜਿਹਾ ਵੇਹਲੇ ਹੋਏ। ਅਸੀ ਤੁਰੰਤ ਹੀ ਪਾਰਟੀ ਨਿਸ਼ਾਨ ਤੇ ਇਕੱਲੇ ਚੋਣਾਂ ਲੜਨ ਦਾ ਫੈਂਸਲਾ ਲਿਆ। ਕੱਚੀ ਪਿੱਲੀ ਤਿਆਰੀ ਨਾਲ ਅਸੀਂ ਨਿਸ਼ਾਨ ਉਪਰ 100 ਦੇ ਲਗਭਗ ਉਮੀਦਵਾਰ ਉਤਾਰੇ ਅਤੇ 100 ਦੇ ਕਰੀਬ ਹੀ ਪਾਰਟੀ ਦੇ ਸਮਰਥਕ ਤੇ ਅਹੁਦੇਦਾਰ ਅਜ਼ਾਦ ਤੌਰ ਤੇ ਲੜੇ। ਪਾਰਟੀ ਦੇ ਪੰਜ ਉਮੀਦਵਾਰ ਚੋਣ ਨਿਸ਼ਾਨ ਉਪਰ ਅਤੇ 17 ਉ-ਮੀਦਵਾਰ ਬਸਪਾ ਦੇ ਅਜ਼ਾਦ ਤੌਰ ਉਪਰ ਜਿੱਤੇ। ਇੰਜ ਕੁੱਲ 22 ਉਮੀਦਵਾਰ ਜਿੱਤੇ, ਜਦੋਂ ਕਿ ਦੂਜਿਆਂ ਸਾਰੀਆਂ ਪਾਰਟੀਆਂ ਨੇ 1000 ਤੋਂ ਲੈਕੇ 1500 ਤਕ ਉਮੀਦਵਾਰ ਖੜੇ ਕੀਤੇ ਲੇਕਿਨ ਜਿੱਤ ਪੈਰਤੀਸ਼ਤ ਵਿਚ ਬਸਪਾ ਤੋਂ ਪਛੜ ਗਏ। ਵੱਖ ਵੱਖ ਅਖ਼ਬਾਰਾਂ ਨੇ ਇਸ ਗੱਲ ਦਾ ਚੋਣ ਵਿਚਲੇਸ਼ਣ ਕੀਤਾ ਹੈ।

ਉਪਰੋਤਕ ਹਾਲਾਤਾਂ ਵਿੱਚ ਸਾਡੀ ਤਾਕਤ ਤੇ ਕਮਜੋਰੀ ਸਾਡੇ ਸਾਹਮਣੇ ਆਈ ਹੈ। ਅਸੀ ਆਪਣੀ ਲੀਡਰਸ਼ੈਪ ਦੀ ਸਮਰੱਥਾ ਦੀ ਪਛਾਣ ਕੀਤੀ ਹੈ ਕਿ ਉਹ ਸਾਰੇ ਆਪਣੇ ਆਪਣੇ ਖੇਤਰਾਂ ਵਿਚ ਕਿੱਥੇ ਖੜੈਹੇ ਹਨ। ਅਸੀ ਸ਼ਹਿਰਾਂ ਵਿਚ ਜਿਥੇ ਚੋਣ ਲੜੀ ਉਥੇ ਬਸਪਾ ਵਰਕਰਾਂ ਦੀਆਂ ਮਜ਼ਬੂਤ ਟੀਮਾਂ ਬਣਾਉਣ ਵਿਚ ਅੱਗੇ ਵਧਾਗੇ। ਅਸੀ 22 ਉਮੀਦਵਾਰਾਂ ਦੀ ਜਿੱਤ ਨਾਲ ਆਪਣੇ ਵਰਕਰ ਤੇ ਲੀਡਰਸ਼ੈਪ ਦੇ ਹੌਂਸਲੇ ਮਜ਼ਬੂਤ ਕਰਨ ਵਿਚ ਕਾਮਯਾਬ ਹੋਏ ਹਾਲਾਂਕਿ ਮੁੱਖ ਜਿੱਤ 2022 ਦੀ ਹੋਵੇਗੀ। ਅਸੀ ਅਜਿਹਾ ਵਾਤਾਵਰਨ ਸਿਰਜਣ ਵਿਚ ਕਾਮਜਾਬ ਹੋਏ ਕਿ ਸਥਾਨਿਕ ਚੋਣਾਂ ਵੀ ਪਾਰਟੀ ਨੂੰ ਜਰੂਰ ਲੜਨੀਆਂ ਚਾਹੀਦੀਆਂ ਹਨ ਤਾਂਕਿ ਲੀਡਰਸ਼ੈਪ ਦਾ ਸੰਗਠਨ ਢਾਂਚਾ ਚੁਸਤ ਦਰੁਸਤ ਰਹੇ। ਸਾਰੀ ਲੀਡਰਸ਼ੈਪ, ਵਰਕਰ ਸਾਹਿਬਾਨ ਅਤੇ ਸਮਰਥਕਾਂ ਸਹਿਜੋਗੀਆਂ ਦਾ ਬਸਪਾ ਪੰਜਾਬ ਧੰਨਵਾਦ ਕਰਦੀ ਹੈ।

18 ਫਰਵਰੀ ਨੂੰ ਸੂਬਾ ਪੱਧਰੀ ਮੰਥਨ ਮੀਟਿੰਗ ਕੀਤੀ ਗਈ, ਜੋਕਿ ਲਗਾਤਾਰ 6 ਘੰਟੇ ਚੱਲੀ, ਜਿਸ ਵਿਚ ਪਾਰਟੀ ਦੇ ਢਾਂਚੇ ਨੂੰ ਚੁਸਤ ਦਰੁਸਤ ਕਰਨ ਲਈ ਅਹਿਮ ਵਿਚਾਰਾਂ ਹੋਈਆਂ।

ਬਲਾਚੌਰ ਵਿਧਾਨ ਸਭਾ ਦਾ 9 ਫਰਵਰੀ ਨੂੰ ਕੇਡਰ ਕੈਂਪ ਹੋਵੇਗਾ, ਜਿਸ ਵਿਚ ਬਲਾਚੌਰ ਵਿਧਾਨ ਦੀਆਂ 100 ਯੂਨਿਟਾਂ ਨੂੰ 15 ਮਾਰਚ ਤੋਂ ਪਹਿਲਾਂ ਤੱਕ ਬਣਾਇਆ ਜਾਵੇਗਾ, ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ 100 ਦੇ ਕਰੀਬ 40/50 ਦੀ ਸਮਰੱਥਾ ਵਾਲੇ ਵਹਿਕਲ ਰੈਲੀ ਵਾਸਤੇ ਤਿਆਰ ਕਰਨ ਲਈ ਯੋਜਨਾਬੰਦੀ ਤੇ ਕੰਮ ਦੀ ਵੰਡ ਕੀਤੀ ਜਾਵੇਗੀ। !21 ਫਰਵਰੀ! ਨੂੰ ਸੂਬਾ ਪੱਧਰੀ ਬਾਮਸੇਫ ਦੀ ਮੀਟਿੰਗ ਅਤੇ !22 ਫਰਵਰੀ! ਨੂੰ ਬਸਪਾ ਪੰਜਾਬ ਦੀ ਵਿਧਾਨ ਸਭਾ ਦੇ ਪ੍ਰਧਾਨ ਪੱਧਰ ਤਕ ਦੀ ਹੋਵੇਗੀ ਜਿਸ ਵਿਚ ਸਾਰੀ ਸੂਬਾ ਕਮੇਟੀ, ਜੋਨ ਇੰਚਾਰਜ, ਜਿਲੈਹਾ ਪ੍ਰਧਾਨ ਅਤੇ ਵਿਧਾਨ ਸਭਾ ਦੇ ਪ੍ਰਧਾਨ ਸ਼ਾਮਿਲ ਹੋਣਗੇ। ਇਸ ਮੀਟਿੰਗ ਪਾਰਟੀ ਦੇ ਜਿੱਤੇ ਕੌਂਸਲਰ, ਅਤੇ ਦੂਜੀਆਂ ਪੁਜੀਸ਼ਨਾਂ ਉਪਰ ਰਹੇ ਸਾਰੇ ਉਮੀਦਵਾਰ ਵੀ ਸ਼ਾਮਿਲ ਹੋਣਗੇ, ਜਿਹਨਾਂ ਦੀ ਹਾਜ਼ਰੀ ਲਈ ਕੌਸਲ ਦੇ ਸੰਬੰਧਿਤ ਜਿੰਮੇਵਾਰ ਸੂਬਾ ਆਗੂ ਤੇ ਜਿਲੈਹਾ ਪ੍ਰਧਾਨ ਹੋਣਗੇ। ਜੇਤੂ ਕੌਂਸਲਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਬਸਪਾ ਦੇ ਰਾਜ 'ਚ ਸਾਰੀਆਂ ਅਸਾਮੀਆਂ ਸੁਰਜੀਤ ਕਰਾਂਗੇ-ਗੜ੍ਹੀ

## ਮਿਸ਼ਨ 'ਲਾਲ ਲਕੀਰ' ਨੂੰ ਕਾਂਗਰਸ ਵਲੋਂ ਦੇਰੀ ਨਾਲ ਲਿਆ ਫੈਸਲਾ ਦੱਸਿਆ





**ਨਵਾਂ ਸ਼ਹਿਰ–** ਬਹੁਜਨ ਸਮਾਜ ਪਾਰਟੀ ਦੇ ਜਿੱਤੇ ਕੌਂਸਲਰ ਸ਼੍ਰੀ ਗੁਰਮੁਖ ਸਿੰਘ ਨੌਰਥ ਦੇ ਗ੍ਰਹਿ ਨਿਵਾਸ ਵਿਖੇ ਰੱਖੇ ਸੁਖਮਨੀ ਸਾਹਿਬ ਦੇ ਭੋਗ ਮੌਕੇ ਬਸਪਾ ਵਰਕਰਾਂ ਤੇ ਸਮਰਥਕਾਂ ਦਾ ਵਿਆਹ ਵਾਂਗ ਵਿਸ਼ਾਲ ਇਕੱਠ ਹੋਇਆ, ਜਿਸ ਵਿਚ ਬਸਪਾ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਿਲ ਹੋਏ। ਇਸ ਮੌਕੇ ਬੋਲਦਿਆਂ ਬਸਪਾ ਪੰਜਾਬ ਪ੍ਰਧਾਨ ਗੜ੍ਹੀ ਨੇ ਕਿਹਾ ਕਿ ਪੰਜਾਬ 'ਚ ਉਹਨਾਂ ਦੀ ਪਾਰਟੀ ਦਾ ਰਾਜ ਆਉਣ 'ਤੇ ਹੁਣ ਤੱਕ ਦੀਆਂ ਸਰਕਾਰਾਂ ਵਲੋਂ ਖ਼ਤਮ ਕੀਤੀਆਂ ਸਾਰੀਆਂ ਆਸਾਮੀਆਂ ਨੂੰ ਮੁੜ ਸੁਰਜੀਤ ਕੀਤਾ ਜਾਵੇਗਾ। ਉਹਨਾਂ ਇੱਥੇ ਇੱਹ ਪੱਖ ਰੱਖਦਿਆਂ ਕਿ ਇੱਕ ਪਾਸੇ ਕੈਪਟਨ ਸਰਕਾਰ ਨੇ 3720 ਆਸਾਮੀਆਂ ਖ਼ਤਮ ਕਰ ਦਿੱਤੀਆਂ ਹਨ ਦੂਜੇ ਪਾਸੇ ਬੀਤੇ ਕਲ੍ਹ ਦੀ ਕੈਬਨਿਟ 'ਚ 1875 ਨਵੀਆਂ ਆਸਾਮੀਆਂ ਦਾ ਮਤਾ ਪਾਕੇ ਰਾਜਨੀਤੀ ਖੇਡੀ ਹੈ। ਕਿਉਂਕਿ ਕਾਂਗਰਸ ਸਰਕਾਰ ਦਾ ਘਰ ਘਰ ਨੌਕਰੀ ਦੇਣ ਦਾ ਚੋਣ ਮਨੋਰਥ ਪੱਤਰ ਦਾ ਵਾਅਦਾ ਝੂਠਾ ਸਾਬਿਤ ਹੋ ਚੁੱਕਾ ਹੈ।

ਸ. ਗੜ੍ਹੀ ਨੇ ਪੰਜਾਬ ਸਰਕਾਰ ਵਲੋਂ ਐਲਾਨੇ 'ਲਾਲ ਲਕੀਰ' ਮਿਸ਼ਨ 'ਤੇ ਤੰਜ਼ ਕੱਸਦਿਆਂ ਕਿਹਾ ਕਿ ਕਾਂਗਰਸ ਦਾ ਫ਼ੈਸਲਾ ਸੂਬੇ ਅੰਦਰ ਨਗਰ ਕੌਂਸਲ ਚੋਣਾ 'ਚ ਬਸਪਾ ਦੇ ਆਏ ਉਭਾਰ ਤੋਂ ਡਰਦਿਆਂ ਕੀਤਾ ਗਿਆ ਹੈ। ਉਹਨਾਂ ਪੰਜਾਬ 'ਚ ਪਹਿਲਾਂ ਕਈ ਵਾਰ ਰਹੇ ਕਾਂਗਰਸ ਦੇ ਰਾਜ 'ਚ ਇਹ ਫ਼ੈਸਲਾ ਨਾ ਚੁੱਕੇ ਜਾਣ 'ਤੇ ਸਵਾਲ ਕੀਤਾ। ਉਹਨਾਂ ਦੱਸਿਆ ਕਿ ਲਾਲ ਲਕੀਰ ਦੇ ਅੰਦਰ ਵਾਲੀਆਂ ਥਾਵਾਂ 'ਤੇ ਜਿਆਦਾ ਗਿਣਤੀ ਦਲਿਤ ਤੇ ਛੋਟੇ ਕਿਸਾਨਾਂ ਦੀ ਹੋਣ ਕਰਕੇ ਕਾਂਗਰਸ ਸਰਕਾਰ ਉਹਨਾਂ ਨੂੰ ਬਸਪਾ ਨਾਲ ਜੁੜਦਿਆਂ ਦੇਖ ਕੇ ਡਰੀ ਹੋਈ ਹੈ। ਜਦੋਂਕਿ ਅਜ਼ਾਦੀ ਦੇ 73 ਸਾਲਾਂ ਵਿਚ ਕਾਂਗਰਸ ਸਰਕਾਰ ਨੂੰ ਸੂਬੇ ਅੰਦਰ ਵਸ ਰਹੇ ਲਾਲ ਲੀਕ ਦੇ ਵਸਨੀਕਾਂ ਦੀ ਕਦੀ ਵੀ ਸੁਧ ਬੁੱਧ ਨਹੀਂ ਲਈ ਹੈ। ਨਗਰ ਕੌਂਸਲ ਚੋਣਾਂ 'ਚ ਬਸਪਾ ਦੀ ਹਾਜ਼ਰੀ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਬਸਪਾ ਮੁੱਖੀ ਨੇ ਕਿਹਾ ਕਿ ਇਹਨਾਂ ਚੋਣਾਂ 'ਚ ਬਸਪਾ ਨੇ ਪਹਿਲੀ ਵਾਰ ਆਪਣੇ ਚੋਣ ਨਿਸ਼ਾਨ ਤੇ ਹਿੱਸਾ ਲਿਆ ਸੀ ਜਿਸ ਦੇ ਨਤੀਜੇ ਸਾਰਥਿਕ ਨਿਕਲੇ ਹਨ ਅਤੇ ਸੂਬੇ ਭਰ 'ਚ ਬਸਪਾ ਦੀ ਉਮੀਦਵਾਰਾਂ ਦੇ ਪੱਧਰ ਤੇ ਜਿੱਤ ਫ਼ੀਸਦੀ 13.75 ਹੋਣਾ ਵੱਡੀ ਪ੍ਰਾਪਤੀ ਹੈ। ਇਸ ਮੌਕੇ ਸ਼੍ਰੀ ਗੁਰਮੁਖ ਨੌਰਥ ਕੌਂਸਲਰ ਦਾ ਸੂਬਾ ਪ੍ਰਧਾਨ ਨੇ ਸਨਮਾਨ ਕੀਤਾ। ਇਸ ਮੌਕੇ ਬਸਪਾ ਆਗੂ ਡਾ ਮਹਿੰਦਰ ਪਾਲ, ਹਰਬੰਸ ਲਾਲ ਚਣਕੋਆ, ਪ੍ਰਵੀਨ ਬੰਗਾ, ਜਸਵੀਰ ਸਿੰਘ ਔਲੀਆਪੁਰ, ਰਸ਼ਪਾਲ ਮਹਾਲੋਂ, ਜੈਪਾਲ ਸੁੰਡਾ, ਪ੍ਰੇਮ ਰਤਨ, ਐਡਵੋਕੇਟ ਮੁਕੇਸ਼ ਬਾਲੀ, ਸੋਨੂੰ ਲੱਕੁਮਾਰ, ਰਜਨੀ ਬਾਲਾ, ਮੱਖਣ ਸਿੰਘ ਚੌਹਾਨ, ਕੌਂਸਲਰ ਗੁਰਮੁੱਖ ਸਿੰਘ, ਧਰਮਪਾਲ ਗਲਿੰਡ, ਕੁਲਦੀਪ ਸਿੰਘ, ਸੋਮਨਾਥ ਰਟੈਂਡਾ, ਹਰਬੰਸ ਕਰੀਹਾ, ਐਡਵੋਕੇਟ ਰਾਜਕੁਮਾਰ, ਆਦਿ ਸ਼ਾਮਲ ਸਨ।

# ਪੰਜਾਬ ਨੂੰ ਲੁੱਟਣ ਵਾਲੇ ਰਾਜਨੀਤਿਕ ਦਲਾਂ ਦੀ ਪੋਲ ਖੋਲ ਅੰਦੋਲਨ ਚਲਾਏਗੀ ਬਸਪਾ- ਬੈਨੀਵਾਲ

## 14 ਮਾਰਚ ਨੂੰ ਬੇਗਮਪੁਰਾ ਪਾਤਸ਼ਾਹੀ ਬਣਾਓ ਵਿਸ਼ਾਲ ਰੈਲੀ ਕਰੇਗੀ ਬਸਪਾ - ਜਸਵੀਰ ਸਿੰਘ ਗੜ੍ਹੀ







**ਜਲੰਧਰ –** ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੀਟਿੰਗ ਮੁੱਖ ਦਫ਼ਤਰ ਜਲੰਧਰ ਵਿਖੇ ਹੋਈ ਜਿਸਦੀ ਪ੍ਰਧਾਨਗੀ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਕੀਤੀ। ਮੀਟਿੰਗ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪੰਜਾਬ, ਚੰਡੀਗੜ ਤੇ ਹਰਿਆਣਾ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਅਤੇ ਸ੍ਰੀ ਵਿਪੁਲ ਕੁਮਾਰ ਜੀ ਹਾਜ਼ਰ ਹੋਏ।

ਇਸ ਮੌਕੇ ਸ੍ਰੀ ਬੈਨੀਵਾਲ ਜੀ ਨੇ ਬੋਲਦਿਆਂ ਕਿਹਾ ਕਿ ਆਜ਼ਾਦੀ ਦੇ 73 ਸਾਲਾਂ ਤੱਕ ਪੰਜਾਬ ਨੂੰ ਲੁੱਟਿਆ ਗਿਆ ਹੈ। ਜਿਸਦੀ ਜਿੰਮੇਵਾਰ ਕਾਂਗਰਸ ਤੇ ਅਕਾਲੀ ਦਲ ਹੈ। ਦੋਹਾਂ ਪਾਰ-ਟੀਆਂ ਨੇ ਪੰਜਾਬ ਦੀ ਜਵਾਨੀ, ਪੰਜਾਬ ਦਾ ਪਾਣੀ, ਪੰਜਾਬ ਦੀ ਧਰਤੀ, ਹਵਾ ਪਾਣੀ, ਸਿਹਤ, ਸਿੱਖਿਆ ਰੁਜ਼ਗਾਰ ਲੁੱਟ ਲਿਆ ਹੈ ਜਿਸਦਾ ਪੋਲ ਖੋਲ ਅੰਦੋਲਨ ਬਸਪਾ ਪੂਰੇ ਪੰਜਾਬ ਵਿੱਚ ਚਲਾਏਗੀ। ਇਸ ਮੌਕੇ ਸ੍ਰੀ ਵਿਪਲ ਕੁਮਾਰ ਜੀ ਨੇ ਕਿਹਾ ਕਿ ਪੰਜਾਬ 'ਚ ਕਾਂਗਰਸ ਤੇ ਅਕਾਲੀ ਦਲ ਨੇ ਪਛੜੀਆਂ ਸ਼੍ਰੇਣੀਆਂ ਦੀ ਮੰਡਲ ਕਮਿਸ਼ਨ ਰਿਪੋਰਟ ਨੂੰ ਨਾ ਲਾਗੂ ਕਰਕੇ ਪਛੜਿਆ ਵਰਗੇ ਦਾ ਹੱਕ ਖਾਧਾ ਹੈ।

ਪੰਜਾਬ ਪ੍ਰਧਾਨ ਸਰਦਾਰ ਗੜੀ ਨੇ ਕਿਹਾ ਕਿ ਗੁਰੂਆਂ ਮਹਾਂਪੁਰਸ਼ਾਂ ਦਾ ਅੰਦੋਲਨ ਬੇਗਮਪੁਰੇ ਤੋਂ ਹਲੀਮੀ ਰਾਜ ਤੇ ਖਾਲਸਾ ਰਾਜ ਦੇ ਰੂਪ ਵਿੱਚ ਲਕਸ਼ ਨਿਰਧਾਰਿਤ ਕੀਤਾ ਪਰੰਤੂ ਤਖ਼ਤ ਦਾ ਮਾਲਿਕ ਪੰਜਾਬ ਵਿੱਚ ਕੋਈ ਵੀ ਲਾਇਕ ਨਹੀਂ ਬਣਿਆ, ਜਦੋਂ ਕਿ ਗੁਰੂ ਸਾਹਿਬਾਨ ਤਖ਼ਤ ਦਾ ਮਾਲਿਕ ਲਾਇਕ ਅਤੇ ਗਰੀਬ ਸਿੱਖਾਂ ਵਿਚੋਂ ਬਣਿਆ ਦੇਖਣਾ ਚਾਹੁੰਦੇ ਸਨ।

ਇਸ ਸੁਪਨੇ ਨੂੰ ਪੂਰਾ ਕਰਨ ਲਈ ਬਸਪਾ ਵੱਲੋਂ 14 ਮਾਰਚ ਨੂੰ ਸੂਬਾ ਪੱਧਰੀ ਵਿਸ਼ਾਲ ਰੈਲੀ ਬੇਗ਼ਮਪੁਰਾ-ਪਾਤਸ਼ਾਹੀ ਬਣਾਓ ਰੈਲੀ ਰੱਖੀ ਗਈ ਗਈ। ਜਿਸਦਾ ਨਾਅਰਾ ਪਾਤਸ਼ਾਹੀ ਬਣਾਓ, ਬੇਗਮਪੁਰਾ ਵਸਾਓ ਹੋਵੇਗਾ। ਸਮੁੱਚੀ ਲੀਡਰਸ਼ਿਪ ਦੀ ਡਿਊਟੀ ਪੂਰੇ ਪੰਜਾਬ ਵਿੱਚ ਸੰਗਠਨ ਨੂੰ ਚੁਸਤ-ਦਰੁਸਤ ਕਰਨ ਹਿੱਤ ਵੰਡੀਆਂ ਗਈਆਂ ਅਤੇ ਸ੍ਰੀ ਗੁਰਲਾਲ ਸ਼ੈਲਾ ਜੀ ਨੂੰ ਪੰਜਾਬ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪੂਰੇ ਪੰਜਾਬ ਵਿੱਚ ਬੂਥ ਕਮੇਟੀਆਂ ਬਣਾਉਣ ਦਾ ਕੰਮ ਸ਼ੁਰੂ ਕਰਨ ਦਾ ਐਲਾਨ ਕੀਤਾ।

ਸੁਪਰੀਮ ਕੋਰਟ ਤੋਂ ਉੱਪਰ ਲਿਖੇ ਪ੍ਰੋਜੈਕਟਾਂ ਦੀ ਮਨਜ਼ੂਰੀ ਮਿਲਣ ਦੇ ਸੰਬੰਧ ਵਿਚ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਹੁਣ ਉਨ੍ਹਾਂ ਦਾ ਰਾਜ ਤੇਜ਼ੀ ਨਾਲ ਵਿਕਾਸ ਕਰੇਗਾ। ਇਨ੍ਹਾਂ ਪ੍ਰੋਜੈਕਟਾਂ ਵਿਚ 20 ਪਣ-ਬਿਜਲੀ ਪ੍ਰੋਜੈਕਟ, ਚਹੁੰ-ਮਾਰਗੀ ਗਰੀਨ ਕੋਰੀਡੋਰ, ਨੈਸ਼ਨਲ ਹਾਈਵੇ ਸਿਰਮੌਰ, ਮਨਾਲੀ ਰੋਪਵੇ, ਹੈਲੀ-ਪੈਡ, 400 ਤੋਂ ਵੱਧ ਸੜਕਾਂ ਆਦਿ ਵਰਗੇ ਪ੍ਰੋਜੈਕਟ ਉਨ੍ਹਾਂ ਖੇਤਰਾਂ ਵਿਚ ਬਣਨੇ ਹਨ ਜੋ ਖੇਤਰ ਜੰਗਲਾਂ ਲਈ ਰਾਖਵੇਂ (ਐੱਫ.ਸੀ.ਏ. 1980) ਅਤੇ ਕਬਾਇਲੀ ਆਬਾਦੀ ਦੇ ਅਧਿਕਾਰਿਤ ਖੇਤਰ ਵਿਚ ਪੈਂਦੇ ਸਨ ਜਿਸ ਕਰਕੇ ਸੁਪਰੀਮ ਕੋਰਟ ਨੇ ਉਨ੍ਹਾਂ ਉੱਤੇ ਰੋਕ ਲਗਾਈ ਸੀ। ਜੇਕਰ ਰਾਖਵੇਂ ਜੰਗਲਾਂ ਨੂੰ ਪਣ-ਬਿਜਲੀ ਅਤੇ ਚਾਰ-ਮਾਰਗੀ ਸੜਕਾਂ ਵਿਕਾਸ ਕਾਰਜਾਂ ਲਈ ਵਰਤਿਆ ਜਾਂਦਾ ਹੈ ਤਾਂ ਹਿਮਾਚਲ ਪ੍ਰਦੇਸ਼ ਦਾ ਇਹ ਖੇਤਰ ਵੀ ਉੱਤਰਾਖੰਡ ਵਾਂਗ ਤਬਾਹ ਹੋ ਸਕਦਾ ਹੈ ਕਿਉਂਕ ਪਹਾੜੀ ਇਲਾਕੇ ਵਿਚ ਇਕ ਕਿਲੋਮੀਟਰ ਸੜਕ ਬਣਾਉਣ ਲਈ



ਘੱਟੋ-ਘੱਟ 30,000 ਤੋਂ 40,000 ਘਣ ਮੀਟਰ ਮਿੱਟੀ ਜਾਂ ਪੱਧਰ ਕੱਢਣਾ ਪੈਂਦਾ ਹੈ। ਡੈਮ ਅਤੇ ਸੜਕਾਂ ਬਣਾਉਣ ਵੇਲੇ ਆਮ ਤੌਰ ਉੱਤੇ ਪਹਾੜ ਵਿਸਫ਼ੋਟਕ ਸਮੱਗਰੀ ਨਾਲ ਉਡਾਏ ਜਾਂਦੇ ਹਨ ਜਿਸ ਨਾਲ ਪਹਾੜਾਂ ਵਿਚ ਦਰਾੜਾਂ ਪੈ ਜਾਂਦੀਆਂ ਹਨ ਅਤੇ ਉਹ ਬਰਸਾਤ ਅਤੇ ਸਰਦੀਆਂ ਦੇ ਮੌਸਮ ਵਿਚ ਜ਼ਿਆਦਾ ਬਰਫ਼ ਪੈਣ ਕਾਰਨ ਥੱਲੇ ਖਿਸਕਣਾ ਸ਼ੁਰੂ ਕਰ ਦਿੰਦੇ ਹਨ। ਇਸ ਨਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ। ਹਿਮਾਲੀਆ ਖੇਤਰ ਵਿਚ 100 ਵਰਗ ਕਿਲੋਮੀਟਰ ਖੇਤਰ ਵਿਚ ਹਰ ਸਾਲ ਇਕ ਵਿਅਕਤੀ ਪਹਾੜ ਖਿਸਕਣ ਕਾਰਨ ਹੀ ਆਪਣੀ ਜਾਨ ਤੋਂ ਹੱਥ ਧੋ ਬਹਿੰਦਾ ਹੈ। ਪਹਾੜ ਖਿਸਕਣ ਨਾਲ 2014 ਵਿਚ ਦੇਸ਼ ਵਿਚ 500 ਵਿਅਕਤੀ ਮਰ ਗਏ ਸਨ। ਹਾਲ ਵਿਚ ਹੀ ਉੱਤਰਾਖੰਡ ਵਿਚ ਬਰਫ਼ ਨਾਲ ਲੱਦੇ ਪਹਾੜਾਂ ਦੇ ਖਿਸਕਣ ਨਾਲ 58 ਵਿਅਕਤੀ ਮਰ ਚੁੱਕੇ ਹਨ ਅਤੇ 150 ਲਾਪਤਾ ਵਿਅਕਤੀ ਜਿਹੜੇ ਸੁਰੰਗ ਵਿਚ ਫਸੇ ਹੋਏ ਹਨ ਦੇ ਵੀ ਜੀਊਂਦੇ ਮਿਲਣ ਦੀ ਕੋਈ ਆਸ ਨਹੀਂ ਹੈ। ਚੰਬਾ ਜ਼ਿਲ੍ਹੇ ਦੇ ਖੜਾਮੁਖ-ਹੋਲੀ ਸੜਕ ਉੱਤੇ ਗਰੋਲਾ ਦੇ ਨੇੜੇ 16 ਫ਼ਰਵਰੀ 2021 ਨੂੰ ਪਹਾੜ ਖਿਸਕਣ ਨਾਲ ਆਵਾਜਾਈ ਕਈ ਘੰਟੇ ਬੰਦ ਰਹੀ। ਇਸ ਥਾਂ ਉੱਤੇ ਸੜਕ ਦੀ ਚੌੜਾਈ ਦਾ ਕੰਮ ਚੱਲ ਰਿਹਾ ਹੈ ਅਤੇ ਇਕ ਦਿਨ ਪਹਿਲਾਂ ਇੱਥੇ ਵਿਸਫੋਟਿਕ ਸਮੱਗਰੀ ਨਾਲ ਪਹਾੜ ਉਡਾਇਆ ਗਿਆ ਸੀ।

ਪਹਾੜ ਖਿਸਕਣ ਨਾਲ 18 ਸਤੰਬਰ 1948 ਨੂੰ ਆਸਾਮ ਦੇ ਗੁਹਾਟੀ ਜ਼ਿਲ੍ਹੇ ਦਾ ਪੂਰੇ ਦਾ ਪੂਰਾ ਇਕ ਪਿੰਡ, 1999 ਵਿਚ ਉੱਤਰਾਖੰਡ ਦਾ ਮਾਲਪਾ ਪਿੰਡ ਅਤੇ 2014 ਵਿਚ ਮਹਾਰਾਸ਼ਟਰ ਦਾ ਮਾਲਿਨ ਪਿੰਡ ਖ਼ਤਮ ਹੋ ਗਿਆ ਸੀ। ਪੱਛਮੀ-ਬੰਗਾਲ ਦੇ ਪਹਾੜੀ ਰਾਜ ਦਾਰਜੀਲਿੰਗ ਵਿਚ 1968 ਵਿਚ 60 ਕਿਲੋਮੀਟਰ ਸੜਕ ਪਹਾੜ ਖਿਸਕਣ ਨਾਲ ਟੁੱਟ ਗਈ ਸੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਮਲਬੇ ਥੱਲੇ ਦਬਕੇ ਮਰ ਗਏ ਸਨ। ਕੇਰਲ ਵਿਚ 2001 ਵਿਚ 40 ਅਤੇ 2020 ਵਿਚ 60 ਵਿਅਕਤੀ, ਮੁੰਬਈ ਵਿਚ 67 ਵਿਅਕਤੀ ਮਰ ਗਏ ਸਨ। 2013 ਵਿਚ ਉੱਤਰਾਖੰਡ ਦੇ ਤਾਂ ਲਗਭਗ 4200 ਪਿੰਡ ਪ੍ਰਭਾਵਿਤ ਹੋਏ ਸਨ ਅਤੇ ਅਣਗਿਣਤ ਸਥਾਨਕ ਲੋਕ ਪਹਾੜਾਂ ਥੱਲੇ ਦਬਕੇ ਮਰ ਗਏ ਸਨ। ਮਹਾਰਾਸ਼ਟਰ ਦੇ ਮਾਲਿਨ (2014), ਉੱਤਰਾਖੰਡ ਦੇ ਕੇਦਾਰਨਾਥ (2013) ਅਤੇ ਚਮੋਲੀ (2021) ਵਿਚ ਪਹਾੜ ਖਿਸਕਣ ਦੀਆਂ ਘਟਨਾਵਾਂ ਡੈਮਾਂ ਦੇ ਵਾਤਾਵਰਨ ਸੰਵੇਦਨਸ਼ੀਲ ਇਲਾਕਿਆਂ ਵਿਚ ਬਣ ਕਾਰਨ ਹੋਈਆਂ ਹਨ।

ਹਿਮਾਚਲ ਪ੍ਰਦੇਸ਼ ਭੂਚਾਲ-ਸੰਵੇਦਨਸ਼ੀਲ ਖੇਤਰ ਵਿਚ ਵੀ ਪੈਂਦਾ ਹੈ। ਭਾਰਤ ਨੂੰ ਇੰਡੀਅਨ ਅਤੇ ਅਰੇਬੀਅਨ ਪਲੇਟਾਂ ਯੂਰੇਪੀਅਨ ਪਲੇਟ ਵੱਲ ਲਗਾਤਾਰ ਧੱਕ ਰਹੀਆਂ ਹਨ ਜਿਸ ਨਾਲ ਭਾਰਤ ਦੇ ਉੱਤਰ-ਪੱਛਮੀ ਖੇਤਰ ਜੰਮੂ-ਕਸ਼ਮੀਰ ਤੋਂ ਲੈ ਕੇ ਉੱਤਰ-ਪੂਰਬੀ ਖੇਤਰ ਮਿਜ਼ੋਰਮ ਰਾਜ ਤੱਕ ਅਤੇ ਰਾਜਸਥਾਨ ਅਤੇ ਗੁਜਰਾਤ ਵਿਚ ਵੱਡੇ ਭੂਚਾਲ ਆਉਣ ਦੀ ਸੰਭਾਵਨਾ ਲਗਾਤਾਰ ਬਣੀ ਰਹਿੰਦੀ ਹੈ। ਇਸ ਤੱਥ ਤੋਂ ਭੂ-ਵਿਗਿਆਨੀ ਚੰਗੀ ਤਰ੍ਹਾਂ ਜਾਣੂ ਹਨ। ਨੇਪਾਲ ਦੇ ਭੂਚਾਲ ਤੋਂ ਬਾਅਦ ਵੀ ਭੂ-ਵਿਗਿਆਨੀਆਂ ਨੇ ਸ਼ੰਕਾ ਜ਼ਾਹਰ ਕੀਤੀ ਸੀ ਕਿ ਹਿਮਾਲੀਆ ਖੇਤਰ ਵਿਚ ਕਦੇ ਵੀ ਵੱਡਾ ਭੂਚਾਲ ਆ ਸਕਦਾ ਹੈ। ਲੰਡਨ ਯੂਨੀਵਰਸਿਟੀ ਦੇ ਪ੍ਰਸਿੱਧ ਵਿਗਿਆਨੀ ਡਾ. ਕੇਸ਼ੋ ਨੇ ਤਾਂ 2015 ਵਿਚ ਸ਼ੰਕਾ ਜ਼ਾਹਰ ਕੀਤੀ ਸੀ ਕਿ ਹਿਮਾਲਿਆ ਖੇਤਰ ਵਿਚ ਇੰਨਾ ਵੱਡਾ ਭੂਚਾਲ ਆ ਸਕਦਾ ਹੈ ਜਿਸ ਦੇ ਝਟਕਿਆ ਨਾਲ 4 ਕਰੋੜ ਲੋਕਾਂ ਦੀ ਮੌਤ ਹੋ ਸਕਦੀ ਹੈ। ਹਿਮਾਚਲ ਪ੍ਰਦੇਸ਼ ਵਿਚ 12 ਫਰਵਰੀ ਦੀ ਰਾਤ ਨੂੰ 10.34 ਵਜੇ ਅਤੇ 14 ਫਰਵਰੀ ਨੂੰ ਦਿਨੇ 3.49 ਵਜੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਨੇਪਾਲ ਵਿਚ 2015 ਵਿਚ ਆਏ ਭੂਚਾਲ ਨਾਲ ਬਿਹਾਰ ਅਤੇ ਉੱਤਰ ਪ੍ਰਦੇਸ਼ ਵਿਚ 30 ਵਿਅਕਤੀਆਂ ਦੀ ਮੌਤ ਹੋ ਗਈ ਸੀ ਜਿਸ ਦਾ ਕੇਂਦਰ ਬਿੰਦੂ ਭਾਰਤੀ ਸਰਹੱਦ ਤੋਂ 300-400 ਕਿਲੋਮੀਟਰ ਦੂਰੀ ਉੱਤੇ ਸੀ। ਇਸ ਭੂਚਾਲ ਦੇ ਝਟਕਿਆਂ ਨਾਲ ਸਾਡੇ ਦੇਸ ਦੇ 11 ਰਾਜ ਥਰਥਰਾ ਗਏ ਸਨ।

ਹਿਮਾਚਲ ਪ੍ਰਦੇਸ਼ ਰਾਜ ਹਿਮਾਲਿਆ ਪਹਾੜਾਂ ਦੀ ਗੋਦ ਵਿਚ ਵੱਸਿਆ ਹੈ ਅਤੇ ਹਿਮਾਲਿਆ ਪਹਾੜਾਂ ਉੱਤੇ ਜ਼ਿਆਦਾ ਬਰਫ਼ ਹੋਣ ਕਾਰਨ ਉਨ੍ਹਾਂ ਨੂੰ ਦੁਨੀਆ ਦਾ ਤੀਜਾ ਧਰੁਵ ਵੀ ਕਿਹਾ ਜਾਂਦਾ ਹੈ। ਤਾਪਮਾਨ ਦੇ ਵਾਧੇ ਕਾਰਨ ਹਿਮਾਲਿਆ ਦੇ ਪਹਾੜਾਂ ਤੋਂ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਜਿਸ ਕਰਕੇ ਗਲੇਸ਼ੀਅਰ ਝੀਲਾਂ ਬਣ ਰਹੀਆਂ ਹਨ ਜਿਨ੍ਹਾਂ ਨਾਲ ਹਿਮਾਚਲ ਪ੍ਰਦੇਸ਼ ਰਾਜ ਵੀ ਹਾਲ ਵਿਚ ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਰਗੀ ਤਰਾਸਦੀ ਦੀ ਮਾਰ ਵਿਚ ਆ ਸਕਦਾ ਹੈ ਜਿਸ ਕਾਰਨ ਇੱਥੋਂ ਦੇ ਮੁੱਖ ਮੰਤਰੀ ਨੇ ਇਸ ਤੱਥ ਨੂੰ ਮੰਨਦਿਆਂ ਕਿਹਾ ਹੈ ਕਿ ਉਹ ਪਣ-ਬਿਜਲੀ ਪ੍ਰੋਜੈਕਟ ਲਗਾਉਂਦੇ ਹੋਏ ਚਮੋਲੀ ਘਟਨਾ ਤੋਂ ਸੇਧ ਲੈ ਕੇ ਯੋਜਨਾ ਬਣਾਉਣਗੇ।

ਜੰਗਲਾਂ ਦੀ ਅੰਨ੍ਹੇਵਾਹ ਕੱਟਾਈ ਕਾਰਨ ਹਿਮਾਚਲ ਪ੍ਰਦੇਸ਼ ਰਾਜ ਵਿਚ ਆਉਣ ਵਾਲੇ ਸਮੇਂ ਵਿਚ ਪਾਣੀ ਦੀ ਭਾਰੀ ਕਮੀ ਵੀ ਆ ਸਕਦੀ ਹੈ ਕਿਉਂਕਿ ਦਰਖ਼ਤਾਂ ਦੀਆਂ ਜੜ੍ਹਾਂ ਅਤੇ ਉਨ੍ਹਾਂ ਦੀ ਹੋਂਦ ਮੀਂਹ ਅਤੇ ਬਰਫ਼ ਦੇ ਵਾਧੂ ਪਾਣੀ ਨੂੰ ਆਪਣੇ ਵਿਚ ਸੋਖਕੇ ਰੱਖਦੇ ਹਨ ਅਤੇ ਬਾਅਦ ਵਿਚ ਇਹ ਪਾਣੀ ਹੌਲੀ ਹੌਲੀ ਨਦੀਆਂ, ਚਸ਼ਮਿਆਂ ਅਤੇ ਝਰਨਿਆਂ ਦੇ ਰੂਪ ਵਿਚ ਨਿਕਾਸਦੇ ਰਹਿੰਦੇ ਹਨ। ਹਿਮਾਚਲ-ਪ੍ਰਦੇਸ਼ ਰਾਜ ਦੇ ਸ਼ਿਮਲੇ ਵਰਗੇ ਕੁਝ ਸ਼ਹਿਰ ਹਰ ਸਾਲ ਗਰਮੀਆਂ ਵਿਚ ਪਾਣੀ ਦੀ ਕਮੀ ਦੀ ਲਪੇਟ ਵਿਚ ਆ ਜਾਦੇ ਹਨ। ਇਨ੍ਹਾਂ ਪ੍ਰੋਜੈਕਟਾਂ ਵਿਚ ਉਹ ਜੰਗਲੀ ਖੇਤਰ ਵੀ ਸ਼ਾਮਲ ਹਨ ਜਿਹੜੇ ਐੱਫ.ਆਰ.ਏ. 2006 ਦੇ ਅਧੀਨ ਆਉਂਦੇ ਹਨ। ਇਸ ਕਾਨੂੰਨ ਤਹਿਤ ਕਬੀਲਾਈ ਲੋਕ ਆਉਂਦੇ ਹਨ ਜੋ ਆਪਣੀਆਂ ਬੁਨਿਆਦੀ ਲੋੜਾਂ ਅਤੇ ਵਿਕਾਸ ਦੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਅਸਮਰਥ ਹੋਣ ਕਰਕੇ ਪੂਰਨ ਤੋਰ ਉੱਤੇ ਜੰਗਲਾਂ ਉੱਤੇ ਨਿਰਭਰ ਹਨ। ਵਿਕਾਸ ਕਾਰਜਾਂ ਲਈ ਇਨ੍ਹਾਂ ਦੀ ਜ਼ਮੀਨ ਦੀ ਵਰਤੋਂ ਕਰਨ ਦਾ ਮਤਲਬ ਹੈ ਕਿ ਇਨ੍ਹਾਂ ਲੋਕਾਂ ਦਾ ਪੂਰਨ ਤੌਰ ਉੱਤੇ ਉਜਾੜਾ। ਜੇਕਰ ਇਸ ਤਰ੍ਹਾਂ ਦੇ ਹਾਲਾਤਾਂ ਵਿਚ ਇਹ ਲੋਕ ਆਪਣੀ ਸੁਣਵਾਈ ਲਈ ਅਪੀਲ ਵੀ ਕਰਦੇ ਹਨ ਤਾਂ ਅਕਸਰ ਉਹ ਸੁਣੀ ਨਹੀਂ ਜਾਂਦੀ ਹੈ। ਇਸ ਸੰਬੰਧ ਵਿਚ ਡਾ. ਸੁਜੀਤ ਕੁਮਾਰ ਨੇ ਆਪਣੀ ਖੋਜ ਦੇ ਆਧਾਰ ਉੱਤੇ ਦੱਸਿਆ ਹੈ ਕਿ ਹਿਮਾਚਲ ਪ੍ਰਦੇਸ਼ ਰਾਜ ਵਿਚ ਇਸ ਐਕਟ ਤਹਿਤ 2018 ਵਿਚ 2223 ਅਪੀਲਾਂ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ ਸਿਰਫ਼ 136 ਅਪੀਲਾਂ ਦਾ ਨਿਪਟਾਰਾ ਕੀਤਾ ਗਿਆ। ਇਸ ਤਰ੍ਹਾਂ ਜੰਗਲਾਂ ਦੀ ਜ਼ਮੀਨ ਨੂੰ ਵਿਕਾਸ ਪ੍ਰੋਜੈਕਟਾਂ ਲਈ ਵਰਤ ਕੇ ਕਿਸੇ ਵੀ ਰਾਜ ਦੀ ਸਰਕਾਰ ਵਾਤਾਵਰਨ ਅਤੇ ਆਮ ਲੋਕਾਂ ਦਾ ਨੁਕਸਾਨ ਕਰ ਰਹੀ ਹੁੰਦੀ ਹੈ।

ਕਈ ਵਾਰ ਲੋਕ ਭਲਾਈ ਦੇ ਕੰਮ ਜਿਵੇਂ ਸਕੂਲ, ਕਾਲਜ, ਜਾਂ ਯੂਨੀਵਰਸਿਟੀਆਂ ਖੋਲ੍ਹਣ ਲਈ ਵੀ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਉੱਤੇ ਉਸਾਰੀਆਂ ਕੀਤੀਆਂ ਜਾਂਦੀਆਂ ਹਨ, ਪਰ ਬਾਅਦ ਵਿਚ ਪਤਾ ਲੱਗਦਾ ਹੈ ਕਿ ਇਹ ਉਸਾਰੀਆਂ ਲੋਕ ਭਲਾਈ ਲਈ ਨਹੀਂ ਬਲਕਿ ਕਿਸੇ ਕਾਰਪੋਰੇਟ-ਘਰਾਣੇ ਲਈ ਸਨ। ਉਦਾਹਰਣ ਦੇ ਤੋਰ ਉੱਤੇ ਸੋਲਨ ਵਿਚਲੀ ਮਾਨਵ ਭਾਰਤੀ ਯੂਨੀਵਰਸਿਟੀ ਜਿਸ ਕੋਲੋਂ 36,000 ਦੇ ਕਰੀਬ ਜਾਅਲੀ ਡਿਗਰੀਆਂ ਫੜੀਆਂ ਗਈਆਂ ਹਨ।

ਜੰਗਲੀ ਜ਼ਮੀਨ ਦੀ ਵਿਕਾਸ ਕਾਰਜਾਂ ਲਈ ਵਰਤੋਂ ਕਰਦੇ ਹੋਏ ਸਰਕਾਰਾਂ ਨੂੰ ਇਹ ਤੱਥ ਧਿਆਨ ਵਿਚ ਰੱਖਣਾ ਬਣਦਾ ਹੈ ਕਿ ਆਰਥਿਕ ਵਿਕਾਸ ਲੋਕਾਂ ਦੀ ਬਿਹਤਰੀ ਲਈ ਹੋਣਾ ਚਾਹੀਦਾ ਹੈ ਨਾ ਕਿ ਲੋਕਾਂ ਦੇ ਹਿੱਤ ਇਸ ਵਿਕਾਸ ਲਈ ਕੁਰਬਾਨ ਕੀਤੇ ਜਾਣ। ਇਹ ਵਿਕਾਸ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਚਿਰ-ਸਥਾਈ ਹੋਣਾ ਚਾਹੀਦਾ ਹੈ ਨਾ ਕਿ ਕਾਰਪੋਰੇਟ-ਜਗਤ ਪੱਖੀ।

ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਹੁਣ ਇਨ੍ਹਾਂ ਪ੍ਰੋਜੈਕਟਾਂ ਨੂੰ ਚਾਲੂ ਕਰਨ ਤੋਂ ਪਹਿਲਾਂ ਭੂ-ਵਿਗਿਆਨੀਆਂ, ਵਾਤਵਰਨ ਮਾਹਿਰਾਂ ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਚਾਹੀਦੀ ਹੈ ਅਤੇ ਉਸ ਤਰ੍ਹਾਂ ਦਾ ਵਿਕਾਸ ਹੀ ਕਰਨਾ ਚਾਹੀਦਾ ਹੈ ਜਿਸ ਨਾਲ ਇੱਥੋਂ ਦੇ ਕੁਦਰਤੀ ਸਰੋਤਾਂ ਦੀ ਹੋਂਦ ਕਾਇਮ ਰਹਿ ਸਕੇ ਨਾ ਕਿ ਉਤਰਾਖੰਡ ਰਾਜ ਵਾਂਗੂ ਢਹਿ-ਢੇਰੀ ਹੋ ਕੇ ਲੋਕਾਂ ਦੀ ਕਬਰਗਾਹ ਵਿਚ ਤਬਦੀਲ ਹੋ ਜਾਵੇ।

# ਸ਼ਾਮਚੁਰਾਸੀ ਨਗਰ ਕੌਂਸਲ ਦਾ ਅਜ਼ਾਦ ਜੇਤੂ ਵਿਜੇ ਕੁਮਾਰ ਬੀਬੀ ਜੋਸ਼ ਦੀ ਹਾਜ਼ਰੀ 'ਚ ਅਕਾਲੀ ਦਲ ਵਿਚ ਸ਼ਾਮਿਲ

**ਹੁਸ਼ਿਆਰਪੁਰ/ਸ਼ਾਮਚੁਰਾਸੀ 17 ਫਰਵਰੀ, (ਚੁੰਬਰ) –** ਸ਼ਾਮਚੁਰਾਸੀ ਵਿਖੇ ਨਗਰ ਕੌਂਸਲ ਦੇ ਨਤੀਜੇ ਆਉਣ ਸਾਰ ਹੀ ਪ੍ਰਧਾਨਗੀ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਜਿਸ ਅਨੁਸਾਰ ਸ਼ਾਮਚੁਰਾਸੀ ਦੀਆਂ 9 ਵਾਰਡਾਂ ਦੀਆਂ ਸੀਟਾਂ ਵਿਚੋਂ ਜਿੱਤੇ ਦੋ ਆਜ਼ਾਦ ਕੌਂਸਲਰਾਂ ਵਿਚੋਂ ਵਾਰਡ ਨੰਬਰ 6 ਦੇ ਕੌਂਸਲਰ ਵਿਜੇ ਕਮਾਰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ ਹਨ, ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਜਿੱਤਣ ਵਾਲੇ ਮੈਂਬਰਾਂ ਵਿਚ ਵਾਧਾ ਹੋਣ ਨਾਲ ਚਾਰ ਦੀ ਗਿਣਤੀ ਹੋ ਗਈ ਹੈ। ਇਹ ਐਲਾਨ ਜਿੱਤੇ ਅਜਾਦ ਕੌਂਸਲਰ ਵਿਜੇ ਕੁਮਾਰ ਨੇ ਸ਼ਾਮਚੁਰਾਸੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਇੰਚਾਰਜ ਤੇ ਸਾਬਕ ਮੰਤਰੀ ਬੀਬੀ ਮਹਿੰਦਰ ਕੌਰ ਜੋਸ਼ ਦੀ ਹਾਜ਼ਰੀ ਵਿਚ ਸ਼ਾਮਚੁਰਾਸੀ ਵਿਖੇ ਕੀਤਾ।



ਇਸ ਮੌਕੇ ਬੀਬੀ ਜੋਸ਼ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤਚੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਾਰੇ ਵਰਗਾਂ ਦੀ ਪ੍ਰਤਿਨਿਧਤਾ ਕਰਦਾ ਹੈ ਅਤੇ ਇਨ੍ਹਾਂ ਦੀ ਆਮਦ ਨਾਲ ਸ਼ਾਮਚੁਰਾਸੀ ਵਿਚ ਅਕਾਲੀ ਦਲ ਹੋਰ ਮਜਬੂਤ ਹੋਵੇਗਾ। ਇਸ ਮੌਕੇ ਤੇ ਸ਼ਾਮਿਲ ਹੋਏ ਕੌਂਸਲਰ ਵਿਜੇ ਕਮਾਰ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਦੀ ਹਮਾਇਤ ਕਰਦੇ ਹਨ। ਵਰਨਣਯੋਗ ਹੈ ਕਿ ਸ਼ਾਮਚੁਰਾਸੀ ਦੇ 9 ਵਾਰਡਾਂ ਵਿਚ ਕਾਂਗਰਸ ਨੇ ਚਾਰ, ਅਕਾਲੀ ਦਲ ਨੇ ਤਿੰਨ ਅਤੇ ਅਜ਼ਾਦ ਉਮੀਦਵਾਰਾਂ ਨੇ ਦੋ ਸੀਟਾਂ ਲੈ ਕੇ ਚੋਣ ਜਿੱਤੀ ਸੀ।

ਵਰਤਮਾਨ ਸਥਿਤੀ ਮੁਤਾਵਿਕ ਅਕਾਲੀ ਦਲ ਅਤੇ ਕਾਂਗਰਸ ਦੀਆਂ ਚਾਰ-ਚਾਰ ਸੀਟਾਂ ਦੇ ਹੱਕ ਦਾਰ ਹੋ ਗਏ ਹਨ। ਇਸ ਮੌਕੇ ਹੋਰਨ੍ਹਾਂ ਤੋਂ ਇਲਾਵਾ ਮੰਗਲ ਰਾਮ ਮੰਗੀ, ਦਲਜੀਤ ਰਾਏ ਅਤੇ ਦਲਜੀਤ ਕੌਰ (ਤਿੰਨੇ ਕੌਂਸਲਰ), ਸੀਨੀਅਰ ਮੀਤ ਪ੍ਰਧਾਨ ਦੋਆਬਾ ਜੋਨ ਦਲਜਿੰਦਰ ਧਾਮੀ, ਗੁਰਮੇਲ ਸਿੰਘ ਧਾਲੀਵਾਲ, ਦਲਜੀਤ ਸਿੰਘ ਬਿੱਟੂ, ਦੁਪਿੰਦਰ ਸਿੰਘ ਬੰਟੀ, ਸਤਵਿੰਦਰ ਸਿੰਘ ਖਡਿਆਲਾ ਸੈਣੀਆਂ, ਪ੍ਰਧਾਨ ਕੁਲਜੀਤ ਸਿੰਘ, ਕੁਲਦੀਪ ਸਿੰਘ ਢੱਡੇ ਫਤਿਹ ਸਿੰਘ ਵੀ ਸ਼ਾਮਿਲ ਹੋਏ।

# ਟਿਕਰੀ ਬਾਰਡਰ ਉੱਤੇ ਬੈਠੇ ਕਿਸਾਨਾਂ ਨੂੰ ਦਿੱਲੀ ਪੁਲਿਸ ਵੱਲੋਂ ਧਰਨਾ ਚੁੱਕਣ ਦੀ ਚੇਤਾਵਨੀ

**ਨਵੀਂ ਦਿੱਲੀ–** ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਬਣਾਏ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਲਈ ਟਿਕਰੀ ਬਾਰਡਰ ਉੱਤੇ ਬੈਠੇ ਕਿਸਾਨਾਂ ਨੂੰ ਦਿੱਲੀ ਪੁਲਿਸ ਨੇ ਧਰਨਾ ਚੁੱਕਣ ਦੀ ਚੇਤਾਵਨੀ ਦੇ ਦਿਤੀ ਅਤੇ ਕਿਸਾਨ ਅੰਦੋਲਨ ਦੇ ਸੰਬੰਧ ਵਿਚ ਕਿਸਾਨਾਂ ਦੇ ਨਾਮਕਾਨੂੰਨੀ ਚਿਤਾਵਨੀ ਜਾਰੀ ਕੀਤੀ ਹੈ, ਜਿਸ ਵਿਚ ਇਸ ਧਰਨੇ ਨੂੰ ਗ਼ੈਰ ਕਾਨੂੰਨੀ ਕਹਿ ਕੇ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹੀ ਗਈ ਹੈ।

ਦਿੱਲੀ ਪੁਲਿਸ ਨੇ ਟਿਕਰੀ ਬਾਰਡਰ ਨੇੜੇ ਪੁਲਿਸ ਬੈਰੀਕੇਡਾਂ ਦੇ ਉੱਪਰ ਕਾਨੂੰਨੀ ਚਿਤਾਵਨੀ ਦੇ ਤਿੰਨ ਬੋਰਡ ਲਵਾਏ ਹਨ। ਇਨ੍ਹਾਂ ਬੋਰਡਾਂ ਵਿਚ ਸਾਫ਼ ਲਿਖਿਆ ਗਿਆ ਹੈ ਕਿ ਤੁਹਾਡਾ ਮਜਮਾ ਕਾਨੂੰਨ ਵਿਰੁੱਧ ਕਰਾਰ ਦਿਤਾ ਗਿਆ ਹੈ।

ਤੁਹਾਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਤੁਸੀਂ ਅਪਣਾ ਇਹ ਧਰਨਾਚੁੱਕ ਲਵੋ,ਵਰਨਾ ਤੁਹਾਡੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਏਗੀ। ਇਹ ਹੁਕਮ ਦਿੱਲੀ ਪੁਲਿਸ ਦੇ ਮੁੰਡਕਾ ਥਾਣੇ ਦੇ ਐਸਐਚਓ ਵੱਲੋਂ ਜਾਰੀ ਕੀਤਾ ਲਿਖਿਆ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਦਿੱਲੀ ਪੁਲਿਸ ਵਲੋਂ ਕਿਸਾਨ ਆਗੂਆਂ ਨੂੰ ਕਈ ਨੋਟਿਸ ਵੀ ਭੇਜੇ ਜਾ ਚੁੱਕੇ ਹਨ। ਕਿਸਾਨ ਆਗੂ ਇਨ੍ਹਾਂ ਸਵਾਲਾਂ ਦੇ ਜਵਾਬ ਦੇ ਰਹੇ ਹਨ। ਅੱਜ ਧਰਨਾ ਸਾਈਟ ਉੱਤੇ ਲੱਗੇ ਕਾਨੂੰਨੀ ਚਿਤਾਵਨੀ ਬੋਰਡ ਦਾ ਜਵਾਬ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਕਾਨੂੰਨੀ ਖ਼ਤਰੇ ਤੋਂ ਨਹੀਂ ਡਰਦਾ, ਸਰਕਾਰ ਜਿੰਨੇ ਚਾਹੇ ਕੇਸ ਦਾਇਰ ਕਰ ਸਕਦੀ ਹੈ, ਪਰ ਜੇ ਕਾਨੂੰਨ ਵਾਪਸ ਨਾ ਕੀਤੇ ਗਏ ਤਾਂ ਕਿਸਾਨ ਘਰੀਂ ਵਾਪਸ ਨਹੀਂ ਜਾਣਗੇ।

## 27 ਫਰਵਰੀ, 2021 ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼

# ਗੁਰੂ ਰਵਿਦਾਸ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ



ਕੁਲਦੀਪ ਚੰਦ
91-9417563054

ਸਮਾਜ ਵਿੱਚ ਪ੍ਰਚੱਲਿਤ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਸਮੇਂ ਸਮੇਂ ਤੇ ਮਨੁੱਖਤਾ ਦੇ ਰਹਿਵਰਾਂ ਨੇ ਜਨਮ ਲਿਆ ਹੈ ਇਨ੍ਹਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ ਨੀਚ, ਜਾਤ-ਪਾਤ, ਕਰਮ ਕਾਂਡ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖਿਲਾਫ ਅਵਾਜ਼ ਬੁਲੰਦ ਕੀਤੀ। ਉਸ ਵੇਲੇ ਪ੍ਰਚਲਿਤ ਮੰਨੂਵਾਦੀ ਪ੍ਰਥਾ ਅਨੁਸਾਰ ਜਾਤਿ ਪ੍ਰਥਾ ਦੇ ਢਾਂਚੇ ਵਿੱਚ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਕੁੱਝ ਅਖੋਤੀ ਵਿਦਵਾਨ ਲੋਕ ਧਾਰਮਿਕ ਗ੍ਰੰਥਾ ਦੀ ਮਨਘੱੜਤ ਵਿਆਖਿਆ ਕਰਦੇ ਸਨ ਅਤੇ ਇਹ ਗੱਲ ਫੈਲਾਈ ਹੋਈ ਸੀ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਇਸ ਕਾਰਨ ਕਿਸੇ ਵੀ ਤਰਾਂ ਦਾ ਧਾਰਮਿਕ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਬਨਾਰਸ ਇਸ ਮੰਨੂਵਾਦੀ ਪ੍ਰਥਾ ਦਾ ਕੇਂਦਰ ਸੀ ਅਤੇ ਇੱਥੋਂ ਹੀ ਇਸ ਪ੍ਰਥਾ ਖਿਲਾਫ ਮੁਹਿੰਮ ਸੁਰੂ ਹੋਈ ਜਿਸ ਵਿੱਚ ਸਤਿਗੁਰੂ ਕਬੀਰ ਮਹਾਰਾਜ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮੁੱਖ ਭੂਮਿਕਾ ਰਹੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਆਪ ਦਾ ਜਨਮ 1377 ਇਸਵੀ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਵਿਖੇ ਹੋਇਆ। ਆਪ ਦਾ ਜਨਮ ਦਿਵਸ ਹਰ ਸਾਲ ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਆਂਦਾ ਹੈ। ਵੱਖ ਵੱਖ ਵਿਦਵਾਨਾਂ ਵਲੋਂ ਆਪ ਨੂੰ ਵੱਖ ਵੱਖ ਨਾਵਾਂ ਰਵਿਦਾਸ, ਰੈਦਾਸ, ਰਾਇਦਾਸ, ਰੁਹਿਦਾਸ ਆਦਿ ਨਾਲ ਸੰਬੋਧਨ ਕੀਤਾ ਜਾ ਰਿਹਾ ਹੈ। ਇਸੇ ਤਰਾਂ ਕੁੱਝ ਲੋਕ ਗੁਰੂ ਜੀ ਨੂੰ ਸੰਤ, ਭਗਤ ਆਦਿ ਨਾਲ ਸੰਬੋਧਨ ਕਰਦੇ ਹਨ। ਇਸ ਨਾਲ ਹੀ ਗੁਰੂ ਜੀ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਫੋਟੋਆਂ ਅਤੇ ਸਰੂਪਾਂ ਜਿਨ੍ਹਾਂ ਵਿੱਚ ਕਈਆਂ ਵਿੱਚ ਗੁਰੂ ਜੀ ਨੂੰ ਤਿਲਕਧਾਰੀ, ਕਈਆਂ ਵਿੱਚ ਸਿਰ ਢੱਕਿਆ ਹੋਇਆ ਹੈ, ਕਈਆਂ ਵਿੱਚ ਗੁਰੂ ਜੀ ਦੇ ਬਰਾਬਰ ਅਤੇ ਨਾਲ ਹੋਰ ਕਈ ਸਮਾਜ ਸੁਧਾਰਕਾਂ ਦੀਆਂ ਫੋਟੋਆਂ ਜੋੜੀਆਂ ਗਈਆਂ ਹਨ ਜੋਕਿ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਲਈ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਗੁਰੂ ਰਵਿਦਾਸ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਨਾਇਆ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਆਪਜੀ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ।

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਗੁਰੂ ਰਵਿਦਾਸ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਆਪ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:-

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਊਚ ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਸੁਨੇਹਾ ਦਿੱਤਾ ਹੈ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉੱਚਕੋਟੀ ਦੀ ਸ਼ਖਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਗਿਆ। ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:-

ਮਾਧੋ ਅਬਿਦਿਆ ਹਿਤ ਕੀਨ।।
ਬਿਬੇਕ ਦੀਪ ਮਲੀਨ।।

ਗੁਰੂ ਰਵਿਦਾਸ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸਤੇ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਤਦ ਹੀ ਉਨ੍ਹਾਂ ਨੇ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਆਪ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਅਤੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ ਸੀ:-

ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।

ਸਤਿਗੁਰੂ ਕਬੀਰ ਜੀ ਨੇ ਵੀ ਅਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਜੀ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।।

ਗੁਰੂ ਅਰਜਨ ਦੇਵ ਜੀ ਨੇ ਵੀ ਸਪੱਸ਼ਟ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਅਤੇ ਪ੍ਰਮ-ਾਤਮਾ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੀ ਕੀਤੀ ਹੈ:

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨੀ ਤਿਆਗੀ ਮਾਇਆ।।
ਪਰਗਟੁ ਹੋਆ ਸਾਧਿਸੰਗ ਹਰਿ ਦਰਸਨੁ ਪਾਇਆ।।

ਗੁਰੂ ਰਵਿਦਾਸ ਨੇ ਦੇਵੀ ਦੇਵਤਿਆਂ ਦਾ ਵੀ ਖੁੱਲਕੇ ਵਿਰੋਧ ਕੀਤਾ ਹੈ ਅਤੇ ਕਿਹਾ ਕਿ ਇਹ ਦੇਵਤੇ ਤਾਂ ਰੱਬ ਦਾ ਨਾਮ ਜਪਣ ਵਾਲੇ ਭਗਤਾਂ ਤੋਂ ਵੀ ਨੀਵੇਂ ਹਨ :-

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨਿ ਕੋਊ।।

ਆਪ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਵੱਖ ਵੱਖ ਇਲਾਕਿਆਂ ਵਿੱਚ ਜਾਕੇ ਕੰਮ ਕੀਤਾ ਅਤੇ ਛੇ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਆਪ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਬੀਜਾਪੁਰ, ਭੋਪਾਲ, ਅਜਮੇਰ, ਅਯੁਧਿਆ, ਹੈ-ਦਰਾਬਾਦ, ਬੰਬਈ, ਕਰਾਚੀ, ਚਿਤੌੜ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਇਸ ਮੌਕੇ ਆਪ ਦਾ ਪੁੱਤਰ ਵਿਜੈ ਦਾਸ ਅਤੇ ਸਤਿਗੁਰੂ ਕਬੀਰ ਜੀ ਵੀ ਨਾਲ ਸਨ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ। ਤੀਜੀ ਉਦਾਸੀ ਦੌਰਾਨ ਆਪ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਗਏ। ਪੰਜਵੀ ਉਦਾਸੀ ਆਪ ਨੇ ਗਾਜੀਪੁਰ ਦੀ ਕੀਤੀ। ਛੇਵੀਂ ਉਦਾਸੀ ਆਪ ਨੇ ਪੰਜਾਬ ਦੀ ਕੀਤੀ। ਆਪ ਲੁਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ, ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਖੁਰਾਲਗੜ੍ਹ ਆਦਿ ਸਥਾਨਾਂ ਤੇ ਗਏ। ਇਤਿਹਾਸਕ ਧਰਮ ਅਸਥਾਨ ਖੁਰਾਲਗੜ੍ਹ (ਖੁਰਾਲੀ), ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ।

ਇਤਿਹਾਸਕਾਰਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਯੂ. ਪੀ. ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸਾਲ 1515 ਵਿੱਚ ਇਸ ਅਸਥਾਨ ਤੇ ਆਏ ਸਨ। ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਜੀ ਵੀ ਨਾਲ ਸਨ। ਆਪ ਇਸ ਸਥਾਨ ਤੇ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ, ਸੰਗਤਾਂ ਨੂੰ ਸੁਣਾਉਂਦੇ ਅਤੇ ਜੀਵਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਬਹੁਤ ਸਾਰੇ ਪ੍ਰਾਣੀ ਆਪ ਦੇ ਸੇਵਕ ਬਣ ਗਏ। ਆਪ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਈਰਖਾ ਕਰਨ ਲੱਗ ਪਿਆ। ਰਾਜੇ ਨੇ ਆਪ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜਾ ਦਿੱਤੀ। ਆਪ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆਪ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਆਪ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ।

ਆਪ ਸੰਗਤ ਨੂੰ ਨਾਲ ਲੈ ਕੇ ਇੱਥੋਂ ਲੱਗਭੱਗ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਆਪ ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ ਪਹਿਲੀ ਗੋਸ਼ਟੀ ਚੂਹੜਖਾਨਾ (ਨਨਕਾਣਾ ਸਾਹਿਬ) ਵਿਖੇ ਹੋਈ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਕਰ ਰਹੇ ਸਨ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਆਪ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਆਦਿ ਪ੍ਰਸਿੱਧ ਹਨ। ਆਪ ਦੇ ਵਿਚਾਰਾਂ ਤੋਂ ਅਣਗਣਿਤ ਲੋਕ ਪ੍ਰਭਾਵਿਤ ਹੋਏ ਤੇ ਅਪਣੇ ਜੀਵਨ ਦਾ ਰਸਤਾ ਹੀ ਬਦਲ ਦਿੱਤਾ। ਬਾਬਰ ਜੋਕਿ ਮੁਗਲ ਸਮਰਾਜ ਦਾ ਪਹਿਲਾ ਸ਼ਾਸਕ ਸੀ ਅਤੇ 1526 ਵਿੱਚ ਪਾਨੀਪਤ ਦੀ ਲੜਾਈ ਜਿੱਤਕੇ ਦਿੱਲੀ ਤੇ ਕੱਬਜਾ ਕੀਤਾ ਸੀ ਗੁਰੂ ਜੀ ਦੇ ਅਧਿਆਤਮਕ ਵਿਚਾਰਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਬਾਬਰ ਹਮਾਂਊ ਨਾਲ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਉਸ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਲਈ ਬਾਬਰ ਨੂੰ ਸਮਝਾਇਆ ਅਤੇ ਚੰਗੇ ਸਮਾਜਿਕ ਕਾਰਜ ਕਰਨ ਲਈ ਕਿਹਾ। ਬਾਬਰ ਵੀ ਗੁਰੂ ਜੀ ਤੋਂ ਪ੍ਰਭਾਵਿਤ ਹੋਇਆ। ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀਂ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।੧।।
ਅਬ ਮੋਹਿ ਖੂਬ ਵਤਨ ਗਹ ਪਾਈ।।
ਉਹਾਂ ਖੈਰਿ ਸਦਾ ਮੇਰੇ ਭਾਈ।। ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਉਹਾਂ ਗਨੀ ਬਸਹਿ ਮਾਮੂਰ।।੨।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।।
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸੁ ਚਮਾਰਾ।।
ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਆਪ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡੱਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮਂਹਿ ਦੂਸਰ ਮਰਘਟ ਗਾਂਵ।

ਆਪਜੀ ਨੇ ਉਸ ਵੇਲੇ ਫੈਲੀ ਬ੍ਰਾਹਮਣਵਾਦੀ ਪ੍ਰਥਾ ਜਿਸ ਵਿੱਚ ਇੱਕ ਬ੍ਰਾਹਮਣ ਨੂੰ ਸਭਤੋਂ ਵੱਧ ਪੂਜਨੀਕ ਅਤੇ ਸਨ-ਮਾਨਯੋਗ ਮੰਨਿਆ ਜਾਂਦਾ ਸੀ ਦਾ ਵੀ ਕਰੜ੍ਹਾ ਵਿਰੋਧ ਕੀਤਾ:

ਬ੍ਰਾਹਮਣ ਮਤ ਪੂਜੀਏ ਜੋ ਹੋਵੈ ਗੁਣਹੀਨ।।
ਪੂਜੀਏ ਚਰਣ ਚੰਡਾਲ ਕੇ ਜੋ ਹੋਵੈ ਗੁਣ ਪ੍ਰਵੀਨ।।

ਆਪ ਨੇ ਅੰਧਵਿਸਵਾਸ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

ਆਪ ਨੇ ਇਸ ਸੰਸਾਰ ਦੀ ਤੁਲਨਾ ਕਸੁੰਭੇ ਦੇ ਫੁੱਲ ਨਾਲ ਕੀਤੀ ਅਤੇ ਕਿਹਾ ਹੈ:-

ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ।।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।।

ਆਪ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:-

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਕਈ ਭੱਟਾਂ ਅਤੇ ਭਗਤਾਂ ਨੇ ਵੀ ਗੁਰੂ ਰਵਿਦਾਸ ਜੀ ਦੀ ਉਪਮਾ ਕੀਤੀ ਹੈ। ਆਪ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ 151 ਸਾਲ ਦੀ ਆਯੂ ਭੋਗਕੇ 1528 ਇਸਵੀ ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ। ਵੱਖ ਵੱਖ ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਤੇ ਪਹੁੰਚਦੇ ਹਨ। ਸਰਕਾਰ ਵਲੋਂ ਸਮੇਂ ਸਮੇਂ ਤੇ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿੱਚ ਪ੍ਰੋਜੈਕਟ ਬਣਾਏ ਗਏ ਹਨ। ਪੰਜਾਬ ਸਰਕਾਰ ਵਲੋਂ ਸ਼੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਖੁਰਾਲੀ ਦਾ ਨਾਮ ਸ਼੍ਰੀ ਖੁਰਾਲਗੜ੍ਹ ਸਾਹਿਬ ਰੱਖਿਆ ਗਿਆ ਹੈ ਅਤੇ ਯਾਦਗਾਰ ਸਥਾਪਿਤ ਕਰਨ ਲਈ 110 ਕਰੋੜ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 151 ਫੁੱਟ ਉੱਚਾ ਮਿਨਾਰ ਏ ਬੇਗਮਪੁਰਾ ਬਣਾਇਆ ਜਾਵੇਗਾ ਜਿਸਨੂੰ ਜੂਨ 2021 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਅੱਜ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਭਾਰਤ ਅਤੇ ਹੋਰ ਕਈ ਦੇਸ਼ਾਂ ਵਿੱਚ ਸ਼ਰਧਾਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਗੁਰੂ ਰਵਿਦਾਸ ਜੀ ਦਾ ਜਨਮ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਸਾਨੂੰ ਉਨ੍ਹਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾਕੇ ਸਮਾਜ ਵਿੱਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਚਾਹੀਦਾ ਹੈ।



# ਮਹਾਨ ਸਮਾਜ ਪਰਿਵਰਤਕ ਸਤਿਗੁਰੂ ਰਵਿਦਾਸ ਜੀ



ਸੋਧ ਸਾਰ
ਸੁਰਜੀਤ ਮਜਾਰੀ
91+98721-93237



ਵੱਡੇ ਅਤੇ ਛੋਟੇ ਵਰਗਾਂ ਅੰਦਰ ਉਲਝਾਏ ਸਮਾਜ ’ਚ ਜਨਮੇ ਗੁਰੂ ਰਵਿਦਾਸ ਜੀ ਦਾ ਸਮੁੱਚਾ ਜੀਵਨ ਸਫਰ ਅਸਤੁੰਲਿਤ ਤਾਣੇ-ਬਾਣੇ ਨੂੰ ਸੁਲਝਾਉਣ ’ਚ ਬੀਤਿਆ। ਉਹ ਉਸ ਸੋਸ਼ਿਤ ਵਰਗ ’ਚ ਪੈਦਾ ਹੋਏ ਜਿਸ ਨੂੰ ਅਛੂਤ ਕਹਿ ਕੇ ਪਲ ਪਲ ਦੁਰਕਾਰਿਆ ਜਾਂਦਾ ਸੀ। ਇੱਥੋਂ ਤੱਕ ਹਰ ਕੰਮ ਲਈ ਵਗਾਰ ਕਰਾਈ ਜਾਂਦੀ ਸੀ। ਉਸ ਦਾ ਇਵਜ਼ ਭੁੱਖ ਨਾ ਪੂਰੀ ਕਰਨ ਵਾਲੀ ਰੋਟੀ ਤੱਕ ਹੀ ਸੀਮਤ ਸੀ। ਮਾੜੇ ਰਾਜ ਪ੍ਰਬੰਧ ਤੇ ਲਤਾੜੇ ਹੋਏ ਇਸ ਵਰਗ ’ਚ ਕਿਸੇ ਦੇ ਜਨਮ ਦੀ ਕੋਈ ਅਹਿਮੀਅਤ ਨਹੀਂ ਸੀ ਨਾ ਹੀ ਮਰਨ ਦਾ ਕੋਈ ਗ਼ਮ। ਗੁਰੂ ਰਵਿਦਾਸ ਜੀ ਦਾ ਜਨਮ 1414ਈਸਵੀ ਨੂੰ ਉੱਤਰ ਪ੍ਰਦੇਸ਼ ਦੇ ਬਨਾਰਸ ਨਗਰ ਵਿਖੇ ਅਤਿ ਗਰੀਬ ਅਤੇ ਦਰੜੇ ਦਲਿਤ ਦੌਰ ਦੀ ਦਲਦਲ ’ਚ ਹੋਇਆ ਸੀ। ਗੁਰੂ ਜੀ ਆਪਣੇ ਜਾਤੀ ਹਲਾਤਾਂ ਬਾਰੇ ਲਿਖਦੇ ਹਨ-

ਮੇਰੀ ਜਾਤਿ ਬਾਂਢਲਾ ਢੋਰ ਢੋਵੇਤਾ
ਨਿਤਹਿ ਬਾਨਾਰਸੀ ਆਸ ਪਾਸਾ।

ਜਿੱਥੋਂ ਤੱਕ ਸਹਿਣ ਹੋ ਸਕਿਆ ਆਪ ਜੀ ਨੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਤਰ੍ਹਾਂ ਲਤਾੜੀ ਜ਼ਿੰਦਗੀ ਵਾਂਗ ਸਮਾਂ ਬਤੀਤ ਕੀਤਹਾ। ਆਖਿਰ ਨੂੰ ਸਬਰ ਦਾ ਪਿਆਲਾ ਤੋੜਦਿਆਂ ਆਪਣੀ ਸਵਾਲੀਆਂ ਸੋਚ ਸਦਕਾ ਉਪਰੋਕਤ ਸਿਲਸਿਲੇ ਦਾ ਅੰਤ ਕਰਨ ਲਈ ਸੰਘਰਸ਼ ਦਾ ਰਾਹ ਅਪਣਾਇਆ। ਭਾਵੇਂ ਕਿ ਇਹ ਰਾਹ ਅਤਿਅੰਤ ਔਖਾ ਸੀ ਪਰ ਉਹਨਾਂ ਨੇ ਕਲਿਆਣ ਦਾ ਉਦੇਸ਼ ਧਾਰ ਕੇ ਜ਼ੁਲਮ ਅਤੇ ਜਾਲਮ ਨਾਲ ਹਰ ਮੋੜ ਉੱਤੇ ਟੱਕਰ ਲਈ। ਸਭ ਹੈਰਾਨ ਸਨ ਇੱਥੋਂ ਤੱਕ ਪਿਤਾ ਸੰਤੋਖ ਦਾਸ ਅਤੇ ਕਲਸੀ ਵੀ ਉਹਨਾਂ ਨੂੰ ਕਈ ਵਾਰ ਟੋਕਦੇ ਰਹਿੰਦੇ। ਗੁਰੂ ਜੀ ਨੇ ਆਪਣੀ ਸੋਚ ਨੂੰ ਪ੍ਰਵਾਨ ਕਰਨ ਲਈ ਕੱਖਾਂ ਕਾਨਿਆਂ ਦੀ ਝੁੱਗੀ ’ਚ ਨਿਵਾਸ ਕਰਕੇ ਕੁੱਲ ਕਾਇਨਾਤ ਲਈ ਨਵੀਂ ਸਵੇਰ ਦੀ ਆਸ ਤਹਿਤ ਪਹਿਲਕਦਮੀਂ ਕੀਤੀ। ਨਾਲ ਨਾਲ ਕਿਰਤ ਪੱਖ ਤੋਂ ਪਿਤਾ ਪੁਰਖੀ ਚਮੜੇ ਦੇ ਕੰਮ ਨੂੰ ਪਹਿਲ ਦਿੱਤੀ-

ਰਵਿਦਾਸ ਹਉਂ ਨਿੱਜ ਹਥਹਿ ਰਾਖੋ ਰਾਂਬੀ ਆਰ
ਸੁਕ੍ਰਿਤ ਹੀ ਮਸ ਧਰਮ ਹੈ, ਤਾਰੈਗਾ ਭਵ ਪਾਰ
ਪ੍ਰਭੂ ਭਗਤਿ ਸਮ੍ਰ ਸਾਧਨਾ ਜਗ ਮਹਿੰ ਸਿਨਹਿੰ ਪਾਸ
ਤਿਨਹਿੰ ਜੀਵਨ ਸਫ਼ਲ ਭਇਓ ਸਤਿ ਭਾਖੈ ਰਵਿਦਾਸ।

ਗੁਰੂ ਰਵਿਦਾਸ ਜੀ ਨੇ ਦੇਖਿਆ ਹੈ ਕਿ ਲੋਕ ਲਹਿਰ ਤੋਂ ਬਿਨ੍ਹਾਂ ਇਸ ਮੁਸੀਬਤ ਦਾ ਹੱਲ ਨਹੀਂ। ਇਸ ਸੰਦਰਭ ’ਚ ਉਹਨਾਂ ਉਪਦੇਸ਼ ਰਾਹੀਂ ਹੱਕ ਸੱਚ ਦੀ ਗੱਲ ਨੂੰ ਘਰ ਘਰ ਪਹੁੰਚਾਉਣ ਦਾ ਬੀੜਾ ਚੁਕ ਥਾਂ ਥਾਂ ਜਾ ਕੇ ਅਪੀਲਾਂ ਅਤੇ ਦਲੀਲਾਂ ਸਾਂਝੀਆਂ ਕੀਤੀਆਂ। ਉਹਨਾਂ ਲਤਾੜੀ ਕੌਮ ਦੇ ਲੋਕਾਂ ਨੂੰ ਇੱਕ ਹੋ ਕੇ ਅੱਗੇ ਹੋ ਕੇ ਅੱਗੇ ਵੱਧਣ ਲਈ ਆਵਾਜ਼ ਮਾਰੀ-

ਸਤਿ ਸੰਗਤਿ ਮਿਲ ਰਹੀਓ ਮਾਧੋ
ਜੈਸੇ ਮਧਿਰ ਮਖੀਰਾ।।

ਗੁਲਾਮੀਂ ’ਚ ਜੋ ਵਰਗ ਪੀੜਤ ਸੀ ਆਪਣਾ ਜੀਵਨ ਗੁਲਾਮੀਂ ’ਚ ਬਤੀਤ ਕਰਦਿਆਂ ਲਾਗੀ ਵਗਾਰੀ ਬਣ ਕੇ ਇਸ ਵਰਗ ਦੇ ਲੋਕ ਦਿਨਕਟੀ ਕਰਦੇ ਸਨ। ਗੁਲਾਮ ਉੱਤੇ ਆਕਾ ਦੇ ਹੁਕਮ ਵਾਂਗ ਇਹ ਲੋਕ ਮਜ਼ਦੂਰੀ ’ਚ ਅਧੀਨ ਸਨ। ਦੂਜੇ ਬੰਨ੍ਹੇ ਜ਼ਿੰਦਗੀ 'ਚ ਵਿਚਦਿਆਂ ਰਾਹ ’ਚ ਲੰਘਦੇ ਸਮੇਂ ਛਾਪੇ ਬੰਨ੍ਹ ਆਪਣੇ ਪੈਰਾਂ ਦੇ ਨਿਸ਼ਾਨ ਮਿਟਾਉਣੇ, ਦੁਪਹਿਰ ਦੇ ਸਮੇਂ ਵੇਲੇ ਪ੍ਰਛਾਵਾਂ ਛੋਟਾਂ ਹੋਣ ਸਮੇਂ ਹੀ ਰਸਤਿਓਂ ਲੰਘਣ ਦੀ ਪਾਬੰਦੀ ਆਦਿ ਤਸੀਹਿਆਂ ’ਚ ਗਹਿਗੱਚ ਇਸ ਸਮਾਜ ਨੂੰ ਗੁਰੂ ਰਵਿਦਾਸ ਜੀ ਨੇ ਨਵੀਂ ਸੋਚ ਦਿੱਤੀ-

ਪਰਾਧੀਨਤਾ ਪਾਪ ਹੈ, ਜਾਨ ਲਿਓ ਰੇ ਮੀਤ
ਰਵਿਦਾਸ ਪਰਧੀਨ ਸਿਓਂ ਕੋਨ ਕਰੇ ਹੈ ਪ੍ਰੀਤ।

ਸਮੇਂ ਦੇ ਹਾਕਮਾਂ ਲਈ ਗੁਰੂ ਰਵਿਦਾਸ ਜੀ ਇੱਕ ਚਿੰਤਾ ਬਣ ਗਏ। ਆਪਣੀਆ ਮਨਮਰਜੀਆਂ ਕਰਦੇ ਸਮੇਂ ਦੇ ਰਾਜਿਆਂ ਨੂੰ ਇਹ ਡਰ ਪੈ ਗਿਆ ਸੀ ਕਿ ਗੁਰੂ ਰਵਿਦਾਸ ਦਾ ਇਹ ਸੰਘਰਸ਼ ਲੋਕਾਂ ਨੂੰ ਇਕੱਠਿਆਂ ਕਰਕੇ ਸਫ਼ਲ ਨਾ ਹੋ ਜਾਵੇ। ਇਸ ਫ਼ਿਕਰ ’ਚ ਉਹਨਾਂ ਕਈ ਕੋਝੀਆਂ ਚਾਲਾਂ ਵੀ ਚੱਲੀਆਂ। ਭਾਵੇਂ ਕਿ ਮਿਥਿਹਾਸਕ ਤੌਰ ’ਤੇ ਇਸ ਸਬੰਧ ’ਚ ਗੁਰੂ ਰਵਿਦਾਸ ਜੀ ਨਾਲ ਵਾਪਰੀਆਂ ਵੱਖ ਵੱਖ ਘਟਨਾਵਾਂ ਨੂੰ ਵੱਖ ਵੱਖ ਰੂਪ ’ਚ ਪੇਸ਼ ਕੀਤਾ ਗਿਆ ਹੈ। ਪਰ ਇਤਿਹਾਸ ਇਹ ਹੈ ਕਿ ਗੁਰੂ ਜੀ ਨੇ ਸੋਨਾ ਚਾਂਦੀ, ਦਮੜਿਆਂ ਦਾ ਲਾਲਚ ਅਤੇ ਲਿੰਗੀ ਵਾਸਨ ’ਚ ਉਲਝਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਪਿੱਛੇ ਸਮੇਂ ਦੇ ਹਾਕਮਾਂ ਦਾ ਇਹ ਮਕਸਦ ਸੀ ਕਿ ਗੁਰੂ ਜੀ ਆਪਣੇ ਮਿਸ਼ਨ ਤੋਂ ਉਕ ਜਾਣ।

ਨੂੰ ਸੋਚ ਨੂੰ ਉਸ ਵੇਲੇ ਮੂੰਹ ਦੀ ਖਾਣੀ ਪਈ ਜਦੋਂ ਵੱਡੀਆਂ ਰੁਕਾਵਟਾਂ ਨੂੰ ਪਾਰ ਕਰਦਿਆਂ ਗੁਰੂ ਰਵਿਦਾਸ ਜੀ ਨੇ ਇਨਸਾਫ਼ ਦੀ ਗੱਲ ਨੂੰ ਅੱਗੇ ਵਧਾਇਆ। ਉਹਨਾਂ ਸ਼ੂਦਰਾਂ ’ਤੇ ਸਮੇਂ ਦੀਆਂ ਲੱਗੀਆਂ ਪਾਬੰਦੀਆਂ ਨੂੰ ਤੋੜਦਿਆਂ ਜਾਗਣ ਦਾ ਸੰਖ ਵਜਾਇਆ, ਸਾਂਝੇ ਪਾਣੀਆਂ ’ਚ ਇਸਨਾਨ ਕੀਤਾ, ਧਾਰਮਿਕ ਸਥਾਨਾਂ ਤੋਂ ਪ੍ਰਵੇਸ਼ ਕੀਤਾ। ਸਿਰ ਤੋਂ ਪਾਣੀ ਲੰਘਦਾ ਦੇਖ ਰਾਜ ਨਾਗਰ ਮੱਲ ਨੇ ਆਪਣੇ ਸਿਪਾਹੀ ਭੇਜ ਗੁਰੂ ਜੀ ਨੂੰ ਕੈਦੀ ਬਣਾ ਲਿਆ। ਉਹਨਾਂ ਨੂੰ ਜਦੋਂ ਦਰਬਾਰ ’ਚ ਪੇਸ਼ ਕੀਤਾ ਗਿਆ ਅਤੇ ਆਪਣਾ ਪੱਖ ਪੇਸ਼ ਕਰਨ ਦਾ ਹੁਕਮ ਕੀਤਾ ਗਿਆ ਤਾਂ ਗੁਰੂ ਰਵਿਦਾਸ ਜੀ ਨੇ ਇਸ ਮੌਕੇ ਵੀ ਹੱਕ ਸੱਚ ਅਤੇ ਇਨਸਾਫ਼ ਦਾ ਨਾਅਰਾ ਬੁਲੰਦ ਕੀਤਾ। ਗੁਰੂ ਜੀ ਨੇ ਆਖਿਆ ਕਿ ਮੇਰਾ ਤਾਂ ਇਹੀ ਉਦੇਸ਼ ਹੈ ਕਿ ਸਾਰੇ ਬਰਾਬਰ ਦੀ ਜ਼ਿੰਦਗੀ ਜੀਣ। ਜੇਕਰ ਕਿਸੇ ਅਛੂਤ ਅਤੇ ਉਚ ਸ਼੍ਰੇਣੀ ਦੇ ਖ਼ੂਨ ’ਚ ਫਰਕ ਹੈ ਤਾਂ ਇਹ ਸਿੱਧ ਹੋਣ ’ਤੇ ਮੈਂ ਆਪਣਾ ਜੀਵਨ ਤਿਆਗ ਦਿਆਂਗਾ। ਜੇ ਨਹੀਂ ਤਾਂ ਅਛੂਤ ਵਰਗ ਨੂੰ ਵੀ ਬਰਾਬਰ ਦਾ ਮਾਣ ਸਨਮਾਨ ਮਿਲਣਾ ਚਾਹੀਦਾ ਹੈ ਅਤੇ ਗੁਰੂ ਜੀ ਨੇ ਆਪਣੇ ਸਰੀਰ ’ਚੋਂ ਖ਼ੂਨ ਵੀ ਕੱਢਿਆ। ਉਹਨਾਂ ਦੇ ਇਸ ਸਵਾਲ ਦਾ ਕੋਈ ਜਵਾਬ ਨਾ ਮਿਲਿਆ। ਅਡੋਲ ਨਿਸ਼ਚੇ ਦੇ ਮਾਲਕ ਗੁਰੂ ਜੀ ਨੇ ਮੰਗ ਕੀਤੀ-

ਐਸਾ ਚਾਹੂੰ ਰਾਜ ਮੈਂ
ਜਹਾਂ ਮਿਲੇ ਸਭਨ ਕੋ ਅੰਨ
ਛੋਟ ਬੜੇ ਸਭ ਸਮ ਵਸੈ
ਰਵਿਦਾਸ ਰਹੇ ਪ੍ਰਸੰਨ।।

ਇੱਥੇ ਗੁਰੂ ਜੀ ਨੇ ਮਾਨਵਤਾ ਦੇ ਹੱਕ ਇਹੀ ਸੰਦੇਸ਼ ਦਿੱਤਾ ਕਿ ਕੁਦਰਤ ਇੱਕ ਹੈ ਅਤੇ ਕੁਦਰਤ ਦੇ ਬੰਦਿਆਂ ਨੂੰਹ ਹਰ ਥਾਂ ’ਚ ਵਿਚਰਨ ਲਈ ਬਰਾਬਰ ਦਾ ਹੱਕ ਹੈ। ਧਰਮ ਦੀ ਇੱਕ ਟੂੱਕ ਪਰਿਭਾਸ਼ਾ ਉਹਨਾਂ ਨੇ ਇਹੀ ਦਿੱਤੀ ਕਿ ਇਹ ਉਹ ਅਵਸਥਾ ਹੈ ਜਦੋਂ ਕੋਈ ਅਡੰਬਰਬਾਜ਼ੀ ਤੋਂ ਉੱਪਰ ਉੱਠ ਕੇ ਸੱਚੇ ਸੁੱਚੀ ਵਿਚਾਰਧਾਰਾ ਦੀ ਓਟ ਲੈ ਕੇ ਵਧੀਆ ਸਮਾਜਿਕ ਕਾਰਜ ਕਰਦਾ ਹੈ। ਅਜਿਹੇ ਸਾਰੇ ਕੁਝ ਦਾ ਹੀ ਸਿੱਟਾ ਹੀ ਸੀ ਕਿ ਆਖਿਰ ਨੂੰ ਉਹਨਾਂ ਦੀ ਗੱਲ ਸਰਬਪ੍ਰਮਾਣਿਤ ਹੋਈ ਅਤੇ ਇੱਕ ਰਾਜੇ ਦੀ ਧੀ ਮੀਰਾ ਬਾਈ ਸਤੀ ਪ੍ਰਥਾ ਦੀ ਸਤਾਈ ਹੋਈ ਉਹਨਾਂ ਦੀ ਸ਼ਰਨ ’ਚ ਆ ਗਈ। ਇੱਕ ਹੋਰ ਰਾਜੇ ਦੀ ਬੇਟੀ ਝਾਲਾ ਬਾਈ ਵੀ ਉਹਨਾਂ ਦੀ ਸ਼ਰਨ ’ਚ ਆਇ ਅਤੇ ਦੋਵੇਂ ਉਹਨਾਂ ਦੀ ਸੰਘਰਸ਼ਮਈ ਸੋਚ ਨਾਲ ਹੋ ਤੁਰੀਆਂ।

ਗੁਰੂ ਜੀ ਦੀਆਂ ਲਿਖਤਾਂ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਧਾਰਮਿਕ ਭਾਵਨਾਵਾਂ, ਸਮਾਜਿਕ ਬਰਾ-ਬਰਤਾ ਦੇ ਨਾਲ ਨਾਲ ਰਾਜ ਭਾਗ ਦੀ ਗੱਲ ਵੀ ਬਰਾਬਰ ਰੱਖੀ। ਗੁਰੂ ਜੀ ਚਾਹੁੰਦੇ ਸਨ ਕਿ ਰਾਜ ਪਾਗ ਦੀ ਤਾਕਤ ਨਾਲ ਹੀ ਜ਼ਿੰਦਗੀ ਦੇ ਸਾਰੇ ਸੁੱਖਾਂ ਨੂੰ ਆਜ਼ਾਦੀ ਨਾਲ ਮਾਣਿਆ ਜਾ ਸਕਦਾ ਹੈ। ਬੇਗ਼ਮਪੁਰਾ ਵਰਗੇ ਸ਼ਹਿਰ ਵਸਾਉਣ ਦੇ ਸੰਕਲਪ ਨੂੰ ਲੈ ਕੇ ਉਹਨਾਂ ਅਛੂਤ ਵਰਗ ਅਤੇ ਸਮੁੱਚੀ ਮਾਨਵਤਾ ਦੀ ਭਲਾਈ ਹਿੱਤ ਸਰਵਜਨਕ ਰਾਜ ਪ੍ਰਬੰਧ ਦੀ ਪਰਿਭਾਸ਼ਾ ਦਿੱਤਾ-

ਬੇਗ਼ਮਪੁਰਾ ਸਹਰ ਕੋ ਨਾਉ
ਦੁਖ ਅੰਦੋਹ ਨਹੀਂ ਤਿਹਿ ਨਾਉ
ਨਾ ਤਸਵੀਸ ਖਿਰਾਜ ਨਾ ਮਾਲੁ
ਖਉਫ਼ ਨਾ ਖਤਾ ਨਾ ਤਰਸ ਜਵਾਲੁ
ਅਬ ਮੋਹਿ ਖ਼ੂਬ ਵਤਨ ਗਹ ਪਾਈ
ਉਹਾਂ ਖੈਰਿ ਸਦਾ ਮੇਰੇ ਭਾਈ।

ਗੁਰੂ ਰਵਿਦਾਸ ਜੀ ਦੇ ਸਮੁੱਚੇ ਜੀਵਨ ਅਧਿਐਨ ਤੋਂ ਇਹ ਪ੍ਰਕਾਸ਼ ਹੁੰਦਾ ਹੈ ਕਿਉ ਅਜਿਹੀ ਹਸਤੀ ਦੇ ਮਾਲਕ ਸਨ ਜਿਹਨਾਂ ਨੇ ਆਪਣੀ ਜ਼ਿੰਦਗੀ ਦਾ ਸਭ ਕੁਝ ਦੁਖੀਆ ਦੇ ਦੁੱਖਾਂ ਨੂੰ ਨਿਵਾਰਨ ਲਈ ਅਰਪਿਤ ਕਰ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੰਗਹਿ ਵੇਲੇ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੇ ਚਾਲੀ ਸ਼ਬਦਾਂ ਨੂੰ ਅੰਕਿਤ ਕਰਕੇ ਮਾਣਯੋਗ ਥਾ ਦਿੱਤਾ ਗਿਆ। ਗੁਰੂ ਰਵਿਦਾਸ ਜੀ ਦੀ ਬਾਣੀ ਪੜ੍ਹ ਕੇ ਇੱਕ ਅਲੋਕਿਕ ਰੂਹਾਨੀ ਅਤੇ ਕ੍ਰਾਂਤੀਕਾਰੀ ਜਲਵੇ ਦੇ ਪ੍ਰਮਾਣ ਮਿਲਦੇ ਹਨ। ਗੁਰੂ ਜੀ ਆਪਣੇ ਬਚਪਨ ਤੋਂ ਕਾਇਨਾਤ ਦੇ ਬੋਝ ਨੂੰ ਝੱਲ ਕੇ ਜਵਾਨੀ ਦੇ ਸਾਰੇ ਸੁੱਖ ਅਰਾਮ ਤਿਆਗ ਬਿਰਧ ਅਵਸਥਾ ਤੱਕ, ਹੱਕ, ਸੱਚ ਅਤੇ ਇਨਸਾਫ਼ ਲਈ ਸਮਰਪਿਤ ਰਹੇ।

# ਗਾਇਕਾ ਅੰਮ੍ਰਿਤ ਵਿਰਕ ਨੇ ਗਾਇਆ ‘ਸਤਿਗੁਰ ਰਵਿਦਾਸ ਦਾ ਮੰਦਿਰ’

**ਹੁਸ਼ਿਆਰਪੁਰ/ਸ਼ਾਮਚੁਰਾਸੀ 15 ਫਰਵਰੀ –** ਪ੍ਰਸਿੱਧ ਪੰਜਾਬੀ ਗਾਇਕਾ ਅੰਮ੍ਰਿਤਾ ਵਿਰਕ ਨੇ ਨੂਰ ਰਿਕਾਰਡਸ ਅਤੇ ਮਲਕੀਤ ਬੇਗੋਵਾਲ ਦੀ ਨਿਰਦੇਸ਼ਨਾਂ ਹੇਠ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਕਰਦਿਆਂ ਟਰੈਕ 'ਸਤਿਗੁਰ ਰਵਿਦਾਸ ਦਾ ਮੰਦਿਰ’ ਲਾਂਚ ਕੀਤਾ ਹੈ। ਇਸ ਟਰੈਕ ਦਾ ਪੋਸਟਰ ਰਿਲੀਜ਼ ਕਰਦਿਆਂ ਗੀਤਕਾਰ ਮਹਿੰਦਰ ਸੰਧੂ ਨੇ ਦੱਸਿਆ ਕਿ ਬੀਟ ਮੇਕਰ ਨੇ ਇਸ ਨੂੰ ਸੰਗੀਤਬੱਧ ਕੀਤਾ ਅਤੇ




ਆਰ ਕੇ ਬਾਂਸਲ ਨੇ ਇਸ ਦਾ ਵੀਡੀਓ ਤਿਆਰ ਕੀਤਾ ਹੈ। ਪ੍ਰਸ਼ੋਤਮ ਦਾਦਰਾ, ਦਲਵਿੰਦਰ ਰੱਲ ਯੂ ਐਸ ਏ ਅਤੇ ਸ਼ਿੰਗਾਰਾ ਰੱਲ ਯੂ ਐਸ ਏ ਦਾ ਸਮੁੱਚੀ ਟੀਮ ਨੇ ਧੰਨਵਾਦ ਕੀਤਾ ਹੈ। ਹਰ ਸਾਲ ਗਾਇਕਾ ਅੰਮ੍ਰਿਤਾ ਵਿਰਕ ਆਪਣੇ ਰਹਿਬਰਾਂ ਦੀ ਯਾਦ ਵਿਚ ਕੋਈ ਨਾ ਕੋਈ ਧਾਰਮਿਕ ਗੀਤ ਸੰਗਤਾਂ ਦੀ ਝੋਲੀ ਪਾ ਕੇ ਅਜੀਮ ਖੁਸ਼ੀ ਪ੍ਰਾਪਤ ਕਰਦੀ ਹੈ। ਉਸ ਦਾ ਇਹ ਉਪਰਾਲਾ ਸੰਗਤਾਂ ਦਾ ਜਰੂਰ ਆਸ਼ੀਰਵਾਦ ਲਵੇਗਾ।

# ਸ੍ਰੀ ਗੁਰੂ ਰਵਿਦਾਸ ਸੰਸਥਾ ਵੱਲੋਂ 'ਲੋਗੁ ਗਠਾਵੈ ਪਨਹੀ' ਟੈਕਟ ਜਾਰੀ ਕੀਤਾ ਗਿਆ



ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ. ਬਿਨਪਾਲਕੇ ਵੱਲੋਂ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਨੂੰ ਸਮਰਪਿਤ 34 ਵਾਂ ਮੁਫ਼ਤ ਟੈਕਟ ਬਿਨਪਾਲਕੇ ਵਿਖੇ ਜਾਰੀ ਕੀਤਾ ਗਿਆ। ਸੰਸਥਾ ਦੀ ਜਨਰਲ ਸਕੱਤਰ ਚਰਨਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਟ੍ਰੈਕਟ ਵਿੱਚ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਨਾਲ ਸਬੰਧਤ ਲੇਖ ਅਤੇ ਕਵਿਤਾਵਾਂ ਅੰਕਿਤ ਹਨ। ਇਹਨਾਂ ਨੂੰ ਕਲਮਬੱਧ ਕਰਨ ਵਾਲੇ ਵਿਦਵਾਨਾ, ਲੇਖਕਾਂ ਵਿਚ ਪ੍ਰੋ. ਲਾਲ ਸਿੰਘ, ਰੂਪ ਲਾਲ ਰੂਪ, ਡਾ. ਲੇਖ ਰਾਜ ਪਰਵਾਨਾ, ਸੂਬੇਦਾਰ ਮੇਜਰ ਪਿਆਰੇ ਲਾਲ ਚੁਖਿਆਰਾ, ਰਾਮਧਨ ਨਾਂਗਲੂ, ਰਛਪਾਲ ਸਿੰਘ ਬੱਧਣ, ਬਖ਼ਸ਼ੀ ਰਾਮ ਦਰਾਵਾਂ, ਮਾਸਟਰ ਸੂਰਤੀ ਲਾਲ ਮਾਧੋਪੁਰ, ਚਰਨਜੀਤ ਸਿੰਘ ਬਿਨਪਾਲਕੇ ਸ਼ਾਮਲ ਹਨ। ਇਹ ਟੈਕਟ ਸੰਗਤਾਂ ਨੂੰ ਮੁਫ਼ਤ ਵੰਡਿਆ ਜਾ ਰਿਹਾ ਹੈ। ਸ੍ਰੀ ਪ੍ਰੇਮ ਕੁਮਾਰ ਚੁੰਬਰ ਦੀ ਪਰੇਰਨਾ ਸਦਕਾ ਇਹ ਟੈਕਟ ਕੈਲੇਫੋਰਨੀਆ ਵਿਖੇ ਵੀ ਸਤਿਗੁਰੂ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਨੂੰ ਵੰਡਿਆ ਜਾਵੇਗਾ। ਇਸ ਮੌਕੇ ਹਾਜ਼ਰੀ ਭਰਨ ਵਾਲਿਆਂ ਵਿਚ ਸ੍ਰੀ ਮਨਜੀਤ ਸਿੰਘ ਚੁਖਿਆਰਾ, ਸੂਬੇਦਾਰ ਹੰਸਰਾਜ, ਹਰਜਿੰਦਰਪਾਲ ਗੇਹਲੜਾਂ, ਕਮਲਜੀਤ ਪੰਚ, ਟਹਿਲ ਸਿੰਘ, ਮਾਸਟਰ ਰਾਜ ਕੁਮਾਰ ਦਰਾਵਾਂ, ਹਰਜਿੰਦਰ ਬਿਨਪਾਲਕੇ, ਦਿਲਬਾਗ ਸਿੰਘ, ਰਣਜੀਤ ਸਿੰਘ ਅਤੇ ਚਰਨਜੀਤ ਸਿੰਘ ਸ਼ਾਮਲ ਹੋਏ। ਇਸ ਟੈਕਟ ਨੂੰ ਪੜੈਹ ਕੇ ਸੰਗਤਾਂ ਨੂੰ ਲਾਹਾ ਲੈਣ ਦੀ ਅਪੀਲ ਕੀਤੀ ਗਈ।


# ‘ਗੁਰਪੁਰਬ ਦੀਆਂ ਖੁਸ਼ੀਆਂ’ ਟਰੈਕ ਲੈ ਕੇ ਆਏ ਦਿਲਰਾਜ ਤੇ ਨੀਲਮ

**ਹੁਸ਼ਿਆਰਪੁਰ/ਸ਼ਾਮਚੁਰਾਸੀ 15 ਫਰਵਰੀ –** ਦੋਗਾਣਾ ਗਾਇਕੀ ਦੇ ਜਾਣੇ ਪਹਿਚਾਣੇ ਨਾਮ ਦਿਲਰਾਜ ਅਤੇ ਨੀਲਮ ਆਪਣਾ ਨਵਾਂ ਟਰੈਕ 'ਗੁਰਪੁਰਬ ਦੀਆਂ ਖੁਸ਼ੀਆਂ ਆਈਆਂ’ ਲੈ ਕੇ ਹਾਜ਼ਰ ਹੋਏ ਹਨ। ਜਿਸ ਦੀ ਜਾਣਕਾਰੀ ਦਿੰਦਿਆਂ ਗਾਇਕ ਦਿਲਰਾਜ ਅਤੇ ਨੀਲਮ ਨੇ ਦੱਸਿਆ ਕਿ ਇਸ ਟਰੈਕ ਨੂੰ ਡੀ ਡੀ ਐਨ ਮਿਊਜਿਕ ਅਤੇ ਬਿੱਲ ਬਸਰਾ ਕੈਨੇਡਾ ਵਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਨੂੰ ਸਮਰਪਿਤ ਕਰਕੇ ਰਿਲੀਜ਼ ਕੀਤਾ ਗਿਆ ਹੈ। ਇਸ ਦੇ ਪ੍ਰੋਡਿਊਸਰ ਬਿੱਲ ਬਸਰਾ ਕੈਨੇਡਾ ਅਤੇ ਬਲਦੀਸ਼ ਬਸਰਾ ਹਨ। ਨਾਮਵਰ ਕਲਮ ਅਮਰਜੀਤ ਬੇਗਮਪੁਰੀ ਕੈਨੇਡਾ ਨੇ ਇਸ ਨੂੰ ਕਲਮਬੱਧ ਕੀਤਾ ਹੈ। ਜੱਸੀ ਬ੍ਰਦਰ ਦੇ ਸੰਗੀਤ ਵਿਚ ਤਿਆਰ ਇਸ ਟਰੈਕ ਦਾ ਵੀਡੀਓ ਮੁਨੀਸ਼ ਠੁਕਰਾਲ ਨੇ ਬਣਾਇਆ। ਉਕਤ ਜੋੜੀ ਨੇ ਹੈਰੀ ਬਸਰਾ ਕੈਨੇਡਾ, ਸ਼੍ਰੀ ਹਰਮੇਸ਼ ਰੰਗੀਲਾ, ਨਰਿੰਦਰ ਖੇੜਾ, ਸ਼੍ਰੀਮਤੀ ਸੁਰਿੰਦਰ ਭਟੋਏ ਅਤੇ ਰਾਜ ਦਦਰਾਲ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ।




# ‘ਭੇਜ ਕੋਈ ਮਸੀਹਾ ਕਾਂਸ਼ੀ ਵਾਲਿਆ’ ਲੈ ਕੇ ਹਾਜ਼ਰ ਹੋਇਆ ਵਿੱਕੀ ਮੋਰਾਂਵਾਲੀਆ

**ਹੁਸ਼ਿਆਰਪੁਰ/ਸ਼ਾਮਚੁਰਾਸੀ 15 ਫਰਵਰੀ –** ਰਵਿਦਾਸੀਆ ਟੀ ਵੀ ਅਤੇ ਸੀ ਕੇ ਜੱਸੀ ਯੂ ਕੇ ਦੀ ਪੇਸ਼ਕਸ਼ ਗਾਇਕ ਵਿੱਕੀ ਮੋਰਾਂਵਾਲੀਆ ਇਕ ਵਾਰ ਫਿਰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ ਆਪਣਾ ਨਵਾਂ ਟਰੈਕ 'ਭੇਜ ਕੋਈ ਮਸੀਹਾ ਕਾਂਸ਼ੀ ਵਾਲਿਆ’ ਲੈ ਕੇ ਹਾਜ਼ਰ ਹੋਇਆ ਹੈ। ਇਸ ਟਰੈਕ ਦੀ ਜਾਣਕਾਰੀ ਦਿੰਦਿਆਂ ਵਿੱਕੀ ਮੋਰਾਂਵਾਲੀਆ ਨੇ ਦੱਸਿਆ ਕਿ ਯੂ ਟਿਊਬ ਚੈਨਲ ਤੇ ਇਸ ਟਰੈਕ ਨੂੰ ਧੂਮਧਾਮ ਨਾਲ ਲਾਂਚ ਕਰ ਦਿੱਤਾ ਗਿਆ ਹੈ। ਜਿਸ ਦਾ ਸਰੋਤਿਆਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਟਰੈਕ ਨੂੰ ਖ਼ੁਦ ਵਿੱਕੀ ਮੋਰਾਂਵਾਲੀਆ ਨੇ ਗਾਇਆ ਅਤੇ ਲਿਖਿਆ ਹੈ। ਟਰੈਪ ਆਡੀਓ ਨੇ ਇਸ ਨੂੰ ਸੰਗੀਤਬੱਧ ਕੀਤਾ ਹੈ। ਵੀ ਐਮ ਪ੍ਰੋਡਕਸ਼ਨ ਵਲੋਂ ਇਸ ਦਾ ਵੀਡੀਓ ਤਿਆਰ ਕੀਤਾ ਗਿਆ ਹੈ। ਉਕਤ ਗਾਇਕ ਵਲੋਂ ਦੇਵ ਡੀ, ਜੱਸੀ ਸੀ ਕੇ, ਰਵਿਦਾਸੀਆ ਟੀ ਵੀ , ਰਮਨ ਰਜਕ ਐਵੀ ਲੱਖੀਵਾਲ, ਵਰਿੰਦਰ ਕੈਂਥ ਅਤੇ ਰਕੇਸ਼ ਕੁਮਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ।



ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥

ਸ੍ਰੀ ਸੁੱਖਰਾਮ ਚੰਦੜ ਤਾਜਪੁਰੀ ਪਰਿਵਾਰ ਵੱਲੋਂ ਸਭ ਤੋਂ ਪਹਿਲਾਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ, ਉਹਨਾਂ ਦੇ 644ਵੇਂ ਗੁਰਪੁਰਬ ਦਿਹਾੜੇ 'ਤੇ ਕੋਟਿਨ-ਕੋਟਿ ਪ੍ਰਣਾਮ। ਇਸ ਦੇ ਨਾਲ ਹੀ ਸਮੂਹ ਚੰਦੜ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ।



# ਸੁੱਖ ਰਾਮ ਚੰਦੜ ਤਾਜਪੁਰੀ ਅਤੇ ਸਮੂਹ ਚੰਦੜ ਪਰਿਵਾਰ



ਸ੍ਰੀ ਸੁੱਖਰਾਮ ਚੰਦੜ ਤਾਜਪੁਰੀ ਆਪਣੇ ਸਪੁੱਤਰ ਨੀਰਜ ਕੁਮਾਰ ਚੰਦੜ ਅਤੇ ਪਰਿਵਾਰ ਨਾਲ




ਨੀਰਜ ਕੁਮਾਰ ਚੰਦੜ ਆਪਣੇ ਪਰਿਵਰ ਨਾਲ



ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ, ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 644ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



## Mrs. & Mr. Jagtar Bhatia (The Bhatia Family)

Chairman:
Sri Guru Ravidass Sabha Pittsburg (CA)



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 644ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।




## Mrs. & Mr. Shinderpaul Narabut (The Narabut family)

President:
Sri Guru Ravidass Sabha Pittsburg (CA)

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street, Union City, California 94587



## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ 27 ਫਰਵਰੀ 2021, ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ, ਉਸ ਉਪਰੰਤ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਅਤੇ ਉਹਨਾਂ ਦਾ ਜਥਾ ਸ਼ਬਦ ਗਾਇਨ ਕਰਨਗੇ।

*ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ*
*ਗੁਰੂ ਘਰ ਦੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਦਿਓ ਜੀ।*

ਨੋਟ- ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ-19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ




ਵਿਨੋਦ ਕੁਮਾਰ ਚੁੰਬਰ (ਚੇਅਰਮੈਨ)



ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ)



ਅਜੈਬ ਸਿੰਘ ਮੁੰਡਾ (ਪ੍ਰਧਾਨ)



ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ)



ਰਾਮ ਲੁਭਾਇਆ (ਵਾਈਸ ਪ੍ਰਧਾਨ)



ਸ਼ਿਵ ਸਿੱਧੂ (ਜਨਰਲ ਸਕੱਤਰ)




ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ)



ਤਰਲੋਚਨ ਸਿੰਘ ਬੱਧਣ (ਖਜਾਨਚੀ)



ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ)

ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿਨੋਦ ਕੁਮਾਰ ਚੁੰਬਰ (ਚੇਅਰਮੈਨ) 510-953-9800
ਅਜੈਬ ਸਿੰਘ ਮੁੰਡਾ (ਪ੍ਰਧਾਨ) 510-676-8970,
ਸ਼ਿਵ ਸਿੱਧੂ (ਜਨਰਲ ਸਕੱਤਰ) 510-386-2715 ,
ਤਰਲੋਚਨ ਸਿੰਘ ਬੱਧਣ (ਖਜਾਨਚੀ) 510-712-1743

ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ), ਅਜੈਬ ਸਿੰਘ ਮੁੰਡਾ (ਪ੍ਰਧਾਨ), ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ), ਰਾਮ ਲੁਭਾਇਆ (ਵਾਈਸ ਪ੍ਰਧਾਨ), ਸ਼ਿਵ ਸਿੱਧੂ (ਜਨਰਲ ਸਕੱਤਰ), ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ), ਤਰਲੋਚਨ ਸਿੰਘ ਬੱਧਣ (ਖਜਾਨਚੀ), ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ) ਅਤੇ ਸੁਰਿੰਦਰ ਸੋਨੀ (ਆਡੀਟਰ)




**ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥**

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 644ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



ਸ੍ਰੀਮਤੀ ਅਤੇ ਸ੍ਰੀ ਕਸ਼ਮੀਰੀ ਭਾਟੀਆ (ਸਾਬਕਾ ਪ੍ਰਧਾਨ) ਅਤੇ ਸਮੂਹ ਭਾਟੀਆ ਪਰਿਵਾਰ




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

# K&K AUTO REPAIR and Car Wash

**63 Muckelemi St**
**San Juan Bautista 95045**

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥






# ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 26, 27, 28 ਫਰਵਰੀ 2021 ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

*ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ-19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ*

ਸਮਹ ਸੰਗਤਾਂ ਦੇ ਚਰਨਾ ਚ ਬੇਨਤੀ ਹੈ ਕਿ ਮਹਾਰਿਸ਼ੀ ਵਾਲਮੀਕ ਟੈਪਲ ਯਬਾ ਸਿਟੀ ਦਾ ਸਥਾਪਨਾ ਦਿਵਸ ਜੋ ਹਰ ਸਾਲ ਮਾਰਚ ਮਹੀਨੇ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ । ਇਸ ਵਾਰ ਵੀ ਸਥਾਪਨਾ ਦਿਵਸ ਮਨਾਉਣ ਸੰਬੰਧੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਮਿਤੀ 28 ਫ਼ਰਵਰੀ 2021 ਨੂੰ ਦੁਪਹਿਰੇ 1 ਵਜੇ ਤੋਂ 2 ਵਜੇ ਮਹਾਰਿਸ਼ੀ ਵਾਲਮੀਕ ਟੈਪਲ ਯੁਬਾ ਸਿਟੀ ਵਿਖੇ ਰੱਖੀ ਗਈ ਹੈ ਸਮੂਹ ਮੈਬਰਾਨ ਸਮੇਂ ਸਿਰ ਪਹੁੰਚਣ ਤੇ ਵਿਚਾਰ ਰੱਖਣ ਦੀ ਕਿਰਪਾ ਕਰਨ।


ਚੇਅਰਮੈਨ- ਪ੍ਰੇਮ ਲਾਲ ਸੌਂਧੀ


ਪ੍ਰਧਾਨ- ਜਗਜੀਤ ਸਿੰਘ ਗਿੱਲ (ਰਾਣਾ)


ਜਨਰਲ ਸਕੱਤਰ- ਸੰਤੋਖ ਸਿੰਘ ਗਿੱਲ


ਵਾਈਸ ਚੇਅਰਮੈਨ- ਪਲਵਿੰਦਰ ਸਿੰਘ ਸਹੋਤਾ


ਵਾਈਸ ਪ੍ਰਧਾਨ- ਦੀਪਕ ਸਿੰਘ ਸਹੋਤਾ


ਖਜਾਨਚੀ- ਵਿਨੋਦ ਗਿੱਲ


ਵਾਈਸ ਸਕੱਤਰ- ਬਲਵੀਰ ਸਿੰਘ ਧਾਰੀਵਾਲ


ਸਲਾਹਕਾਰ- ਪਰਦੀਪ ਗਿੱਲ


ਡਾਇਰੈਕਟਰ- ਬਲਬੀਰ ਥਾਪਰ


ਸਲਾਹਕਾਰ-ਰੋਹਤਾਸ ਸਿੰਘ ਭੰਗਾਣੀ


ਸਲਾਹਕਾਰ- ਰਾਜ ਕੁਮਾਰ


ਸਲਾਹਕਾਰ- ਪ੍ਰਕਾਸ਼ ਰਾਮ ਗਿੱਲ


ਕੁਲਦੀਪ ਥਾਪਰ (ਦੀਪਾ) ਡਾਇਰੈਕਟਰ


ਸਲਾਹਕਾਰ- ਪਵਿੱਤਰ ਸਿੰਘ ਸਹੋਤਾ

## ਮਹਾਰਿਸ਼ੀ ਵਾਲਮੀਕ ਸਭਾ ਦੀ ਨਵੀਂ ਪ੍ਰਬੰਧਕ ਕਮੇਟੀ

## ਬੇਨਤੀ ਕਰਤਾ- ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

ਸੰਪਰਕ ਲਈ:- ਸ੍ਰੀ ਪ੍ਰੇਮ ਸੌਂਧੀ (ਚੇਅਰਮੈਨ ) 530-813-3877, ਸੰਤੋਖ ਸਿੰਘ ਗਿੱਲ (ਜਨਰਲ ਸਕੱਤਰ) 530-740-3056, ਜਗਜੀਤ ਸਿੰਘ ਗਿੱਲ (ਪ੍ਰਧਾਨ) 530-315-1425






# ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ

## ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 26, 27, 28 ਫਰਵਰੀ 2021 ਨੂੰ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮਾਂ ਦਾ ਵੇਰਵਾ

*26 ਫਰਵਰੀ 2021 ਦਿਨ ਸ਼ੁੱਕਰਵਾਰ ਨੂੰ-* ਆਰੰਭ ਸ੍ਰੀ ਅਖੰਡ ਪਾਠ ਸਾਹਿਬ, 10 ਵਜੇ ਸਵੇਰੇ ਸ਼ਾਮ ਦੇ ਕੀਰਤਨ ਦੀਵਾਨ ਸ਼ਾਮੀ 6 ਵਜੇ ਸਜਾਏ ਜਾਣਗੇ, ਜੋ ਦੇਰ ਰਾਤ 27 ਫਰਵਰੀ ਆਰੰਭ ਹੋਣ ਤੱਕ ਨਿਰੰਤਰ ਚਲਦੇ ਰਹਿਣਗੇ।

*27 ਫਰਵਰੀ 2021 ਦਿਨ ਸ਼ਨੀਵਾਰ*

ਬਾਅਦ ਦੁਪਹਿਰ 4 ਵਜੇ ਨਿਸ਼ਾਨ ਸਾਹਿਬ ਚੜਾਏ ਜਾਣਗੇ, ਜਿਸ ਦੀ ਸੇਵਾ ਸ ਜਸਵਿੰਦਰ ਸਿੰਘ ਉਪਲ ਅਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ

*28 ਫਰਵਰੀ 2021 ਦਿਨ ਐਤਵਾਰ ਨੂੰ* ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕਥਾ, ਕੀਰਤਨ ਅਤੇ ਸ਼ਬਦ ਗਾਇਨ ਹੋਵੇਗਾ। ਬੁਲਾਰੇ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਆਪਣੇ ਵਿਚਾਰ ਰੱਖਣਗੇ। ਸ੍ਰੀ ਅਖੰਡ ਸਾਹਿਬ ਦੀ ਸੇਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਸ ਸ਼ਿੰਗਾਰਾ ਸਿੰਘ ਰੱਲ ਪਰਿਵਾਰ ਵੱਲੋਂ ਹੋਵੇਗੀ।

## ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ-19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ
















**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ, ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ, ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਕ੍ਰਿਸ਼ਨ ਸਿੰਘ, ਅਸ਼ੋਕ ਕੁਮਾਰ

**Sri Guru Ravidas Temple 1480 HAYNE AVE YUBA CITY, CA, Ph- 530-674-2564**

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਲੁਈਸਿਆਨਾ ਦੇ ਗੰਨ ਸਟੋਰ 'ਚ ਹੋਈ ਗੋਲੀਬਾਰੀ ਨਾਲ ਹੋਈ 3 ਲੋਕਾਂ ਦੀ ਮੌਤ, 2 ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021-** ਲੁਈਸਿਆਨਾ ਵਿੱਚ ਇੱਕ ਗੰਨ ਸਟੋਰ ਦੇ ਅੰਦਰ ਸ਼ਨੀਵਾਰ ਦੇ ਦਿਨ ਹੋਈ ਗੋਲੀਬਾਰੀ ਦੌਰਾਨ ਤਿੰਨ ਵਿਅਕਤੀਆਂ ਦੀ ਮੌਤ ਹੋ ਜਾਣ ਦੇ ਨਾਲ ਦੋ ਹੋਰਾਂ ਦੇ ਜ਼ਖਮੀ ਹੋਣ ਦੀ ਘਟਨਾ ਵਾਪਰੀ ਹੈ।ਅਧਿਕਾਰੀਆਂ ਅਨੁਸਾਰ ਇਹ ਜਾਨਲੇਵਾ ਗੋਲੀਬਾਰੀ ਸ਼ਨੀਵਾਰ ਦੁਪਹਿਰ 3 ਵਜੇ ਤੋਂ ਪਹਿਲਾਂ ਨਿਊ ਓਰਲੀਨਜ਼ ਮੈਟ-ਰੋਪੋਲੀਟਨ ਖੇਤਰ ਵਿੱਚ ਮੈਟੈਰੀ ਦੇ ਜੈਫਰਸਨ ਗੰਨ ਆਊਟਲੈਟ ਵਿੱਚ ਵਾਪਰੀ। ਇਸ ਘਟਨਾ ਸੰਬੰਧੀ ਜੇਫਰਸਨ ਦੇ ਸ਼ੈਰਿਫ ਜੋਸੇਫ ਲੋਪਿੰਤੋ ਦੇ ਅਨੁਸਾਰ ਇੱਕ ਸ਼ੱਕੀ ਵਿਅਕਤੀ ਨੇ ਗੰਨ ਸਟੋਰ ਵਿੱਚ ਦੋ ਪੀੜਤ ਵਿਅਕਤੀਆਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ, ਜਿਸਦੇ ਬਾਅਦ ਕਈਆਂ ਲੋਕਾਂ ਦੁ-ਆਰਾ ਸਟੋਰ ਜਾਂ ਪਾਰਕਿੰਗ ਵਾਲੇ ਸਥਾਨ 'ਤੇ ਸ਼ੱਕੀ ਹਮਲਾਵਰ ਵਿਅਕਤੀ 'ਤੇ ਗੋਲੀਆਂ ਚਲਾਈਆਂ ਅਤੇ ਗੋਲੀਬਾਰੀ ਕਰਨ ਵਾਲੇ ਵਿਅਕਤੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਸਾਰੇ ਹਾਦਸੇ ਕਰਕੇ ਘਟਨਾ ਸਥਾਨ 'ਤੇ ਤਿੰਨ ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਨਾਲ ਪ੍ਰਭਾਵਿਤ ਦੋ ਹੋਰ ਲੋਕਾਂ ਨੂੰ ਸਥਾਨਕ ਹਸਪਤਾਲ




ਲਿਆਂਦਾ ਗਿਆ, ਜਿਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।ਇਸ ਮਾਮਲੇ ਬਾਰੇ ਪੁਲਿਸ ਅਨੁਸਾਰ ਗੋਲੀਬਾਰੀ ਕਰਨ ਵਾਲੇ ਵਿਅਕਤੀ ਦੁਕਾਨ ਕਰਮਚਾਰੀ ਸਨ ਜਾਂ ਗਾਹਕ, ਇਸ ਬਾਰੇ ਅਜੇ ਕੁੱਝ ਸਪੱਸ਼ਟ ਨਹੀ ਹੈ।ਸ਼ੈਰਿਫ ਦੇ ਦਫਤਰ ਨੇ ਦੱਸਿਆ ਕਿ ਇਸ ਗੰਨ ਸਟੋਰ ਵਿੱਚ ਵਾਪਰੇ ਹਾਦਸੇ ਸੰਬੰਧੀ ਤੱਥਾਂ ਨੂੰ ਸਾਹਮਣੇ ਲਿਆਉਣ ਲਈ ਜਾਂਚ ਕੀਤੀ ਜਾ ਰਹੀ ਹੈ।ਇਸ ਗੋਲੀਬਾਰੀ ਦੇ ਸੰਬੰਧ ਵਿੱਚ ਮਿਲੀ ਇੱਕ ਫੁਟੇਜ ਵਿੱਚ, ਗੋਲੀਬਾਰੀ ਤੋਂ ਬਾਅਦ ਬੰਦੂਕ ਸਟੋਰ ਦੀ ਖਿੜਕੀ ਅਤੇ ਕਾਰਾਂ ਵਿੱਚ ਗੋਲੀਆਂ ਦੇ ਛੇਕ ਵੇਖੇ ਜਾ ਸਕਦੇ ਸਨ।

# ਕੈਲੀਫੋਰਨੀਆ ਵਿੱਚ ਟਰੱਕ ਨਾਲ ਟਕਰਾਇਆ ਇੱਕ ਛੋਟਾ ਜਹਾਜ਼, ਪਾਇਲਟ ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021-** ਕੈਲੀਫੋਰਨੀਆ ਰਾਜ ਵਿਚ ਇਕ ਛੋਟੇ ਜਹਾਜ਼ ਦੀ ਇੱਕ ਟਰੱਕ ਨਾਲ ਟੱਕਰ ਹੋਣ ਦੀ ਘਟਨਾ ਵਾਪਰੀ ਹੈ। ਲਾਸ ਏਂਜਲਸ ਫਾਇਰ ਡਿਪਾਰਟਮੈਂਟ ਦੇ ਅਨੁਸਾਰ, ਇੱਕ ਇੰਜਣ ਵਾਲਾ ਛੋਟਾ ਜਹਾਜ਼ ਸ਼ੁੱਕਰਵਾਰ ਦੁਪਹਿਰ ਨੂੰ ਸੈਨ ਪੇਡਰੋ ਪੋਰਟ 'ਤੇ ਇੱਕ ਟਰੱਕ ਨਾਲ ਟਕਰਾ ਗਿਆ, ਜਿਸ ਵਿੱਚ ਪਾਇਲਟ ਦੀ ਮੌਤ ਹੋ ਗਈ ਜਦਕਿ ਟਰੱਕ ਚਾਲਕ ਵੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਹਾਦਸਾ ਹੋਣ ਉਪਰੰਤ ਜਹਾਜ਼ੀ ਮਲਬੇ ਦੇ ਨੇੜੇ ਮੌਜੂਦ ਲੋਕਾਂ ਨੇ ਮਦਦ ਕਰਦਿਆਂ ਪਾਇਲਟ ਨੂੰ ਬਾਹਰ ਕੱਢਦਿਆਂ



ਅੱਗ ਬੁਝਾਊ ਕਾਮਿਆਂ ਅਤੇ ਹੋਰ ਅਧਿਕਾਰੀਆਂ ਦੇ ਆਉਣ ਤੱਕ ਮੁੱਢਲੀ ਸਹਾਇਤਾ ਦਿੱਤੀ। ਲਾਸ ਏਂਜਲਸ ਫਾਇਰ ਡਿਪਾਰਟਮੈਂਟ ਦੇ ਅਨੁਸਾਰ ਅਧਿਕਾਰੀਆਂ ਨੇ ਇਸ ਹਾਦਸੇ ਦੀ ਸੂਚਨਾ ਦੇ ਲਗਭਗ ਅੱਧੇ ਘੰਟੇ ਬਾਅਦ ਟਰੱਕ ਡਰਾਈਵਰ ਨੂੰ, ਜੋ ਕਿ ਉਹਨਾਂ ਅਨੁਸਾਰ ਲਗਭਗ 30 ਸਾਲ ਦੇ ਲਗਭਗ ਸੀ ਨੂੰ ਹਸਪਤਾਲ ਲਿਜਾਇਆ ਗਿਆ। ਜਦਕਿ ਅਧਿਕਾਰੀਆਂ ਅਨੁਸਾਰ ਪਾਇਲਟ ਉਹਨਾਂ ਦੇ ਸੈਨ ਪੇਡੈਰੋ ਬੰਦਰਗਾਹ 'ਤੇ ਪਹੁੰਚਣ ਤੋਂ ਤੁਰੰਤ ਬਾਅਦ ਮ੍ਰਿਤਕ ਐਲਾਨਿਆ ਗਿਆ। ਫਾਇਰ ਡਿਪਾਰਟਮੈਂਟ ਅਨੁਸਾਰ ਪਾਇਲਟ ਦੀ ਉਮਰ ਫਿਲਹਾਲ ਸਾਹਮਣੇ ਨਹੀਂ ਆਈ ਹੈ।

ਅਧਿਕਾਰੀਆਂ ਅਨੁਸਾਰ ਜਹਾਜ਼ ਦੇ ਟਰੱਕ ਨਾਲ ਟਕਰਾਉਣ ਦੇ ਕਾਰਨ ਅਜੇ ਅਸਪੱਸ਼ਟ ਹਨ ਪਰ ਰਾਸ਼ਟਰੀ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੂੰ ਇਸ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਇਸਦੇ ਇਲਾਵਾ ਇਸ ਹਾਦਸੇ ਦੀ ਜਾਂਚ ਵੀ ਸ਼ੁਰੂ ਕੀਤੀ ਜਾਵੇਗੀ।

# ਅਮਰੀਕਾ ਵਿੱਚ ਬਰਫੀਲੇ ਮੌਸਮ ਕਾਰਨ ਹੋਈ ਕੋਰੋਨਾ ਵਾਇਰਸ ਟੀਕੇ ਦੀਆਂ 6 ਮਿਲੀਅਨ ਖੁਰਾਕਾਂ ਵਿੱਚ ਦੇਰੀ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021-** ਅਮਰੀਕਾ ਵਿੱਚ ਸਰਦੀਆਂ ਦੇ ਬਰਫੀਲੇ ਮੌਸਮ ਨੇ ਕੋਰੋਨਾ ਵਾਇਰਸ ਟੀਕਾਕਰਨ ਮੁਹਿੰਮ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ, ਜਿਸਦੀ ਵਜ੍ਹਾ ਕਾਰਨ ਦੇਸ਼ ਵਿੱਚ ਟੀਕਾ ਸਪਲਾਈ ਦੀ ਘਾਟ ਅਤੇ ਦੇਰੀ ਕਾਰਨ ਕਈ ਟੀਕਾਕਰਨ ਸਾਈਟਾਂ ਨੂੰ ਬੰਦ ਵੀ ਕਰਨਾ ਪਿਆ ਹੈ। ਇਸ ਸੰਬੰਧ ਵਿੱਚ ਵਾਈਟ ਹਾਊਸ ਦੇ ਸੀਨੀਅਰ ਸਲਾਹਕਾਰ ਐਂਡੀ ਸਲੈਵਿਟ ਦੇ ਅਨੁਸਾਰ ,ਇਸ ਮੌਸਮ ਨੇ ਦੇਸ਼ ਦੇ 50 ਰਾਜਾਂ ਨੂੰ ਪ੍ਰਭਾਵਿਤ ਕਰਨ ਦੇ ਨਾਲ ਲਗਭਗ 6 ਮਿਲੀਅਨ ਖੁਰਾਕਾਂ ਵਿੱਚ ਦੇਰੀ ਹੋਈ ਹੈ ਜਦਕਿ 2000 ਦੇ ਕਰੀਬ ਟੀਕਾਕਰਨ ਸਾਈਟਾਂ ਨੂੰ ਬਿਜਲੀ ਕੱਟਾਂ ਦਾ ਵੀ ਸਾਹਮਣਾ ਕਰਨਾ ਪਿਆ ਹੈ। ਬਰਫੀਲੇ ਤੂਫਾਨਾਂ ਕਰਕੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਜੁਲਾਈ ਦੇ ਅੰਤ ਤੱਕ 600 ਮਿਲੀਅਨ ਤੋਂ ਵੱਧ ਟੀਕੇ ਦੇਣ ਦੇ ਵਾਅਦੇ ਦੀ ਸੰਭਾਵਨਾ ਖਤਰੇ ਵਿਚ ਪੈ ਸਕਦੀ ਹੈ, ਪਰ ਇਸ ਸੰਬੰਧੀ ਰਾਸ਼ਟਰਪਤੀ ਬਾਈਡੇਨ ਨੂੰ ਸਾਲ ਦੇ ਅੰਤ ਤੱਕ ਸਥਿਤੀ ਦੇ ਆਮ ਵਾਂਗ ਵਾਪਸ ਆਉਣ ਦਾ ਵਿਸ਼ਵਾਸ ਹੈ। ਜੋਅ ਬਾਈਡੇਨ ਦੁਆਰਾ




ਸ਼ੁੱਕਰਵਾਰ ਨੂੰ ਕਾਲਾਮਾਜ਼ੂ, ਮਿਸ਼ੀਗਨ ਵਿੱਚ ਫਾਈਜ਼ਰ ਦੀ ਅਸੈਂਬਲੀ ਲਾਈਨ ਦਾ ਦੌਰਾ ਕਰਕੇ ਟੀਕਾ ਉਤਪਾਦਨ ਦਾ ਵੀ ਜਾਇਜ਼ਾ ਲਿਆ ਗਿਆ।

ਇਸਦੇ ਇਲਾਵਾ ਟੀਕਾ ਕੰਪਨੀ ਫਾਈਜ਼ਰ ਨੇ ਵੀ ਸ਼ੁੱਕਰਵਾਰ ਨੂੰ ਘੋਸ਼ਣਾ ਕੀਤੀ ਹੈ ਕਿ ਉਹ ਵੰਡ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਕਦਮ ਚੁੱਕ ਰਹੇ ਹਨ। ਇਸਦੇ ਇਲਾਵਾ ਕੰਪਨੀ ਨੇ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ ਨੂੰ ਵੀ ਇਸ ਦੇ ਟੀਕੇ ਵੱਡੇ ਪੱਧਰ 'ਤੇ ਉਪਲਬਧ ਕਰਵਾਉਣ ਲਈ ਡਿਲਿਵਰੀ ਤੋਂ ਦੋ ਹਫਤਿਆਂ ਬਾਅਦ ਨਿਯਮਤ ਫਰੀਜ਼ਰ ਵਿੱਚ ਸਟੋਰ ਕਰਨ ਦੀ ਬੇਨਤੀ ਕੀਤੀ ਹੈ।

# ਅਮਰੀਕਾ ਵਿੱਚ ਸੁਪਰ ਮਾਰਕੀਟ ਚੇਨ ਪਬਲਿਕਸ ਆਪਣੇ ਕਰਮਚਾਰੀਆਂ ਨੂੰ ਕੋਰੋਨਾ ਵਾਇਰਸ ਟੀਕਾ ਲਗਵਾਉਣ ਲਈ ਦੇਵੇਗੀ 125 ਡਾਲਰ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021-** ਅਮਰੀਕਾ ਦੇ ਸੁਪਰ ਮਾਰਕੀਟ ਚੇਨ ਸਮੂਹ ਪਬਲਿਕਸ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਉਹ ਆਪਣੇ 225,000 ਤੋਂ ਵੱਧ ਕਰਮਚਾਰੀਆਂ ਨੂੰ ਕੋਰੋਨਾ ਟੀਕਾ ਲਗਵਾਉਣ 'ਤੇ 125 ਡਾਲਰ ਦੇ ਪਬਲਿਕਸ ਗਿਫਟ ਕਾਰਡ ਦੇਵੇਗਾ। ਇਸ ਸੁਪਰ ਮਾਰਕੀਟ ਚੇਨ ਨੇ ਆਪਣੇ ਵਰਕਰਾਂ ਨੂੰ ਵਾਇਰਸ ਤੋਂ ਬਚਾਅ ਲਈ ਟੀਕਾ ਲਗਵਾਉਣ ਵਾਸਤੇ ਰਾਸ਼ੀ ਦੀ ਪੇਸ਼ਕਸ਼ ਕਰਨ ਵਾਲੀਆਂ ਕੰਪਨੀਆਂ ਵਿੱਚ ਆਪਣਾ ਨਾਮ ਸ਼ੁਮਾਰ ਕਰਵਾਇਆ ਹੈ। ਫਲੋਰਿਡਾ ਦੇ ਲੇਕਲੈਂਡ ਸਥਿਤ ਇਸ ਕੰਪਨੀ ਅਨੁਸਾਰ ਇਸ ਰਾਸ਼ੀ ਦੇ ਗਿਫਟ ਕਾਰਡ ਉਹਨਾਂ ਮੌਜੂਦਾ ਕਰਮਚਾਰੀਆਂ ਨੂੰ ਭੇਜੇ ਜਾ ਰਹੇ ਹਨ ਜੋ ਇੱਕ ਫਾਰਮ ਅਤੇ ਕੋਰੋਨਾ ਟੀਕਾਕਰਨ ਦਾ ਸਬੂਤ ਪੇਸ਼ ਕਰਦੇ ਹਨ। ਪਬਲਿਕਸ ਦੇ ਸੀ ਈ ਓ ਟੌਡ ਜੋਨਸ




ਅਨੁਸਾਰ ਉਹਨਾਂ ਦੇ ਕਰਮਚਾਰੀਆਂ ਨੂੰ ਟੀਕਾਕਰਨ ਸੰਬੰਧੀ ਉਤਸ਼ਾਹਿਤ ਕਰਨ ਦਾ ਇਹ ਕਦਮ ਆਮ ਵਾਂਗ ਜਿੰਦਗੀ ਬਤੀਤ ਕਰਨ ਵਿੱਚ ਮਦਦ ਕਰ ਸਕਦਾ ਹੈ। ਸੁਪਰ ਮਾਰਕੀਟ ਸਮੂਹ ਪਬਲਿਕਸ ਅਲਾਬਾਮਾ, ਫਲੋਰੀਡਾ, ਜਾਰਜੀਆ, ਨੌਰਥ ਕੈਰੋਲਿਨਾ, ਸਾਊਥ ਕੈਰੋਲਿਨਾ, ਟੇਨੇਸੀ ਅਤੇ ਵਰਜੀਨੀਆ ਵਿੱਚ 9 ਵੰਡ ਕੇਂਦਰਾਂ ਅਤੇ 11 ਮੈਨੂਫੈਕਚਰ ਸਹੂਲਤਾਂ ਦੇ ਨਾਲ 1,266 ਸਟੋਰ ਚਲਾਉਂਦਾ ਹੈ। ਪਬਲਿਕਸ ਦਾ ਇਹ ਕਦਮ ਟਾਇਸਨ ਫੂਡਜ਼ ਦੇ ਦੋ ਦਿਨਾਂ ਬਾਅਦ ਆਇਆ ਹੈ ਜੋ ਕਿ ਦੇਸ਼ ਦੀ ਵੱਡੀ ਪੋਲਟਰੀ ਉਤਪਾਦਕ ਫਰਮ ਹੈ। ਜਿਸਨੇ ਆਪਣੇ ਤਕਰੀਬਨ 12,000 ਕਾਮਿਆਂ ਨੂੰ ਕੋਰੋਨਾ ਟੀਕਾ ਲਗਵਾਉਣ ਲਈ ਚਾਰ ਘੰਟਿਆਂ ਦੀ ਤਨਖਾਹ ਦੀ ਪੇਸ਼ਕਸ਼ ਕੀਤੀ ਹੈ । ਇਸਦੇ ਇਲਾਵਾ ਕੋਰੋਨਾ ਟੀਕੇ ਲਈ ਚਾਰ ਘੰਟਿਆਂ ਦੀ ਵਾਧੂ ਤਨਖਾਹ ਦੀ ਪੇਸ਼ਕਸ਼ ਕਰਨ ਵਾਲੇ ਹੋਰਾਂ ਵਿੱਚ ਆਲਡੀ, ਡਾਰਡਨ ਰੈਸਟੋਰੈਂਟ, ਡਾਲਰ ਜਨਰਲ, ਮੈਕਡੋਨਲਡ ਅਤੇ ਟਾਰਗੇਟ ਗਰੁੱਪ ਸ਼ਾਮਿਲ ਹਨ।ਕਰਮਚਾਰੀਆਂ ਨੂੰ ਟੀਕਾ ਲਗਵਾਉਣ ਲਈ ਵਿੱਤੀ ਉਤਸ਼ਾਹ ਦੇਣ ਦੀਆਂ ਯੋਜਨਾਵਾਂ ਮੈਡੀਕਲ ਉਦਯੋਗ ਵਿੱਚ ਵੀ ਪਹੁੰਚ ਰਹੀਆਂ ਹਨ ,ਜਿਸਦੇ ਤਹਿਤ ਟੈਕਸਾਸ ਵਿੱਚ ਹਿਊਸਟਨ ਮੈਥੋਡਿਸਟ ਅਗਲੇ ਮਹੀਨੇ ਆਪਣੇ 26,000 ਕਰਮਚਾਰੀਆਂ ਨੂੰ ਕੋਰੋਨਾ ਟੀਕਾਕਰਨ ਲਈ ਵਾਧੂ 500 ਡਾਲਰ ਦੇਣ ਦੀ ਯੋਜਨਾ ਬਣਾ ਰਹੀ ਹੈ।

# ਟੈਕਸਾਸ ਵਿੱਚ ਸਰਦੀਆਂ ਦੇ ਤੂਫਾਨ ਤੋਂ ਬਾਅਦ ਲੱਖਾਂ ਲੋਕ ਕਰ ਰਹੇ ਹਨ ਪਾਣੀ ਦੇ ਸੰਕਟ ਦਾ ਸਾਹਮਣਾ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021-** ਅਮਰੀਕਾ ਦੇ ਦੱਖਣ ਵਿੱਚ ਲੱਖਾਂ ਲੋਕ ਠੰਡੇ ਤਾਪਮਾਨ ,ਸਾਫ ਪਾਣੀ ਦੀ ਘਾਟ ਦੇ ਨਾਲ ਭੋਜਨ ਦੀ ਘਾਟ ਦਾ ਵੀ ਸਾਹਮਣਾ ਕਰ ਰਹੇ ਹਨ। ਇਸ ਸੰਕਟ ਦੇ ਸਮੇਂ ਫੂਡ ਬੈਂਕਾਂ ਅਤੇ ਪਾਣੀ ਵੰਡਣ ਦੀਆਂ ਸਾਈਟਾਂ 'ਤੇ ਲੰਬੀਆਂ ਲਾਈਨਾਂ ਲੱਗ ਰਹੀਆਂ ਹਨ। ਰਾਸ਼ਟਰਪਤੀ ਜੋਅ ਬਾਈਡੇਨ ਅਨੁਸਾਰ ਉਹ ਟੈਕਸਾਸ ਰਾਜ ਲਈ ਨਵੇਂ ਐਮਰਜੈਂਸੀ ਘੋਸ਼ਣਾ ਪੱਤਰ ਤੇ ਦਸਤਖਤ ਕਰਨਗੇ, ਜਿੱਥੇ ਕਿ ਅੱਧਾ ਰਾਜ ਬਾਇਲ ਵਾਟਰ ਨੋਟਿਸ ਦੇ ਅਧੀਨ ਹਨ। ਇਸਦੇ ਇਲਾਵਾ ਲੁਈਸਿਆਨਾ ਅਤੇ ਮਿਸੀਸਿਪੀ ਵਿੱਚ ਵੀ ਲੱਖਾਂ ਹੋਰ ਸ਼ੁੱਕਰਵਾਰ ਰਾਤ ਨੂੰ ਇਸੇ ਤਰੀਕੇ ਦੇ ਸੰਕਟ ਦਾ ਸਾਹਮਣਾ ਕਰ ਰਹੇ ਸਨ। ਸੈਨ ਐਂਟੋਨਿਓ ਵਿਚ ਹਾਲਾਤ ਇੰਨੇ ਮਾੜੇ ਹਨ ਕਿ ਅੱਗ ਬੁਝਾਉਣ ਵਾਲੇ ਅੱਗ ਬੁਝਾਉਣ ਲਈ ਹਾਈਡ੍ਰੈਂਟਸ ਤੋਂ ਪਾਣੀ ਲੈਣ ਲਈ ਸੰਘਰਸ਼ ਕਰ ਰਹੇ ਹਨ ਜਦਕਿ ਕਈ ਘਰ ਫਟ ਗਈਆਂ ਪਾਈਪਾਂ ਦੁਆਰਾ ਵੀ ਪ੍ਰਭਾਵਿਤ ਹੋਏ ਹਨ।ਅੰਕੜਿਆਂ ਅਨੁਸਾਰ ਘੱਟੋ ਘੱਟ 44 ਮੌਤਾਂ ਇਸ ਹਫਤੇ ਦੇ ਗੰਭੀਰ ਮੌਸਮ ਨਾਲ ਜੁੜੀਆਂ ਹਨ ਅਤੇ



ਤੂਫਾਨਾਂ ਦੀ ਵਜ੍ਹਾ ਨਾਲ ਆਰਥਿਕ ਨੁਕਸਾਨ ਵੀ 50 ਬਿਲੀਅਨ ਡਾਲਰ ਤੱਕ ਪਹੁੰਚ ਸਕਦਾ ਹੈ।

ਸਰਦੀਆਂ ਦੇ ਇਸ ਤੂਫਾਨ ਕਾਰਨ ਟੈਕਸਾਸ ਰਾਜ ਦੀ ਅੱਧੀ ਆਬਾਦੀ ਤਕਰੀਬਨ 14 ਮਿਲੀਅਨ ਤੋਂ ਵੱਧ ਲੋਕਾਂ ਕੋਲ ਅਜੇ ਵੀ ਪੀਣ ਯੋਗ ਪਾਣੀ ਨਹੀਂ ਹੈ। ਡੈਲਾਸ ਖੇਤਰ ਵਿੱਚ,ਕਈ ਸੰਸਥਾਵਾਂ ਇਸ ਹਫਤੇ ਦੇ ਅੰਤ ਵਿੱਚ 25,000 ਦੇ ਕਰੀਬ ਖਾਣੇ ਦੀਆਂ ਕਿੱਟਾਂ ਦੇਣ ਦੀ ਤਿਆਰੀ ਕਰ ਰਹੀਆਂ ਹਨ। ਟੈਕਸਾਸ ਤੋਂ ਇਲਾਵਾ, ਲੁਈਸਿਆਨਾ ਅਤੇ ਮਿਸੀਸਿਪੀ ਦੇ ਕੁੱਝ ਹਿੱਸਿਆਂ ਵਿੱਚ ਟੂਟੀਆਂ ਵਿਚਲੇ ਪਾਣੀ ਦੇ ਜੰਮਣ ਦਾ ਵੀ ਸਾਹਮਣਾ ਕੀਤਾ ਜਾ ਰਿਹਾ ਹੈ।

# ਕੋਲੋਰਾਡੋ ਵਿੱਚ ਐਮਰਜੈਂਸੀ ਲੈਂਡਿੰਗ ਦੌਰਾਨ ਰਿਹਾਇਸ਼ੀ ਖੇਤਰ ਵਿੱਚ ਡਿੱਗਿਆ ਜਹਾਜ਼ ਦਾ ਮਲਬਾ


**ਫਰਿਜ਼ਨੋ (ਕੈਲੀਫੋਰਨੀਆ), 21 ਫਰਵਰੀ 2021-** ਅਮਰੀਕਾ ਦੇ ਕੋਲੋਰਾਡੋ ਵਿੱਚ ਸ਼ਨੀਵਾਰ ਦੇ ਦਿਨ ਯੂਨਾਈਟਿਡ ਏਅਰਲਾਇੰਸ ਦੀ ਇੱਕ ਉਡਾਣ ਨੇ ਟੇਕ ਆਫ ਤੋਂ ਥੋੜ੍ਹੀ ਦੇਰ ਬਾਅਦ ਇੰਜਣ ਵਿੱਚ ਆਈ ਖਰਾਬੀ ਕਾਰਨ ਇਕ ਸੁਰੱਖਿਅਤ ਐਮਰਜੈਂਸੀ ਲੈਂਡਿੰਗ ਕੀਤੀ, ਪਰ ਇਸ ਦੌਰਾਨ ਜਹਾਜ਼ ਦੇ ਕੁੱਝ ਵੱਡੇ ਹਿੱਸੇ ਰਿਹਾਇਸ਼ੀ ਖੇਤਰ ਵਿੱਚ ਡਿੱਗੇ , ਜਿਸ ਬਾਰੇ ਕਿ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਏਅਰ ਲਾਈਨ ਦੇ ਇੱਕ ਬਿਆਨ ਅਨੁਸਾਰ ਯੂਨਾਈਟਿਡ ਫਲਾਈਟ 328 ਨੇ 231 ਯਾਤਰੀਆਂ ਅਤੇ 10 ਕਰਿਊ ਮੈਂਬਰਾਂ ਨੂੰ ਲੈ ਕੇ, ਡੈਨਵਰ ਤੋਂ ਹੋਨੋਲੂਲੂ ਲਈ ਦੁਪਹਿਰ 12 ਵਜੇ ਉਡਾਣ ਭਰੀ,ਪਰ ਟੇਕ ਆਫ



ਤੋਂ ਬਾਅਦ ਇਸਨੂੰ ਤਕਨੀਕੀ ਨੁਕਸ ਦਾ ਸਾਹ-ਮਣਾ ਕਰਨ ਦੇ ਬਾਅਦ ਡੈਨਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵਾਪਸ ਜਾਣ ਲਈ ਮਜਬੂਰ ਹੋਣਾ ਪਿਆ। ਇਸ ਦੌਰਾਨ ਯੂਨਾਈਟਿਡ ਏਅਰਲਾਇੰਸ ਦੁਆਰਾ ਸੰਚਾਲਤ ਬੋਇੰਗ 777-200 ਦੀ ਉਡਾਣ ਡੈਨਵਰ ਅੰਤਰਰਾ-ਸ਼ਟਰੀ ਹਵਾਈ ਅੱਡੇ 'ਤੇ ਇੰਜਣ ਦੀ ਅਸਫਲਤਾ ਦਾ ਸਾਹਮਣਾ ਕਰਨ ਤੋਂ ਬਾਅਦ ਸੁਰੱਖਿਅਤ ਢੰਗ ਨਾਲ ਉਤਾਰੀ ਗਈ ਅਤੇ ਇਸਦੀ ਐਮਰਜੈਂਸੀ ਲੈਂਡਿੰਗ ਦੌਰਾਨ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਟਰਮੀਨਲ 'ਤੇ ਲਿਜਾਇਆ ਗਿਆ। ਪਰ ਇਸ ਲੈਂਡਿੰਗ ਕਰਕੇ ਡੈਨਵਰ ਤੋਂ 16 ਮੀਲ ਉੱਤਰ ਵੱਲ ਸਥਿਤ ਬਰੂਮਫੀਲਡ ਸ਼ਹਿਰ ਦੀ ਪੁਲਿਸ ਨੂੰ 1 ਵਜੇ ਦੇ ਕਰੀਬ ਜਹਾਜ਼ ਵਿੱਚੋਂ ਧਾਤ ਦੇ ਟੁਕੜੇ ਡਿੱਗਣ ਦੀ ਸੂਚਨਾ ਪ੍ਰਾਪਤ ਹੋਈ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਦਸਾਗ੍ਰਸਤ ਹੋਏ ਜਹਾਜ਼ ਦਾ ਮਲਬਾ ਤਿੰਨ ਵੱਖ-ਵੱਖ ਮੁਹੱਲਿਆਂ ਵਿੱਚ ਡਿੱਗਿਆ ਮਿਲਿਆ, ਜਿਸ ਨਾਲ ਕਿ ਘਰਾਂ ਅਤੇ ਕੁੱਝ ਵਾਹਨਾਂ ਨੂੰ ਨੁਕਸਾਨ ਪਹੁੰਚਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਐਫ ਏ ਏ ਅਤੇ ਐਨ ਟੀ ਐਸ ਬੀ ਸੰਸਥਾਵਾਂ ਦੁਆਰਾ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# "ਸਾਊਂਡ ਵੇਵਜ ਮਿਊਜ਼ਕ ਕੰਪਨੀ" ਦੇ ਬੈਨਰ ਹੇਠ ਰਿਲੀਜ ਹੋਏ ਤਿੰਨ ਹੋਰ ਨਵੇਂ ਧਾਰਮਿਕ ਗੀਤ







ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਗੁਰਪੁਰਬ ਤੇ "ਸਾਊਂਡ ਵੇਵਜ ਮਿਊਜ਼ਕ ਕੰਪਨੀ" ਵੱਲੋਂ ਜਿਵੇਂ ਕਿ ਕੁਝ ਦਿਨ ਪਹਿਲਾਂ ਮਲਕੀਤ ਬਬੇਲੀ ਦੀ ਬੁਲੰਦ ਆਵਾਜ ਵਿੱਚ ਇੱਕ ਧਾਰਮਿਕ ਗੀਤ "ਦੁਨੀਆਂ ਨੂੰ ਤਾਰਨ ਆਏ ਸਤਿਗੁਰੂ ਰਵਿਦਾਸ ਜੀ" ਰਿਲੀਜ ਕੀਤਾ ਗਿਆ , ਜਿਸ ਨੂੰ ਕਿ ਪਵਨ ਮਾਹੀ ਯੂ ਐਸ ਏ ਨੇ ਲਿਖਿਆ, ਜਿਸ ਨੂੰ ਸਰੋਤਿਆਂ ਵੱਲੋਂ ਕਾਫ਼ੀ ਚੰਗਾ ਹੁੰਗਾਰਾ ਮਿਲ ਰਿਹਾ ਹੈ।

ਇਸੇ ਲੜੀ ਵਿੱਚ "ਸਾਊਂਡ ਵੇਵਜ ਮਿਊਜ਼ਕ ਕੰਪਨੀ" ਵੱਲੋਂ ਤਿੰਨ ਹੋਰ ਨਵੇਂ ਧਾਰਮਿਕ ਗੀਤ ਰਿਲੀਜ ਕੀਤੇ ਜਾ ਰਹੇ ਹਨ। ਇਹਨਾਂ ਵਿੱਚੋਂ ਇੱਕ ਗੀਤ "ਗੁਰੂ ਰਹਿੰਦੇ ਮੇਰੇ ਆਸ ਪਾਸ ਜੀ" ਜਿਸਨੂੰ ਆਵਾਜ਼ ਦਿੱਤੀ ਹੈ ਵਰਲਡ ਫੇਮਸ ਬਹੁਤ ਹੀ ਦਮਦਾਰ ਅਤੇ ਸੁਰੀਲੀ ਆਵਾਜ਼ ਦੀ ਮਾਲਕ ਸਿੰਗਰ ਪ੍ਰੇਮ ਲਤਾ ਜੀ ਨੇ । ਇਸ ਗੀਤ ਦੇ ਗੀਤਕਾਰ ਅਤੇ ਪ੍ਰੋਡਿਊਸਰ ਪਵਨ ਮਾਹੀ ਯੂ ਐਸ ਏ ਹਨ ਤੇ ਸੰਗੀਤ ਦਿੱਤਾ ਹੈ ਨੌਜਵਾਨ ਸੰਗੀਤਕਾਰ ਸਾਹਿਬ ਹੀਰਾ ਨੇ । ਇਸ ਗੀਤ ਦੀ ਵੀਡਿਓ ਨੂੰ ਜਸਵਿੰਦਰ ਬੱਲ ਜੀ ਦੀ ਟੀਮ ਨੇ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤਾ ਹੈ ।

ਇਹਨਾਂ ਗੀਤਾਂ ਵਿੱਚ ਹੀ ਦੂਜਾ ਗੀਤ "ਕਾਂਸ਼ੀ ਦੀ ਧਰਤੀ" ਜਿਸਨੂੰ ਆਵਾਜ਼ ਦਿੱਤੀ ਹੈ ਨੌਜਵਾਨ ਗਾਇਕ ਪਾਲੀ ਫਾਜਿਲਪੁਰੀਏ ਨੇ, ਸੰਗੀਤਕ ਧੁੰਨਾਂ ਵਿੱਚ ਪਰੋਇਆ ਹੈ ਸਾਹਿਬ ਹੀਰਾ ਨੇ, ਇਸ ਗੀਤ ਨੂੰ ਪ੍ਰੋਡਿਊਸ ਕੀਤਾ ਹੈ ਪਵਨ ਮਾਹੀ ਅਤੇ ਪ੍ਰੈਜੇਨਟੇਸ਼ਨ ਰਣਜੀਤ ਮਾਹੀ ਜੀ ਦੀ ਹੈ ਜਿਸ ਦਾ ਵੀਡਿਓ ਫਿਲਮਾਂਕਣ ਸੀ ਐਮ ਟੀ ਸਟੂਡਿਓ ਅਤੇ ਮਾਹੀ ਆਰਟਸ ਵੱਲੋਂ ਕੀਤਾ ਹੈ।

ਕੰਪਨੀ ਵੱਲੋਂ ਇੱਕ ਹੋਰ ਧਾਰਮਿਕ ਗੀਤ "ਨਾਮ ਗੁਰਾਂ ਦਾ" ਸਰੋਤਿਆਂ ਦੀ ਕਚਹਿਰੀ ਪੇਸ਼ ਕੀਤਾ ਗਿਆ ਹੈ, ਜਿਸ ਦੇ ਗੀਤਕਾਰ ਅਤੇ ਗਾਇਕ ਗੋਰਾ ਮਾਹੀ ਹਨ । ਗੋਰਾ ਮਾਹੀ ਜੀ ਨੇ ਇਸ ਗੀਤ ਰਾਹੀਂ ਸਰੋਤਿਆਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਸਰਲ ਸ਼ਬਦਾਂ ਵਿੱਚ ਦੱਸਣ ਬਹੁਤ ਵਧੀਆ ਕੋਸ਼ਿਸ਼ ਕੀਤੀ ਹੈ ।ਇਸ ਗੀਤ ਦੇ ਪ੍ਰੋਡਿਊਸਰ ਰੂਪ ਲਾਲ ਸਿੱਧੂ (UAE) ਤੇ ਪ੍ਰੈਜੇਨਟੇਸ਼ਨ ਸੋਡੀ ਰਾਮ (UAE) ਦੀ ਹੈ ਅਤੇ ਸੰਗੀਤ ਉਸੇ ਨੌਜਵਾਨ ਸੰਗੀਤਕਾਰ ਸਾਹਿਬ ਹੀਰਾ ਨੇ ਦਿੱਤਾ ਹੈ । ਇਸ ਗੀਤ ਦੀ ਵੀਡਿਓ ਝਝਓ ਸਟੂਡਿਓ ਨੇ ਬਣਾਈ ਹੈ ।

ਇਹਨਾਂ ਸਾਰੇ ਗੀਤਾਂ ਨੂੰ ਤਿਆਰ ਕਰਨ ਲਈ ਪੂਰੀ ਟੀਮ ਵਲੋਂ ਬਹੁਤ ਮਿਹਨਤ ਕੀਤੀ ਹੈ, ਆਸ ਕਰਦੇ ਹਾਂ ਕਿ ਸਾਊਂਡ ਵੇਵਜ ਕੰਪਨੀ ਵੱਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਗੀਤਾਂ ਨੂੰ ਸਰੋਤਿਆਂ ਵੱਲੋਂ ਪਸੰਦ ਕੀਤਾ ਜਾਵੇਗਾ ਅਤੇ ਅੱਗੇ ਤੋਂ ਵੀ ਦਰਸ਼ਕਾਂ ਲਈ ਚੰਗੇ ਸਮਾਜਿਕ ਅਤੇ ਧਾਰਮਿਕ ਗੀਤ ਲੈ ਕੇ ਆਉਣ ਦੀ ਕੋਸ਼ਿਸ਼ ਕਰਦੇ ਰਹਾਂਗੇ ।

***

## ਗਲਾਸਗੋ/ ਲੰਡਨ ਹਫਤਾਵਾਰੀ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਪਰਿੰਸ ਫਿਲਿਪ ਨੂੰ ਵਿੰਡਜ਼ਰ ਕੈਸਲ ਵਿਖੇ ਬਿਮਾਰ ਹੋਣ ਤੋਂ ਬਾਅਦ ਕਰਵਾਇਆ ਗਿਆ ਹਸਪਤਾਲ ਦਾਖਲ

**ਗਲਾਸਗੋ/ਲੰਡਨ–** ਬਰਤਾਨੀਆ ਦੇ ਪਰਿੰਸ ਫਿਲਿਪ ਨੂੰ ਉਹਨਾਂ ਦੀਆਂ ਸਿਹਤ ਸਮੱਸਿਆਵਾਂ ਦੇ ਮੱਦੇਨਜ਼ਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਸੰਬੰਧੀ ਬਕਿੰਘਮ ਪੈਲੇਸ ਨੇ ਬੁੱਧਵਾਰ ਨੂੰ ਪੁਸ਼ਟੀ ਕਰਦਿਆਂ ਦੱਸਿਆ ਕਿ ਪਰਿੰਸ ਫਿਲਿਪ ਨੂੰ ਮੰਗਲਵਾਰ ਦੀ ਰਾਤ ਸਿਹਤ ਸੰਬੰਧੀ ਸਾਵਧਾਨੀ ਵਜੋਂ ਲੰਡਨ ਦੇ ਕਿੰਗ ਐਡਵਰਡ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਰਾਜਕੁਮਾਰ ਫਿਲਿਪ (99 ਸਾਲ) ਨੂੰ ਜਨਵਰੀ ਵਿੱਚ ਕੋਰੋਨਾ ਵਾਇਰਸ ਦਾ ਟੀਕਾ ਲਗਾਇਆ ਗਿਆ ਸੀ ਅਤੇ ਹੁਣ ਉਹਨਾਂ ਦੀ ਬਿਮਾਰੀ ਕੋਵਿਡ ਨਾਲ ਸਬੰਧਤ ਨਹੀਂ ਹੈ। ਇਸਦੇ ਇਲਾਵਾ ਰਿਪੋਰਟਾਂ ਅਨੁਸਾਰ ਉਹਨਾਂ ਨੂੰ ਬਿਨਾਂ ਕਿਸੇ ਸਹਾਇਤਾ ਦੇ ਹਸਪਤਾਲ ਵਿੱਚ ਤੁਰਦੇ ਹੋਏ ਵੇਖਿਆ ਗਿਆ ਹੈ।



ਪਰਿੰਸ ਫਿਲਿਪ ਦੀ ਕੁੱਝ ਦਿਨਾਂ ਲਈ ਨਿਗਰਾਨੀ ਅਤੇ ਆਰਾਮ ਸੰਬੰਧੀ ਹਸਪਤਾਲ ਵਿੱਚ ਰਹਿਣ ਦੀ ਉਮੀਦ ਹੈ। ਪੈਰਧਾਨ ਮੰਤਰੀ ਬੋਰਿਸ ਜੋਹਨਸਨ ਨੇ 10 ਜੂਨ ਨੂੰ 100 ਸਾਲਾਂ ਦੇ ਹੋ ਰਹੇ ਪਰਿੰਸ ਫਿਲਿਪ ਨੂੰ ਉਨੈਹਾਂ ਲਈ ਸ਼ੁੱਭਕਾਮਨਾਵਾਂ ਭੇਜੀਆਂ ਹਨ। ਰਾਜਕੁਮਾਰ ਪਿਛਲੇ ਕਈ ਸਾਲਾਂ ਤੋਂ ਅਨੇਕਾਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਜਿਸ ਵਿੱਚ ਦਸੰਬਰ 2011 'ਚ ਕੈਂਬਰਿਜਸ਼ਾਇਰ ਦੇ ਪਾਪਵਰਥ ਹਸਪਤਾਲ 'ਚ ਬਲਾਕ ਹੋਈ ਕੋਰੋਨਰੀ ਆਰਟਰੀ ਦਾ ਇਲਾਜ ਹੋਣ ਦੇ ਨਾਲ ਜੂਨ 2012 ਵਿਚ ਬਲੈਡਰ ਦੀ ਲਾਗ ਵੀ ਸ਼ਾਮਿਲ ਹੈ ਅਤੇ ਕਿੰਗ ਐਡਵਰਡ ਹਸਪਤਾਲ ਵਿੱਚ ਦਸੰਬਰ 2019 ਨੂੰ ਵੀ ਉਹਨਾਂ ਨੇ ਚਾਰ ਰਾਤਾਂ ਬਤੀਤ ਕੀਤੀਆਂ ਸਨ।

# ਸਕਾਟਲੈਂਡ ਵਿੱਚ ਜੇਲ ਕੈਦੀ ਹੋਏ ਕੋਰੋਨਾ ਦਾ ਸ਼ਿਕਾਰ, ਇੱਕ ਨੂੰ ਕੀਤਾ ਹਸਪਤਾਲ ਤਬਦੀਲ

**ਗਲਾਸਗੋ–** ਸਕਾਟਲੈਂਡ ਵਿੱਚ ਕੋਰੋਨਾ ਵਾਇਰਸ ਨੇ ਇੱਕ ਜੇਲੈਹ ਦੇ ਕੈਦੀਆਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ।ਵਾਇਰਸ ਨੇ ਇਹ ਪੈਰਕੋਪ ਕਿਲਮਰਨੋਕ ਦੀ ਜੇਲ ਵਿਚਲੇ ਕੈਦੀਆਂ ਅਤੇ ਸਟਾਫ ਉੱਪਰ ਢਾਹਿਆ ਹੈ, ਜਿਸਦੇ ਸਿੱਟੇ ਵਜੋਂ ਇੱਕ ਕੈਦੀ ਨੂੰ ਕੋਰੋਨਾ ਵਾਇਰਸ ਨਾਲ ਪੀੜਤ ਹੋਣ ਤੇ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਇਸ ਮਾਮਲੇ ਵਿੱਚ ਕਿਲਮਰਨੋਕ ਦੀ ਐਚ ਐਮ ਪੀ ਜੇਲ ਅਧਿਕਾਰੀਆਂ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਪਿਛਲੇ ਹਫਤੇ ਲੱਗਭਗ 300 ਕੈਦੀਆਂ ਅਤੇ ਸਟਾਫ ਨੇ ਕੋਵਿਡ -19 ਲਈ ਸਕਾਰਾਤਮਕ ਟੈਸਟ ਕੀਤੇ ਸਨ। ਕਿਲਮਰਨੋਕ ਜੇਲੈਹ ਦੇ ਅਧਿਕਾਰੀ ਕਰੈਗ ਥੌਮਸਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕਾਰਾਤਮਕ ਟੈਸਟ ਕਰਨ ਵਾਲੇ ਜ਼ਿਆਦਾਤਰ ਕੈਦੀ ਵਾਇਰਸ ਸੰਬੰਧੀ ਲੱਛਣ ਪੈਰਗਟ ਨਹੀਂ ਕਰ ਰਹੇ ਸਨ। ਇਹ ਜੇਲ ਚਲਾਉਣ ਵਾਲੀ ਫਰਮ ਸਰਕੋ ਨੇ ਵੀ ਇੱਕ ਕੈਦੀ ਦੇ ਹਸਪਤਾਲ ਜਾਣ ਦੀ ਪੁਸ਼ਟੀ ਕਰਦਿਆਂ ਸੁਰੱਖਿਆ ਕਾਰਨਾਂ ਕਰਕੇ ਕੈਦੀਆਂ ਨੂੰ ਹੁਣ ਕੋਠੜੀਆਂ ਵਿੱਚ ਸੀਮਤ ਰੱਖਣ ਬਾਰੇ ਦੱਸਿਆ ਹੈ। ਐਚ ਐਮ ਪੀ ਸਰਕੋ ਜੇਲ ਦੇ ਡਾਇਰੈਕਟਰ ਥੌਮਸਨ ਅਨੁਸਾਰ ਜੇਲੈਹ ਵਿੱਚ ਕੀਤੇ ਵੱਡੇ ਟੈਸਟਿੰਗ ਪ੍ਰੋਗਰਾਮ ਦੇ ਸਿੱਟੇ ਵਜੋਂ ਸਕਾਰਾਤਮਕ ਕੋਵਿਡ ਮਾਮਲਿਆਂ ਦੀ ਗਿਣਤੀ ਵਾਧਾ ਹੋਇਆ ਹੈ, ਹਾਲਾਂਕਿ ਬਹੁਤ ਸਾਰੇ ਸਕਾਰਾਤਮਕ ਟੈਸਟ ਕਰਨ ਵਾਲੇ ਬਿਨਾਂ ਲੱਛਣਾਂ ਤੋਂ ਸਨ ਅਤੇ ਪੈਰਕੋਪ ਤੋਂ ਬਾਅਦ ਜੇਲੈਹ ਵਿਚਲੇ ਕੈਦੀਆਂ ਦੇ ਨਾਲ ਸਟਾਫ ਦੀ ਸੁਰੱਖਿਆ ਲਈ ਪਬਲਿਕ ਹੈਲਥ ਅਤੇ ਐਨ ਐਚ ਐਸ ਸਕਾਟਲੈਂਡ ਨਾਲ ਮਿਲ ਕੇ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।




# ਯੂਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਲਈ ਮਿਆਂਮਾਰ ਦੇ ਅਧਿਕਾਰੀਆਂ 'ਤੇ ਲਗਾਵੇਗਾ ਪਾਬੰਦੀਆਂ

**ਗਲਾਸਗੋ/ਲੰਡਨ–** ਯੂਕੇ ਵੱਲੋਂ ਮਿਆਂਮਾਰ ਵਿੱਚ ਮਨੁੱਖੀ ਆਧਿਕਾਰਾਂ ਦੀ ਉਲੰਘਣਾ ਕਰਨ ਲਈ ਤਿੰਨ ਫੌਜ਼ ਨਾਲ ਸੰਬੰਧਿਤ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਈਆਂ ਜਾਣਗੀਆਂ। ਇਸ ਸੰਬੰਧੀ ਵਿਦੇਸ਼ ਸਕੱਤਰ ਡੋਮਿਨਿਕ ਰਾਬ ਨੇ ਮਿਆਂਮਾਰ ਦੇਸ਼ ਦੀ ਸੈਨਿਕ ਬਗਾਵਤ ਦੇ ਮੱਦੇਨਜ਼ਰ ਇਹ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ। ਵਿਦੇਸ਼ ਸਕੱਤਰ ਨੇ ਦੱਸਿਆ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਮਿਆਂਮਾਰ ਦੇ ਤਿੰਨ ਸੀਨੀਅਰ ਜਰਨੈਲਾਂ ਉੱਤੇ ਪਾਬੰਦੀਆਂ ਦੇ ਉਪਾਅ ਲਾਗੂ ਕੀਤੇ ਜਾਣਗੇ। ਇਸ ਸਥਿਤੀ ਕਾਰਨ ਯੂਕੇ ਦੇ ਵਿਦੇਸ਼ ਵਿਭਾਗ ਦੇ ਦਫਤਰ ਨੇ ਵੀ ਮਿਆਂਮਾਰ ਦੀ ਫੌਜ ਨਾਲ ਕੰਮ ਕਰ ਰਹੇ ਯੂਕੇ ਕਾਰੋਬਾਰਾਂ ਨੂੰ ਰੋਕਣ ਦੀ ਵੀ ਘੋਸ਼ਣਾ ਕੀਤੀ ਹੈ। ਰਾਬ ਅਨੁਸਾਰ ਯੂਕੇ ਮਿਆਂਮਾਰ ਵਿੱਚ ਫੌਜੀ ਤਖ਼ਤਾ ਪਲਟ ਅਤੇ ਲੀਡਰ ਆਂਗ ਸੈਨ ਸੂ ਕੀ ਦੇ ਨਾਲ ਹੋਰ ਰਾਜਨੀਤਿਕ ਸ਼ਖਸੀਅਤਾਂ ਦੀ ਮਨਮਾਨੀ ਨਾਲ ਨਜ਼ਰਬੰਦੀ ਕਰਨ ਦੀ ਨਿੰਦਾ ਕਰਦਾ ਹੈ। ਮਿਆਂਮਾਰ ਵਿੱਚ 1 ਫਰਵਰੀ ਨੂੰ ਸੈਨਿਕਾਂ ਨੇ ਲੋਕਤੰਤਰੀ ਢੰਗ ਨਾਲ ਚੁਣੀ ਸਿਵਲੀਅਨ ਸਰਕਾਰ ਤੋਂ ਸੱਤਾ ਪੈਰਾਪਤ ਕਰਕੇ ਇਸਦੇ ਬਹੁਤ ਸਾਰੇ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਜਿਸ ਕਰਕੇ ਰਾਸ਼ਟਰ ਵਿਚ ਤਣਾਅ ਵਧਦਾ ਜਾ ਰਿਹਾ ਹੈ ਅਤੇ ਜਨਤਕ ਵਿਰੋਧ ਪੈਰਦਰਸ਼ਨਾਂ ਕਾਰਨ ਮੁਜ਼ਾਹਰਾਕਾਰੀਆਂ 'ਤੇ ਹਿੰਸਕ ਕਾਰਵਾਈਆਂ ਹੋਣ ਦਾ ਵੀ ਖਦਸ਼ਾ ਹੈ। ਅਮਰੀਕਾ ਵਿੱਚ ਵੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਸਰਕਾਰ ਨੇ ਤਖ਼ਤਾ ਪਲਟ ਕਾਰਨ ਮਿਆਂਮਾਰ 'ਤੇ ਨਵੀਆਂ ਪਾਬੰਦੀਆਂ ਲਗਾਉਣ ਦੇ ਨਾਲ ਹੋਰ ਦੇਸ਼ਾਂ ਦੀਆਂ ਸਰਕਾਰਾਂ ਨਾਲ ਮਿਲ ਕੇ ਸੈਨ ਸੂ ਕੀ ਦੀ ਚੁਣੀ ਹੋਈ ਸਰਕਾਰ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ।

ਫਰਿਜ਼ਨੋ (ਕੈਲੀਫੋਰਨੀਆਂ) ਖ਼ਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਲੁਈਸਿਆਨਾ ਦੇ ਗੰਨ ਸਟੋਰ 'ਚ ਹੋਈ ਗੋਲੀਬਾਰੀ ਨਾਲ ਹੋਈ 3 ਲੋਕਾਂ ਦੀ ਮੌਤ, 2 ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021–** ਲੁਈਸਿਆਨਾ ਵਿੱਚ ਇੱਕ ਗੰਨ ਸਟੋਰ ਦੇ ਅੰਦਰ ਸ਼ਨੀਵਾਰ ਦੇ ਦਿਨ ਹੋਈ ਗੋਲੀਬਾਰੀ ਦੌਰਾਨ ਤਿੰਨ ਵਿਅਕਤੀਆਂ ਦੀ ਮੌਤ ਹੋ ਜਾਣ ਦੇ ਨਾਲ ਦੋ ਹੋਰਾਂ ਦੇ ਜ਼ਖ਼ਮੀ ਹੋਣ ਦੀ ਘਟਨਾ ਵਾਪਰੀ ਹੈ। ਅਧਿਕਾਰੀਆਂ ਅਨੁਸਾਰ ਇਹ ਜਾਨਲੇਵਾ ਗੋਲੀਬਾਰੀ ਸ਼ਨੀਵਾਰ ਦੁਪਹਿਰ 3 ਵਜੇ ਤੋਂ ਪਹਿਲਾਂ ਨਿਊ ਓਰਲੀਨਜ਼ ਮੈਟ-ਰੋਪੋਲੀਟਨ ਖੇਤਰ ਵਿੱਚ ਮੈਟੈਰੀ ਦੇ ਜੈਫਰਸਨ ਗੰਨ ਆਊਟਲੈਟ ਵਿੱਚ ਵਾਪਰੀ। ਇਸ ਘਟਨਾ ਸੰਬੰਧੀ ਜੇਫਰਸਨ ਦੇ ਸ਼ੈਰਿਫ ਜੋਸੇਫ ਲੋਪਿੰਤੋ ਦੇ ਅਨੁਸਾਰ ਇੱਕ ਸ਼ੱਕੀ ਵਿਅਕਤੀ ਨੇ ਗੰਨ ਸਟੋਰ ਵਿੱਚ ਦੋ ਪੀੜਤ ਵਿਅਕਤੀਆਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ, ਜਿਸਦੇ ਬਾਅਦ ਕਈਆਂ ਲੋਕਾਂ ਦੁ-ਆਰਾ ਸਟੋਰ ਜਾਂ ਪਾਰਕਿੰਗ ਵਾਲੇ ਸਥਾਨ 'ਤੇ ਸ਼ੱਕੀ ਹਮਲਾਵਰ ਵਿਅਕਤੀ 'ਤੇ ਗੋਲੀਆਂ ਚਲਾਈਆਂ ਅਤੇ ਗੋਲੀਬਾਰੀ ਕਰਨ ਵਾਲੇ ਵਿਅਕਤੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਸਾਰੇ ਹਾਦਸੇ ਕਰਕੇ ਘਟਨਾ ਸਥਾਨ 'ਤੇ ਤਿੰਨ ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਨਾਲ ਪ੍ਰਭਾਵਿਤ ਦੋ ਹੋਰ ਲੋਕਾਂ ਨੂੰ ਸਥਾਨਕ ਹਸਪਤਾਲ




ਲਿਆਂਦਾ ਗਿਆ, ਜਿਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਇਸ ਮਾਮਲੇ ਬਾਰੇ ਪੁਲਿਸ ਅਨੁਸਾਰ ਗੋਲੀਬਾਰੀ ਕਰਨ ਵਾਲੇ ਵਿਅਕਤੀ ਦੁਕਾਨ ਕਰਮਚਾਰੀ ਸਨ ਜਾਂ ਗਾਹਕ, ਇਸ ਬਾਰੇ ਅਜੇ ਕੁੱਝ ਸਪੱਸ਼ਟ ਨਹੀ ਹੈ। ਸ਼ੈਰਿਫ ਦੇ ਦਫਤਰ ਨੇ ਦੱਸਿਆ ਕਿ ਇਸ ਗੰਨ ਸਟੋਰ ਵਿੱਚ ਵਾਪਰੇ ਹਾਦਸੇ ਸੰਬੰਧੀ ਤੱਥਾਂ ਨੂੰ ਸਾਹਮਣੇ ਲਿਆਉਣ ਲਈ ਜਾਂਚ ਕੀਤੀ ਜਾ ਰਹੀ ਹੈ। ਇਸ ਗੋਲੀਬਾਰੀ ਦੇ ਸੰਬੰਧ ਵਿੱਚ ਮਿਲੀ ਇੱਕ ਫੁਟੇਜ ਵਿੱਚ, ਗੋਲੀਬਾਰੀ ਤੋਂ ਬਾਅਦ ਬੰਦੂਕ ਸਟੋਰ ਦੀ ਖਿੜਕੀ ਅਤੇ ਕਾਰਾਂ ਵਿੱਚ ਗੋਲੀਆਂ ਦੇ ਛੇਕ ਵੇਖੇ ਜਾ ਸਕਦੇ ਸਨ।

# ਕੈਲੀਫੋਰਨੀਆ ਵਿੱਚ ਟਰੱਕ ਨਾਲ ਟਕਰਾਇਆ ਇੱਕ ਛੋਟਾ ਜਹਾਜ਼, ਪਾਇਲਟ ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021–** ਕੈਲੀਫੋਰਨੀਆ ਰਾਜ ਵਿੱਚ ਇੱਕ ਛੋਟੇ ਜਹਾਜ਼ ਦੀ ਇੱਕ ਟਰੱਕ ਨਾਲ ਟੱਕਰ ਹੋਣ ਦੀ ਘਟਨਾ ਵਾਪਰੀ ਹੈ। ਲਾਸ ਏਂਜਲਸ ਫਾਇਰ ਡਿਪਾਰਟਮੈਂਟ ਦੇ ਅਨੁਸਾਰ, ਇੱਕ ਇੰਜਣ ਵਾਲਾ ਛੋਟਾ ਜਹਾਜ਼ ਸ਼ੁੱਕਰਵਾਰ ਦੁਪਹਿਰ ਨੂੰ ਸੈਨ ਪੇਡਰੋ ਪੋਰਟ 'ਤੇ ਇੱਕ ਟਰੱਕ ਨਾਲ ਟਕਰਾ ਗਿਆ, ਜਿਸ ਵਿੱਚ ਪਾਇਲਟ ਦੀ ਮੌਤ ਹੋ ਗਈ ਜਦਕਿ ਟਰੱਕ ਚਾਲਕ ਵੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਹਾਦਸਾ ਹੋਣ ਉਪਰੰਤ ਜਹਾਜ਼ੀ ਮਲਬੇ ਦੇ ਨੇੜੇ ਮੌਜੂਦ ਲੋਕਾਂ ਨੇ ਮਦਦ ਕਰਦਿਆਂ ਪਾਇਲਟ ਨੂੰ ਬਾਹਰ ਕੱਢਦਿਆਂ



ਅੱਗ ਬੁਝਾਊ ਕਾਮਿਆਂ ਅਤੇ ਹੋਰ ਅਧਿਕਾਰੀਆਂ ਦੇ ਆਉਣ ਤੱਕ ਮੁੱਢਲੀ ਸਹਾਇਤਾ ਦਿੱਤੀ। ਲਾਸ ਏਂਜਲਸ ਫਾਇਰ ਡਿਪਾਰਟਮੈਂਟ ਦੇ ਅਨੁਸਾਰ ਅਧਿਕਾਰੀਆਂ ਨੇ ਇਸ ਹਾਦਸੇ ਦੀ ਸੂਚਨਾ ਦੇ ਲਗਭਗ ਅੱਧੇ ਘੰਟੇ ਬਾਅਦ ਟਰੱਕ ਡਰਾਈਵਰ ਨੂੰ, ਜੋ ਕਿ ਉਹਨਾਂ ਅਨੁਸਾਰ ਲਗਭਗ 30 ਸਾਲ ਦੇ ਲਗਭਗ ਸੀ ਨੂੰ ਹਸਪਤਾਲ ਲਿਜਾਇਆ ਗਿਆ। ਜਦਕਿ ਅਧਿਕਾਰੀਆਂ ਅਨੁਸਾਰ ਪਾਇਲਟ ਉਹਨਾਂ ਦੇ ਸੈਨ ਪੇਡੈਰੋ ਬੰਦਰਗਾਹ 'ਤੇ ਪਹੁੰਚਣ ਤੋਂ ਤੁਰੰਤ ਬਾਅਦ ਮ੍ਰਿਤਕ ਐਲਾਨਿਆ ਗਿਆ। ਫਾਇਰ ਡਿਪਾਰਟਮੈਂਟ ਅਨੁਸਾਰ ਪਾਇਲਟ ਦੀ ਉਮਰ ਫਿਲਹਾਲ ਸਾਹਮਣੇ ਨਹੀਂ ਆਈ ਹੈ।

ਅਧਿਕਾਰੀਆਂ ਅਨੁਸਾਰ ਜਹਾਜ਼ ਦੇ ਟਰੱਕ ਨਾਲ ਟਕਰਾਉਣ ਦੇ ਕਾਰਨ ਅਜੇ ਅਸਪੱਸ਼ਟ ਹਨ ਪਰ ਰਾਸ਼ਟਰੀ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੂੰ ਇਸ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਇਸਦੇ ਇਲਾਵਾ ਇਸ ਹਾਦਸੇ ਦੀ ਜਾਂਚ ਵੀ ਸ਼ੁਰੂ ਕੀਤੀ ਜਾਵੇਗੀ।

# ਅਮਰੀਕਾ ਵਿੱਚ ਬਰਫੀਲੇ ਮੌਸਮ ਕਾਰਨ ਹੋਈ ਕੋਰੋਨਾ ਵਾਇਰਸ ਟੀਕੇ ਦੀਆਂ 6 ਮਿਲੀਅਨ ਖੁਰਾਕਾਂ ਵਿੱਚ ਦੇਰੀ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021–** ਅਮਰੀਕਾ ਵਿੱਚ ਸਰਦੀਆਂ ਦੇ ਬਰਫੀਲੇ ਮੌਸਮ ਨੇ ਕੋਰੋਨਾ ਵਾਇਰਸ ਟੀਕਾਕਰਨ ਮੁਹਿੰਮ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ, ਜਿਸਦੀ ਵਜ਼ਾ ਕਾਰਨ ਦੇਸ਼ ਵਿੱਚ ਟੀਕਾ ਸਪਲਾਈ ਦੀ ਘਾਟ ਅਤੇ ਦੇਰੀ ਕਾਰਨ ਕਈ ਟੀਕਾਕਰਨ ਸਾਈਟਾਂ ਨੂੰ ਬੰਦ ਵੀ ਕਰਨਾ ਪਿਆ ਹੈ। ਇਸ ਸੰਬੰਧ ਵਿੱਚ ਵਾਈਟ ਹਾਊਸ ਦੇ ਸੀਨੀਅਰ ਸਲਾਹਕਾਰ ਐਂਡੀ ਸਲੈਵਿਟ ਦੇ ਅਨੁਸਾਰ ,ਇਸ ਮੌਸਮ ਨੇ ਦੇਸ਼ ਦੇ 50 ਰਾਜਾਂ ਨੂੰ ਪ੍ਰਭਾਵਿਤ ਕਰਨ ਦੇ ਨਾਲ ਲਗਭਗ 6 ਮਿਲੀਅਨ ਖੁਰਾਕਾਂ ਵਿੱਚ ਦੇਰੀ ਹੋਈ ਹੈ ਜਦਕਿ 2000 ਦੇ ਕਰੀਬ ਟੀਕਾਕਰਨ ਸਾਈਟਾਂ ਨੂੰ ਬਿਜਲੀ ਕੱਟਾਂ ਦਾ ਵੀ ਸਾਹਮਣਾ ਕਰਨਾ ਪਿਆ ਹੈ। ਬਰਫੀਲੇ ਤੂਫਾਨਾਂ ਕਰਕੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਜੁਲਾਈ ਦੇ ਅੰਤ ਤੱਕ 600 ਮਿਲੀਅਨ ਤੋਂ ਵੱਧ ਟੀਕੇ ਦੇਣ ਦੇ ਵਾਅਦੇ ਦੀ ਸੰਭਾਵਨਾ ਖਤਰੇ ਵਿਚ ਪੈ ਸਕਦੀ ਹੈ, ਪਰ ਇਸ ਸੰਬੰਧੀ ਰਾਸ਼ਟਰਪਤੀ ਬਾਈਡੇਨ ਨੂੰ ਸਾਲ ਦੇ ਅੰਤ ਤੱਕ ਸਥਿਤੀ ਦੇ ਆਮ ਵਾਂਗ ਵਾਪਸ ਆਉਣ ਦਾ ਵਿਸ਼ਵਾਸ ਹੈ। ਜੋਅ ਬਾਈਡੇਨ ਦੁਆਰਾ



ਸ਼ੁੱਕਰਵਾਰ ਨੂੰ ਕਾਲਾਮਾਜ਼ੂ, ਮਿਸ਼ੀਗਨ ਵਿੱਚ ਫਾਈਜ਼ਰ ਦੀ ਅਸੈਂਬਲੀ ਲਾਈਨ ਦਾ ਦੌਰਾ ਕਰਕੇ ਟੀਕਾ ਉਤਪਾਦਨ ਦਾ ਵੀ ਜਾਇਜ਼ਾ ਲਿਆ ਗਿਆ।

ਇਸਦੇ ਇਲਾਵਾ ਟੀਕਾ ਕੰਪਨੀ ਫਾਈਜ਼ਰ ਨੇ ਵੀ ਸ਼ੁੱਕਰਵਾਰ ਨੂੰ ਘੋਸ਼ਣਾ ਕੀਤੀ ਹੈ ਕਿ ਉਹ ਵੰਡ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਕਦਮ ਚੁੱਕ ਰਹੇ ਹਨ। ਇਸਦੇ ਇਲਾਵਾ ਕੰਪਨੀ ਨੇ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ ਨੂੰ ਵੀ ਇਸ ਦੇ ਟੀਕੇ ਵੱਡੇ ਪੱਧਰ 'ਤੇ ਉਪਲਬਧ ਕਰਵਾਉਣ ਲਈ ਡਿਲਿਵਰੀ ਤੋਂ ਦੋ ਹਫਤਿਆਂ ਬਾਅਦ ਨਿਯਮਤ ਫਰੀਜ਼ਰ ਵਿੱਚ ਸਟੋਰ ਕਰਨ ਦੀ ਬੇਨਤੀ ਕੀਤੀ ਹੈ।

# ਅਮਰੀਕਾ ਵਿੱਚ ਸੁਪਰ ਮਾਰਕੀਟ ਚੇਨ ਪਬਲਿਕਸ ਆਪਣੇ ਕਰਮਚਾਰੀਆਂ ਨੂੰ ਕੋਰੋਨਾ ਵਾਇਰਸ ਟੀਕਾ ਲਗਵਾਉਣ ਲਈ ਦੇਵੇਗੀ 125 ਡਾਲਰ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021–** ਅਮਰੀਕਾ ਦੇ ਸੁਪਰ ਮਾਰਕੀਟ ਚੇਨ ਸਮੂਹ ਪਬਲਿਕਸ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਉਹ ਆਪਣੇ 225,000 ਤੋਂ ਵੱਧ ਕਰਮਚਾਰੀਆਂ ਨੂੰ ਕੋਰੋਨਾ ਟੀਕਾ ਲਗਵਾਉਣ 'ਤੇ 125 ਡਾਲਰ ਦੇ ਪਬਲਿਕਸ ਗਿਫਟ ਕਾਰਡ ਦੇਵੇਗਾ। ਇਸ ਸੁਪਰ ਮਾਰਕੀਟ ਚੇਨ ਨੇ ਆਪਣੇ ਵਰਕਰਾਂ ਨੂੰ ਵਾਇਰਸ ਤੋਂ ਬਚਾਅ ਲਈ ਟੀਕਾ ਲਗਵਾਉਣ ਵਾਸਤੇ ਰਾਸ਼ੀ ਦੀ ਪੇਸ਼ਕਸ਼ ਕਰਨ ਵਾਲੀਆਂ ਕੰਪਨੀਆਂ ਵਿੱਚ ਆਪਣਾ ਨਾਮ ਸ਼ੁਮਾਰ ਕਰਵਾਇਆ ਹੈ। ਫਲੋਰਿਡਾ ਦੇ ਲੇਕਲੈਂਡ ਸਥਿਤ ਇਸ ਕੰਪਨੀ ਅਨੁਸਾਰ ਇਸ ਰਾਸ਼ੀ ਦੇ ਗਿਫਟ ਕਾਰਡ ਉਹਨਾਂ ਮੌਜੂਦਾ ਕਰਮਚਾਰੀਆਂ ਨੂੰ ਭੇਜੇ ਜਾ ਰਹੇ ਹਨ ਜੋ ਇੱਕ ਫਾਰਮ ਅਤੇ ਕੋਰੋਨਾ ਟੀਕਾਕਰਨ ਦਾ ਸਬੂਤ ਪੇਸ਼ ਕਰਦੇ ਹਨ। ਪਬਲਿਕਸ ਦੇ ਸੀ ਈ ਓ ਟੌਡ ਜੋਨਸ




ਅਨੁਸਾਰ ਉਹਨਾਂ ਦੇ ਕਰਮਚਾਰੀਆਂ ਨੂੰ ਟੀਕਾਕਰਨ ਸੰਬੰਧੀ ਉਤਸ਼ਾਹਿਤ ਕਰਨ ਦਾ ਇਹ ਕਦਮ ਆਮ ਵਾਂਗ ਜਿੰਦਗੀ ਬਤੀਤ ਕਰਨ ਵਿੱਚ ਮਦਦ ਕਰ ਸਕਦਾ ਹੈ। ਸੁਪਰ ਮਾਰਕੀਟ ਸਮੂਹ ਪਬਲਿਕਸ ਅਲਾਬਾਮਾ, ਫਲੋਰੀਡਾ, ਜਾਰਜੀਆ, ਨੌਰਥ ਕੈਰੋਲਿਨਾ, ਸਾਊਥ ਕੈਰੋਲਿਨਾ, ਟੇਨੇਸੀ ਅਤੇ ਵਰਜੀਨੀਆ ਵਿੱਚ 9 ਵੰਡ ਕੇਂਦਰਾਂ ਅਤੇ 11 ਮੈਨੂਫੈਕਚਰ ਸਹੂਲਤਾਂ ਦੇ ਨਾਲ 1,266 ਸਟੋਰ ਚਲਾਉਂਦਾ ਹੈ। ਪਬਲਿਕਸ ਦਾ ਇਹ ਕਦਮ ਟਾਇਸਨ ਫੂਡਜ਼ ਦੇ ਦੋ ਦਿਨਾਂ ਬਾਅਦ ਆਇਆ ਹੈ ਜੋ ਕਿ ਦੇਸ਼ ਦੀ ਵੱਡੀ ਪੋਲਟਰੀ ਉਤਪਾਦਕ ਫਰਮ ਹੈ। ਜਿਸਨੇ ਆਪਣੇ ਤਕਰੀਬਨ 12,000 ਕਾਮਿਆਂ ਨੂੰ ਕੋਰੋਨਾ ਟੀਕਾ ਲਗਵਾਉਣ ਲਈ ਚਾਰ ਘੰਟਿਆਂ ਦੀ ਤਨਖਾਹ ਦੀ ਪੇਸ਼ਕਸ਼ ਕੀਤੀ ਹੈ । ਇਸਦੇ ਇਲਾਵਾ ਕੋਰੋਨਾ ਟੀਕੇ ਲਈ ਚਾਰ ਘੰਟਿਆਂ ਦੀ ਵਾਧੂ ਤਨਖਾਹ ਦੀ ਪੇਸ਼ਕਸ਼ ਕਰਨ ਵਾਲੇ ਹੋਰਾਂ ਵਿੱਚ ਆਲਡੀ, ਡਾਰਡਨ ਰੈਸਟੋਰੈਂਟ, ਡਾਲਰ ਜਨਰਲ, ਮੈਕਡੋਨਲਡ ਅਤੇ ਟਾਰਗੇਟ ਗਰੁੱਪ ਸ਼ਾਮਿਲ ਹਨ।ਕਰਮਚਾਰੀਆਂ ਨੂੰ ਟੀਕਾ ਲਗਵਾਉਣ ਲਈ ਵਿੱਤੀ ਉਤਸ਼ਾਹ ਦੇਣ ਦੀਆਂ ਯੋਜਨਾਵਾਂ ਮੈਡੀਕਲ ਉਦਯੋਗ ਵਿੱਚ ਵੀ ਪਹੁੰਚ ਰਹੀਆਂ ਹਨ ,ਜਿਸਦੇ ਤਹਿਤ ਟੈਕਸਾਸ ਵਿੱਚ ਹਿਊਸਟਨ ਮੈਥੋਡਿਸਟ ਅਗਲੇ ਮਹੀਨੇ ਆਪਣੇ 26,000 ਕਰਮਚਾਰੀਆਂ ਨੂੰ ਕੋਰੋਨਾ ਟੀਕਾਕਰਨ ਲਈ ਵਾਧੂ 500 ਡਾਲਰ ਦੇਣ ਦੀ ਯੋਜਨਾ ਬਣਾ ਰਹੀ ਹੈ।

# ਟੈਕਸਾਸ ਵਿੱਚ ਸਰਦੀਆਂ ਦੇ ਤੂਫਾਨ ਤੋਂ ਬਾਅਦ ਲੱਖਾਂ ਲੋਕ ਕਰ ਰਹੇ ਹਨ ਪਾਣੀ ਦੇ ਸੰਕਟ ਦਾ ਸਾਹਮਣਾ

**ਫਰਿਜ਼ਨੋ (ਕੈਲੀਫੋਰਨੀਆ), 20 ਫਰਵਰੀ 2021–** ਅਮਰੀਕਾ ਦੇ ਦੱਖਣ ਵਿੱਚ ਲੱਖਾਂ ਲੋਕ ਠੰਡੇ ਤਾਪਮਾਨ ,ਸਾਫ ਪਾਣੀ ਦੀ ਘਾਟ ਦੇ ਨਾਲ ਭੋਜਨ ਦੀ ਘਾਟ ਦਾ ਵੀ ਸਾਹਮਣਾ ਕਰ ਰਹੇ ਹਨ। ਇਸ ਸੰਕਟ ਦੇ ਸਮੇਂ ਫੂਡ ਬੈਂਕਾਂ ਅਤੇ ਪਾਣੀ ਵੰਡਣ ਦੀਆਂ ਸਾਈਟਾਂ 'ਤੇ ਲੰਬੀਆਂ ਲਾਈਨਾਂ ਲੱਗ ਰਹੀਆਂ ਹਨ। ਰਾਸ਼ਟਰਪਤੀ ਜੋਅ ਬਾਈਡੇਨ ਅਨੁਸਾਰ ਉਹ ਟੈਕਸਾਸ ਰਾਜ ਲਈ ਨਵੇਂ ਐਮਰਜੈਂਸੀ ਘੋਸ਼ਣਾ ਪੱਤਰ ਤੇ ਦਸਤਖ਼ਤ ਕਰਨਗੇ, ਜਿੱਥੇ ਕਿ ਅੱਧਾ ਰਾਜ ਬਾਇਲ ਵਾਟਰ ਨੋਟਿਸ ਦੇ ਅਧੀਨ ਹਨ। ਇਸਦੇ ਇਲਾਵਾ ਲੁਈਸਿਆਨਾ ਅਤੇ ਮਿਸੀਸਿਪੀ ਵਿੱਚ ਵੀ ਲੱਖਾਂ ਹੋਰ ਸ਼ੁੱਕਰਵਾਰ ਰਾਤ ਨੂੰ ਇਸੇ ਤਰ੍ਹਾਂ ਦੇ ਸੰਕਟ ਦਾ ਸਾਹਮਣਾ ਕਰ ਰਹੇ ਸਨ। ਸੈਨ ਐਨਟੋਨਿਓ ਵਿਚ ਹਾਲਾਤ ਇੰਨੇ ਮਾੜੇ ਹਨ ਕਿ ਅੱਗ ਬੁਝਾਉਣ ਵਾਲੇ ਅੱਗ ਬੁਝਾਉਣ ਲਈ ਹਾਈਡ੍ਰੈਂਟਸ ਤੋਂ ਪਾਣੀ ਲੈਣ ਲਈ ਸੰਘਰਸ਼ ਕਰ ਰਹੇ ਹਨ ਜਦਕਿ ਕਈ ਘਰ ਫਟ ਗਈਆਂ ਪਾਈਪਾਂ ਦੁਆਰਾ ਵੀ ਪ੍ਰਭਾਵਿਤ ਹੋਏ ਹਨ।ਅੰਕੜਿਆਂ ਅਨੁਸਾਰ ਘੱਟੋ ਘੱਟ 44 ਮੌਤਾਂ ਇਸ ਹਫਤੇ ਦੇ ਗੰਭੀਰ ਮੌਸਮ ਨਾਲ ਜੁੜੀਆਂ ਹਨ ਅਤੇ



ਤੂਫਾਨਾਂ ਦੀ ਵਜ਼ਾ ਨਾਲ ਆਰਥਿਕ ਨੁਕਸਾਨ ਵੀ 50 ਬਿਲੀਅਨ ਡਾਲਰ ਤੱਕ ਪਹੁੰਚ ਸਕਦਾ ਹੈ।

ਸਰਦੀਆਂ ਦੇ ਇਸ ਤੂਫਾਨ ਕਾਰਨ ਟੈਕਸਾਸ ਰਾਜ ਦੀ ਅੱਧੀ ਆਬਾਦੀ ਤਕਰੀਬਨ 14 ਮਿਲੀਅਨ ਤੋਂ ਵੱਧ ਲੋਕਾਂ ਕੋਲ ਅਜੇ ਵੀ ਪੀਣ ਯੋਗ ਪਾਣੀ ਨਹੀਂ ਹੈ। ਡੈਲਾਸ ਖੇਤਰ ਵਿੱਚ,ਕਈ ਸੰਸਥਾਵਾਂ ਇਸ ਹਫਤੇ ਦੇ ਅੰਤ ਵਿੱਚ 25,000 ਦੇ ਕਰੀਬ ਖਾਣੇ ਦੀਆਂ ਕਿੱਟਾਂ ਦੇਣ ਦੀ ਤਿਆਰੀ ਕਰ ਰਹੀਆਂ ਹਨ। ਟੈਕਸਾਸ ਤੋਂ ਇਲਾਵਾ, ਲੁਈਸਿਆਨਾ ਅਤੇ ਮਿਸੀਸਿਪੀ ਦੇ ਕੁੱਝ ਹਿੱਸਿਆਂ ਵਿੱਚ ਟੂਟੀਆਂ ਵਿਚਲੇ ਪਾਣੀ ਦੇ ਜੰਮਣ ਦਾ ਵੀ ਸਾਹਮਣਾ ਕੀਤਾ ਜਾ ਰਿਹਾ ਹੈ।

# ਕੋਲੋਰਾਡੋ ਵਿੱਚ ਐਮਰਜੈਂਸੀ ਲੈਂਡਿੰਗ ਦੌਰਾਨ ਰਿਹਾਇਸ਼ੀ ਖੇਤਰ ਵਿੱਚ ਡਿੱਗਿਆ ਜਹਾਜ਼ ਦਾ ਮਲਬਾ

**ਫਰਿਜ਼ਨੋ (ਕੈਲੀਫੋਰਨੀਆ), 21 ਫਰਵਰੀ 2021–** ਅਮਰੀਕਾ ਦੇ ਕੋਲੋਰਾਡੋ ਵਿੱਚ ਸ਼ਨੀਵਾਰ ਦੇ ਦਿਨ ਯੂਨਾਈਟਿਡ ਏਅਰਲਾਇੰਸ ਦੀ ਇੱਕ ਉਡਾਣ ਨੇ ਟੇਕ ਆਫ ਤੋਂ ਥੋੜ੍ਹੀ ਦੇਰ ਬਾਅਦ ਇੰਜਣ ਵਿੱਚ ਆਈ ਖਰਾਬੀ ਕਾਰਨ ਇਕ ਸੁਰੱਖਿਅਤ ਐਮਰਜੈਂਸੀ ਲੈਂਡਿੰਗ ਕੀਤੀ, ਪਰ ਇਸ ਦੌਰਾਨ ਜਹਾਜ਼ ਦੇ ਕੁੱਝ ਵੱਡੇ ਹਿੱਸੇ ਰਿਹਾਇਸ਼ੀ ਖੇਤਰ ਵਿੱਚ ਡਿੱਗੇ , ਜਿਸ ਬਾਰੇ ਕਿ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਏਅਰ ਲਾਈਨ ਦੇ ਇੱਕ ਬਿਆਨ ਅਨੁਸਾਰ ਯੂਨਾਈਟਿਡ ਫਲਾਈਟ 328 ਨੇ 231 ਯਾਤਰੀਆਂ ਅਤੇ 10 ਕਰਿਊ ਮੈਂਬਰਾਂ ਨੂੰ ਲੈ ਕੇ, ਡੈਨਵਰ ਤੋਂ ਹੋਨੋਲੂਲੂ ਲਈ ਦੁਪਹਿਰ 12 ਵਜੇ ਉਡਾਣ ਭਰੀ,ਪਰ ਟੇਕ ਆਫ



ਤੋਂ ਬਾਅਦ ਇਸਨੂੰ ਤਕਨੀਕੀ ਨੁਕਸ ਦਾ ਸਾਹ-ਮਣਾ ਕਰਨ ਦੇ ਬਾਅਦ ਡੈਨਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵਾਪਸ ਜਾਣ ਲਈ ਮਜਬੂਰ ਹੋਣਾ ਪਿਆ। ਇਸ ਦੌਰਾਨ ਯੂਨਾਈਟਿਡ ਏਅਰਲਾਇੰਸ ਦੁਆਰਾ ਸੰਚਾਲਤ ਬੋਇੰਗ 777-200 ਦੀ ਉਡਾਣ ਡੈਨਵਰ ਅੰਤਰਰਾ-ਸ਼ਟਰੀ ਹਵਾਈ ਅੱਡੇ 'ਤੇ ਇੰਜਣ ਦੀ ਅਸਫਲਤਾ ਦਾ ਸਾਹਮਣਾ ਕਰਨ ਤੋਂ ਬਾਅਦ ਸੁਰੱਖਿਅਤ ਢੰਗ ਨਾਲ ਉਤਾਰੀ ਗਈ ਅਤੇ ਇਸਦੀ ਐਮਰਜੈਂਸੀ ਲੈਂਡਿੰਗ ਦੌਰਾਨ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਟਰਮੀਨਲ 'ਤੇ ਲਿਜਾਇਆ ਗਿਆ। ਪਰ ਇਸ ਲੈਂਡਿੰਗ ਕਰਕੇ ਡੈਨਵਰ ਤੋਂ 16 ਮੀਲ ਉੱਤਰ ਵੱਲ ਸਥਿਤ ਬਰੂਮਫੀਲਡ ਸ਼ਹਿਰ ਦੀ ਪੁਲਿਸ ਨੂੰ 1 ਵਜੇ ਦੇ ਕਰੀਬ ਜਹਾਜ਼ ਵਿਚੋਂ ਧਾਤ ਦੇ ਟੁਕੜੇ ਡਿੱਗਣ ਦੀ ਸੂਚਨਾ ਪ੍ਰਾਪਤ ਹੋਈ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਦਸਾਗ੍ਰਸਤ ਹੋਏ ਜਹਾਜ਼ ਦਾ ਮਲਬਾ ਤਿੰਨ ਵੱਖ-ਵੱਖ ਮੁਹੱਲਿਆਂ ਵਿੱਚ ਡਿੱਗਿਆ ਮਿਲਿਆ, ਜਿਸ ਨਾਲ ਕਿ ਘਰਾਂ ਅਤੇ ਕੁੱਝ ਵਾਹਨਾਂ ਨੂੰ ਨੁਕਸਾਨ ਪਹੁੰਚਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਐਫ ਏ ਏ ਅਤੇ ਐਨ ਟੀ ਐਸ ਬੀ ਸੰਸਥਾਵਾਂ ਦੁਆਰਾ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਸਾਨ ਫ੍ਰਾਂਸਿਸਕੋ ਦੇ ਲਾਪਤਾ ਹੋਏ ਵਿਅਕਤੀ ਦੀ ਲਾਸ਼ ਘਰ ਵਿੱਚੋਂ ਹੀ ਹੋਈ ਬਰਾਮਦ

**ਫਰਿਜ਼ਨੋ (ਕੈਲੀਫੋਰਨੀਆ), 19 ਫਰਵਰੀ 2021–** ਸਾਨ ਫ੍ਰਾਂਸਿਸਕੋ ਵਿੱਚ ਪਿਛਲੇ ਕਈ ਦਿਨਾਂ ਤੋਂ ਲਾਪਤਾ ਹੋਏ ਇੱਕ ਕੰਪਿਊਟਰ ਪ੍ਰੋਗਰਾਮਰ ਵਿਅਕਤੀ ਦੀ ਲਾਸ਼ ਉਸਦੇ ਹੀ ਘਰ ਵਿੱਚ ਇੱਕ ਵਾਧੂ ਤੰਗ ਜਗ੍ਹਾ ਵਿੱਚੋਂ ਪ੍ਰਾਪਤ ਹੋਈ ਹੈ। ਸਾਨ ਫ੍ਰਾਂਸਿਸਕੋ ਪੁਲਿਸ ਵਿਭਾਗ ਅਨੁਸਾਰ ਪਿਛਲੇ ਸ਼ੁੱਕਰਵਾਰ ਨੂੰ ਅਧਿਕਾਰੀਆਂ ਨੇ ਮਿਸ਼ਨ ਜ਼ਿਲੇ ਵਿੱਚ ਕ੍ਰਿਸਟੋਫਰ ਵੁਇਟੇਲ ਨਾਮਕ ਕੰਪਿਊਟਰ ਪ੍ਰੋਗਰਾਮਰ ਦੇ ਅਪਾਰਟਮੈਂਟ ਵਿੱਚ ਕਾਰਵਾਈ ਕਰਦਿਆਂ ਉਸ ਦੀ ਲਾਸ਼ ਨੂੰ ਬਾਥਰੂਮ ਦੇ ਉੱਪਰ ਇੱਕ ਲੁਕੀ ਹੋਈ ਤਿੰਨ ਫੁੱਟ ਚੌੜੀ ਵਾਧੂ ਜਗ੍ਹਾ ਵਿੱਚੋਂ ਪ੍ਰਾਪਤ ਕੀਤੀ । ਇਸ ਦੌਰਾਨ ਅੱਗ ਬੁਝਾਊ ਅਮਲੇ ਦੇ ਮੈਂਬਰ&; ਵੀ ਘਟਨਾ ਵਾਲੀ



ਥਾਂ 'ਤੇ ਪਹੁੰਚੇ ਅਤੇ ਉਨ੍ਹਾਂ ਨੂੰ ਕ੍ਰਿਸਟੋਫਰ ਦੀ ਲਾਸ਼ ਨੂੰ ਬਾਹਰ ਕੱਢਣ ਲਈ ਛੱਤ ਦਾ ਇੱਕ ਹਿੱਸਾ ਕੱਟਣਾ ਪਿਆ। ਪੁਲਿਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਇਹ 50 ਸਾਲਾ ਬਜ਼ੁਰਗ ਇਮਾਰਤ ਦੀ ਛੱਤ ਤੋਂ ਇਸ ਤੰਗ ਜਗ੍ਹਾ ਵਿੱਚ ਡਿੱਗਿਆ ਹੈ। ਕ੍ਰਿਸਟੋਫਰ ਦੀ ਮਾਂ ਨੇ ਤਕਰੀਬਨ ਚਾਰ ਦਿਨਾਂ ਤੋਂ ਉਸ ਬਾਰੇ ਪਤਾ ਨਾਂ ਲੱਗਣ 'ਤੇ 13 ਜਨਵਰੀ ਨੂੰ ਉਸਦੇ ਲਾਪਤਾ ਹੋਣ ਦੀ ਖ਼ਬਰ ਦਿੱਤੀ ਸੀ। ਕ੍ਰਿਸਟੋਫਰ ਦੇ ਪਰਿਵਾਰ ਨੇ ਦੱਸਿਆ ਕਿ ਉਹ ਮਾਨਸਿਕ ਉਦਾਸੀ ਤੋਂ ਪੀੜਤ ਸੀ। ਆਪਣੀ ਮੌਤ ਤੋਂ ਪਹਿਲਾਂ, ਉਸਨੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਕੈਪੀਟਲ ਦੰਗਿਆਂ ਬਾਰੇ ਵੀ ਸੰਦੇਸ਼ ਭੇਜੇ ਸਨ।

# ਫਰਿਜ਼ਨੋ ਵਿੱਚ ਚੌਥੇ ਹੋਟਲ ਨੂੰ ਕੀਤਾ ਬੇਘਰ ਲੋਕਾਂ ਦੀ ਰਿਹਾਇਸ਼ ਵਿੱਚ ਤਬਦੀਲ

**ਫਰਿਜ਼ਨੋ (ਕੈਲੀਫੋਰਨੀਆ), 18 ਫਰਵਰੀ 2021–** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੀ ਕਾਉਂਟੀ ਫਰਿਜ਼ਨੋ ਵਿੱਚ ਪ੍ਰਸ਼ਾਸਨ ਵੱਲੋਂ ਬੇਘਰੇ ਲੋਕਾਂ ਨੂੰ ਰਹਿਣ ਲਈ ਢੁੱਕਵੀਂ ਰਿਹਾਇਸ਼ ਮੁਹੱਈਆ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ। ਫਰਿਜ਼ਨੋ ਵਿੱਚ ਪੁਰਾਣੇ ਹੋਟਲਾਂ ਵਿੱਚ ਬੇਘਰਿਆਂ ਨੂੰ ਘਰ ਪ੍ਰਦਾਨ ਕਰਨ ਦੀਆਂ ਕੋਸ਼ਿਸ਼ਾਂ ਦੀ ਲੜੀ ਵਿੱਚ ਅਧਿਕਾਰੀਆਂ ਦੁਆਰਾ 80 ਕਮਰਿਆਂ ਦੀ ਇੱਕ ਨਵੀ ਹੋਟਲ ਪਨਾਹਗੀਰ ਦਾ ਉਦਘਾਟਨ ਕੀਤਾ ਗਿਆ ਹੈ। ਫਰਿਜ਼ਨੋ ਹਾਊਸਿੰਗ ਅਥਾਰਟੀ ਦੇ ਸੀ ਈ ਓ, ਪ੍ਰੈਸਟਨ ਪ੍ਰਿੰਸ ਦੇ ਅਨੁਸਾਰ ਪਾਰਕਵੇਅ ਡ੍ਰਾਈਵ ਦੇ ਇਸ ਹੋਟਲ ਨੂੰ ਜਰਨੀ ਹੋਮ ਨਾਮ ਦਿੱਤਾ ਜਾਵੇਗਾ। ਇਸ ਸੰਬੰਧੀ ਅਧਿਕਾਰੀਆਂ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਇਹ ਸਭ ਤੋਂ ਨਵਾਂ ਹੋਟਲ ਇਸ ਖੇਤਰ ਵਿੱਚ ਚੌਥਾ ਤਬਦੀਲ ਕੀਤਾ ਸਥਾਨ ਹੈ ਜੋ ਕਿ ਇਤਿਹਾਸਕ



ਤੌਰ 'ਤੇ ਮਨੁੱਖੀ ਅਤੇ ਨਸ਼ਾ ਤਸਕਰੀ ਦਾ ਸਥਾਨ ਰਿਹਾ ਹੈ। ਪ੍ਰੈਸਟਨ ਅਨੁਸਾਰ ਪਹਿਲੇ ਤਿੰਨ ਹੋਟਲ 100 ਪ੍ਰਤੀਸ਼ਤ ਭਰੇ ਹੋਏ ਹਨ,ਅਤੇ ਜਰਨੀ ਹੋਮ ਵੀਰਵਾਰ ਨੂੰ ਪਨਾਹ ਵਿੱਚ ਨਵੇਂ ਕਿਰਾਏਦਾਰ ਦੀ ਭਰਤੀ ਸੰਬੰਧੀ ਕਾਰਵਾਈ ਸ਼ੁਰੂ ਕਰੇਗਾ। ਇਸ ਭਲਾਈ ਦੇ ਕੰਮ ਲਈ ਫਰਿਜ਼ਨੋ ਸ਼ਹਿਰ ਨੇ 6.8 ਮਿਲੀਅਨ ਡਾਲਰ ਦਾ ਯੋਗਦਾਨ ਦਿੱਤਾ ਹੈ ਜਦਕਿ ਫਰਿਜ਼ਨੋ ਹਾਊਸਿੰਗ ਅਥਾਰਟੀ ਨੇ ਚਾਰ ਹੋਟਲਾਂ ਨੂੰ ਖਰੀਦਣ ਅਤੇ ਅਗਲੇ ਪੰਜ ਸਾਲ ਚਲਾਉਣ ਲਈ 24 ਮਿਲੀਅਨ ਡਾਲਰ ਦੀ ਰਕਮ ਰੱਖੀ ਹੈ। ਸੰਸਥਾ ਦਾ ਇਹ ਪੈਸਾ ਗਵਰਨਰ ਗੈਵਿਨ ਨਿਊਸਮ ਦੁਆਰਾ ਜੁਲਾਈ ਵਿੱਚ ਚਲਾਏ ਪ੍ਰੋਜੈਕਟ ਹੋਮਕੀ ਤਹਿਤ ਪ੍ਰਾਪਤ ਹੋਇਆ ਹੈ। ਮੇਅਰ ਜੈਰੀ ਡਾਇਰ ਦੇ ਅਨੁਸਾਰ ਜਰਨੀ ਹੋਮ ਦੇ ਵਸਨੀਕਾਂ ਵਿੱਚੋਂ ਕੁੱਝ ਪ੍ਰੋਜੈਕਟ ਆਫ ਰੈਪ ਤੋਂ ਆਉਣਗੇ , ਜੋ ਕਿ ਹਾਈਵੇਅ ਦੇ ਨਾਲ ਲੱਗਦੀਆਂ ਤਾਰਾਂ ਅਤੇ ਹੋਰ ਅਸੁਰੱਖਿਅਤ ਖੇਤਰਾਂ 'ਚ ਸੌਂਦੇ ਹਨ।

# ਸੰਯੁਕਤ ਰਾਜ ਦੇ ਇੱਕ ਤਿਹਾਈ ਸੈਨਿਕ ਕੋਰੋਨਾ ਟੀਕਾ ਲਗਵਾਉਣ ਤੋਂ ਕਰ ਰਹੇ ਹਨ ਇਨਕਾਰ

**ਫਰਿਜ਼ਨੋ (ਕੈਲੀਫੋਰਨੀਆ), 18 ਫਰਵਰੀ 2021–** ਅਮਰੀਕਾ ਵਿੱਚ ਕੋਰੋਨਾ ਵਾਇਰਸ ਨੂੰ ਖਤਮ ਕਰਨ ਦੇ ਮਕਸਦ ਨਾਲ ਟੀਕਾਕਰਨ ਪ੍ਰਕਿਰਿਆ ਜਾਰੀ ਹੈ। ਪਰ ਇਸਦੇ ਸੰਬੰਧ ਵਿੱਚ ਅਮਰੀਕੀ ਸੈਨਾ ਦੇ ਜਿਆਦਾਤਰ ਜਵਾਨ



ਟੀਕਾ ਲਗਵਾਉਣ ਲਈ ਤਿਆਰ ਨਹੀ ਹਨ। ਸੈਨਿਕਾਂ ਦੀ ਟੀਕਾਕਰਨ ਪ੍ਰਕਿਰਿਆ ਬਾਰੇ ਪੈਂਟਾਗਨ ਦੇ ਇੱਕ ਅਧਿਕਾਰੀ ਨੇ ਬੁੱਧਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਮਰੀਕਾ ਦੇ ਸੈਨਿਕ ਮੈਂਬਰਾਂ ਵਿੱਚੋਂ ਤਕਰੀਬਨ ਇੱਕ ਤਿਹਾਈ ਮੈਂਬਰਾਂ ਨੇ ਕੋਵਿਡ -19 ਲਈ ਟੀਕਾ ਲਗਵਾਉਣ ਤੋਂ ਇਨਕਾਰ ਕੀਤਾ ਹੈ। ਇਸ ਸੰਬੰਧ ਵਿੱਚ ਏਅਰ ਫੋਰਸ ਦੇ ਮੇਜਰ, ਜਨਰਲ ਜੇਫ ਟਾਲੀਆਫੈਰੋ, ਅਨੁਸਾਰ ਇਹ ਟੀਕਾ ਸੈਨਾ ਦੇ ਮੈਂਬਰਾਂ ਲਈ ਸੁਰੱਖਿਅਤ ਹੈ ਜਦਕਿ&; ਸਿਪਾਹੀਆਂ ਨੂੰ ਟੀਕੇ ਦੇ ਫਾਇਦਿਆਂ ਨੂੰ ਸਮਝਾਉਣ ਵਿੱਚ ਸਹਾਇਤਾ ਲਈ ਸਿੱਖਿਆ ਦੀ ਜ਼ਰੂਰਤ ਹੈ। ਪੈਂਟਾਗਨ ਅਧਿਕਾਰੀ ਰੌਬਰਟ ਸੇਲਸਿਸ ਅਨੁਸਾਰ ਕੁੱਲ ਮਿਲਾ ਕੇ, ਰੱਖਿਆ ਵਿਭਾਗ ਨੇ 147,000 ਸੇਵਾ ਮੈਂਬਰਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਕੀਤਾ ਹੈ ਅਤੇ ਤਕਰੀਬਨ 359,000 ਨੂੰ ਟੀਕੇ ਦੀ ਪਹਿਲੀ ਖੁਰਾਕ ਮਿਲੀ ਹੈ। ਦੇਸ਼ ਦੇ ਸੋਸ਼ਲ ਸਾਇੰਸ ਐਂਡ ਮੈਡੀਸਨ ਦੇ ਅਧਿਐਨ ਦੇ ਅਨੁਸਾਰ, ਟੀਕੇ ਦੀ ਫੌਜੀ ਸਵੀਕ੍ਰਿਤੀ ਦਰ ਅਮਰੀਕਾ ਦੀ ਆਮ ਆਬਾਦੀ ਦੇ ਬਰਾਬਰ ਹੈ, ਜਿਸ ਅਨੁਸਾਰ ਆਮ ਆਬਾਦੀ ਦਾ 31 ਪ੍ਰਤੀਸ਼ਤ ਹਿੱਸਾ ਵੀ ਟੀਕਾ ਲਗਵਾਉਣ ਦੀ ਯੋਜਨਾ ਵਿੱਚ ਸ਼ਾਮਿਲ ਨਹੀਂ ਹੈ।

# ਨਿਊਯਾਰਕ ਵਿੱਚ ਸਬਵੇਅ ਸਟੇਸ਼ਨਾਂ 'ਤੇ ਗਸ਼ਤ ਕਰਨ ਲਈ ਹੋਵੇਗੀ 600 ਤੋਂ ਵੱਧ ਅਧਿਕਾਰੀਆਂ ਦੀ ਤਾਇਨਾਤੀ

**ਫਰਿਜ਼ਨੋ (ਕੈਲੀਫੋਰਨੀਆ), 19 ਫਰਵਰੀ 2021–** ਨਿਊਯਾਰਕ ਦੇ ਸਬਵੇਅ ਸਟੇਸ਼ਨਾਂ 'ਤੇ ਪਿਛਲੇ ਦਿਨੀ ਹੋਈਆਂ ਛੁਰੇਮਾਰੀ ਦੀਆਂ ਘਟਨਾਵਾਂ ਤੋਂ ਬਾਅਦ ਯਾਤਰੀਆਂ ਅਤੇ ਬੇਘਰੇ ਲੋਕਾਂ ਨੂੰ ਵਧੇਰੇ ਸੁਰੱਖਿਆ ਪ੍ਰਦਾਨ ਕਰਨ ਦੇ



ਨਾਲ ਨਿਊਯਾਰਕ ਪੁਲਿਸ ਵਿਭਾਗ ਵੱਲੋਂ 600 ਤੋਂ ਵੱਧ ਵਰਦੀਧਾਰੀ ਪੁਲਿਸ ਅਧਿਕਾਰੀਆਂ ਨੂੰ ਸਬਵੇਅ ਸਿਸਟਮ ਤੇ ਗਸ਼ਤ ਲਈ ਤਾਇਨਾਤ ਕੀਤਾ ਜਾਵੇਗਾ। ਨਿਊਯਾਰਕ ਵਿੱਚ ਪਿਛਲੇ ਦਿਨੀ ਛੁਰੇਮਾਰੀ ਦੇ ਹਮਲੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋਣ ਦੇ ਨਾਲ ਚਾਰ ਹੋਰ ਜ਼ਖਮੀ ਹੋ ਗਏ ਸਨ ਅਤੇ ਸਾਰੇ ਪੀੜਤ ਬੇਘਰ ਲੋਕ ਮੰਨੇ ਗਏ ਹਨ। ਜਦਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਹੋਰ ਹਿੰਸਕ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਇਸ ਮਾਮਲੇ ਵਿੱਚ ਟਰਾਂਜ਼ਿਟ ਚੀਫ ਕੈਥਲੀਨ ਓ ਰੀਲੀ ਨੇ ਜਾਣਕਾਰੀ ਦਿੱਤੀ ਕਿ ਸੁਰੱਖਿਆ ਦੇ ਮੰਤਵ ਨਾਲ 644 ਅਧਿਕਾਰੀ ਪਲੇਟਫਾਰਮ 'ਤੇ ਗਸ਼ਤ , ਰੇਲ ਗੱਡੀਆਂ ਦਾ ਮੁਆਇਨਾ, ਪ੍ਰਵੇਸ਼ ਦੁਆਰਾਂ ਦੀ ਸੁਰੱਖਿਆ ਆਦਿ ਦੇ ਕੰਮ ਕਰਨਗੇ। ਇਹਨਾਂ ਗਸ਼ਤ ਅਫਸਰਾਂ ਦੇ ਨਵੇਂ ਸਮੂਹ ਵਿੱਚ 331 ਟਰਾਂਜ਼ਿਟ ਬਿਊਰੋ ਅਧਿਕਾਰੀ ਅਤੇ 313 ਪੈਟਰੋਲ ਬਿਊਰੋ ਪੁਲਿਸ ਅਧਿਕਾਰੀ ਸ਼ਾਮਿਲ ਹੋਣਗੇ। ਇਸਦੇ ਇਲਾਵਾ ਕਈ ਲੋਕ ਬੇਘਰ ਲੋਕਾਂ ਲਈ ਇਸ ਕਦਮ ਦੀ ਜਗ੍ਹਾ ਉਹਨਾਂ ਲਈ ਪਨਾਹ ਘਰ ਬਣਾਉਣ ਲਈ ਜੋਰ ਦੇ ਰਹੇ ਹਨ। ਮੈਟਰੋਪੋਲੀਟਨ ਟ੍ਰਾਂਸਪੋਰਟੇਸ਼ਨ ਅਥਾਰਟੀ (ਐਮ ਟੀ ਏ) ਨੇ ਮਹਾਂਮਾਰੀ ਦੇ ਦੌਰਾਨ ਸਬਵੇਅ ਨੂੰ ਬੰਦ ਕਰ ਦਿੱਤਾ ਸੀ ਤੇ ਇਸ ਦੌਰਾਨ ਬੇਘਰੇ ਲੋਕਾਂ ਨੂੰ ਸਬਵੇਅ ਸਟੇਸ਼ਨਾਂ ਤੋਂ ਬਾਹਰ ਕੱਢਿਆ ਗਿਆ ਸੀ ਜੋ ਕਿ ਸਰਦੀਆਂ ਦੇ ਮਹੀਨਿਆਂ ਵਿੱਚ ਅਕਸਰ ਨਿੱਘ ਪ੍ਰਾਪਤ ਕਰਨ ਲਈ ਸਬਵੇਅ ਸਟੇਸ਼ਨਾਂ ਤੇ ਜਾਂਦੇ ਹਨ।

# ਇੰਡੀਆਨਾਪੋਲਿਸ 'ਚ ਪਾਲਤੂ ਜਾਨਵਰਾਂ ਦੀ ਦੁਕਾਨ 'ਤੇ ਅੱਗ ਲੱਗੀ

**ਫਰਿਜ਼ਨੋ (ਕੈਲੀਫੋਰਨੀਆ), 17 ਫਰਵਰੀ 2021–** ਅਮਰੀਕਾ ਦੇ ਇੰਡੀਆਨਾਪੋਲਿਸ ਵਿੱਚ ਇੱਕ ਪਾਲਤੂ ਜਾਨਵਰਾਂ ਦੀ ਦੁਕਾਨ 'ਚ ਲੱਗੀ ਅੱਗ ਦੀ ਲਪੇਟ ਵਿੱਚ ਆ ਜਾਣ ਕਾਰਨ ਕਈ ਜਾਨਵਰਾਂ ਦੀ ਮੌਤ ਹੋ ਜਾਣ ਦੀ ਮੰਦਭਾਗੀ ਘਟਨਾ ਵਾਪਰੀ ਹੈ। ਸ਼ਹਿਰ ਦੇ ਫਾਇਰ ਡਿਪਾਰਟਮੈਂਟ ਨੇ ਦੱਸਿਆ ਕਿ ਸੋਮਵਾਰ ਦੀ ਰਾਤ ਨੂੰ ਲੱਗੀ ਅੱਗ ਦੌਰਾਨ ਪੈਦਾ ਹੋਏ ਧੂੰਏਂ ਦੇ ਕਾਰਨ ਲੱਗਭਗ 100 ਜਾਨਵਰਾਂ ਦੀ ਮੌਤ ਹੋਈ ਹੈ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ "ਐਕਲ ਬਿਲਸ ਪੈਟ ਸੈਂਟਰ" ਵਿੱਚ ਮਰਨ ਵਾਲੇ ਪਾਲਤੂ





ਜਾਨਵਰਾਂ 'ਚ ਵਿੱਚ 40 ਦੇ ਕਰੀਬ ਕੁੱਤੇ ਅਤੇ 25 ਤੋਤੇ , ਖਰਗੋਸ਼ ਅਤੇ ਹੋਰ ਜਾਨਵਰ ਵੀ ਸ਼ਾਮਿਲ ਸਨ। ਇਸਦੇ ਇਲਾਵਾ ਇਸ ਅੱਗ ਦੀ ਘਟਨਾ ਵਿੱਚ ਕੁੱਝ ਜਾਨਵਰ ਜੀਵਤ ਵੀ ਬਚੇ ਹਨ। ਇਸ ਅੱਗ ਸੰਬੰਧੀ ਅਧਿਕਾਰੀਆਂ ਨੇ ਦੱਸਿਆ ਕਿ ਕਰਮਚਾਰੀਆਂ ਦੁਆਰਾ ਕਾਰਵਾਈ ਕਰਦਿਆਂ ਪਾਲਤੂ ਜਾਨਵਰਾਂ ਦੀ ਦੁਕਾਨ ਨੂੰ ਅੱਗ ਲੱਗਣ ਕਾਰਨ ਪੈਦਾ ਹੋਏ ਸੰਘਣੇ ਅਤੇ ਕਾਲੇ ਧੂੰਏਂ ਨਾਲ ਭਰੀ ਹੋਈ ਪਾਇਆ ਗਿਆ। ਅਧਿਕਾਰੀਆਂ ਦੇ ਉੱਥੇ ਪਹੁੰਚਣ ਸਮੇਂ ਵੀ ਜਾਨਵਰ ਉਨ੍ਹਾਂ ਦੇ ਪਿੰਜਰਿਆਂ ਵਿੱਚ ਸਨ ਅਤੇ ਧੂੰਏਂ ਨਾਲ ਪੈਦਾ ਹੋਈਆਂ ਘਾਤਕ ਗੈਸਾਂ ਨਾਲ ਦਮ ਤੋੜ ਗਏ ਸਨ। ਜਾਨਵਰਾਂ ਦੀ ਦੁਕਾਨ ਵਿੱਚ ਲੱਗੀ ਅੱਗ ਨੂੰ ਅਮਲੇ ਦੁਆਰਾ ਇੱਕ ਘੰਟੇ ਕਾਬੂ ਕੀਤਾ ਗਿਆ, ਜਦਕਿ ਅੱਗ ਲੱਗਣ ਦੇ ਕਾਰਨਾਂ ਦੀ ਫਿਲਹਾਲ ਜਾਂਚ ਕੀਤੀ ਜਾ ਰਹੀ ਹੈ।

# ਫਿਲਾਡੇਲਫੀਆ 'ਚ ਹੋਈ ਗੋਲੀਬਾਰੀ ਦੌਰਾਨ ਹੋਏ 8 ਜ਼ਖਮੀ , ਦੋ ਬੰਦੂਕਾਂ ਵੀ ਹੋਈਆਂ ਬਰਾਮਦ

**ਫਰਿਜ਼ਨੋ (ਕੈਲੀਫੋਰਨੀਆ), 18 ਫਰਵਰੀ 2021–** ਅਮਰੀਕਾ ਵਿੱਚ ਹੁੰਦੀਆਂ ਗੋਲੀਬਾਰੀ ਦੀਆਂ ਵਾਰਦਾਤਾਂ ਵਿੱਚ ਖੜੋਤ ਨਹੀ ਆ ਰਹੀ ਹੈ। ਪ੍ਰਸ਼ਾਸਨ ਵੱਲੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਯਤਨ ਜਾਰੀ ਹਨ, ਪਰ ਫਿਰ ਵੀ ਗੋਲੀਬਾਰੀ ਤੇ ਕਾਬੂ ਪਾਉਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੀ ਹੀ ਗੋਲੀਬਾਰੀ ਦੀ ਇੱਕ ਘਟਨਾ ਫਿਲਾਡੇਲਫੀਆ ਵਿੱਚ ਵਾਪਰੀ ਹੈ। ਇਸ ਗੋਲੀਬਾਰੀ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਫਿਲਾਡੇਲਫੀਆ ਵਿੱਚ ਇੱਕ ਰੁ-ਝੇਵੇਂ ਵਾਲੇ ਸਬ-ਸਟੇਸ਼ਨ ਦੇ ਨੇੜੇ ਦਿਨ ਦਿਹਾੜੇ ਬੁੱਧ-ਵਾਰ ਦੁਪਹਿਰ ਤਕਰੀਬਨ 2:50 ਵਜੇ ਹੋਈ ਗੋਲੀਬਾਰੀ



ਕਾਰਨ ਅੱਠ ਲੋਕ ਜ਼ਖਮੀ ਹੋਏ ਹਨ। ਇਸ ਗੋਲੀਬਾਰੀ ਦੌਰਾਨ ਸਟੇਸ਼ਨ ਨੇੜਲੇ ਸਾਰੇ ਯਾਤਰੀਆਂ ਵਿਚਕਾਰ ਆਪਣੀ ਜਾਨ ਬਚਾਉਣ ਲਈ ਭਗਦੜ ਮੱਚ ਗਈ ਸੀ। ਫਿਲਾਡੇਲਫਿਆ ਪੁਲਿਸ ਵਿਭਾਗ ਦੇ 35 ਵੇਂ ਜ਼ਿਲ੍ਹੇ ਦੇ ਪੁਲਿਸ ਅਧਿਕਾਰੀਆਂ ਅਨੁਸਾਰ ਸੇਪਟਾ ਦੇ ਓਲਨੀ ਟਰਾਂਸਪੋਰਟੇਸ਼ਨ ਸੈਂਟਰ ਨੇੜੇ ਇਸ ਗੋਲੀਬਾਰੀ ਦੇ ਸੰਬੰਧ ਵਿੱਚ ਦੋ ਬੰਦੂਕਾਂ ਬਰਾਮਦ ਕਰਨ ਦੇ ਨਾਲ ਇੱਕ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਜਦਕਿ ਇਸ ਗੋਲੀਬਾਰੀ ਵਿੱਚ ਜਖਮੀ ਹੋਏ ਪੀੜਤਾਂ ਦੀ ਉਮਰ 17 ਤੋਂ 71 ਸਾਲ ਤੱਕ ਹੈ। ਸ਼ਹਿਰ ਦੇ ਪੁਲਿਸ ਕਮਿਸ਼ਨਰ ਡੈਨੀਅਲ ਆਊਟਲਾ ਨੇ ਇੱਕ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਸ ਘਟਨਾ ਨਾਲ ਸੰਬੰਧਿਤ ਲੋਕਾਂ ਦੀ ਪਛਾਣ ਅਤੇ ਮਕਸਦ ਨੂੰ ਨਿਰਧਾਰਿਤ ਕਰਨ ਲਈ ਪੁਲਿਸ ਵਿਭਾਗ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਫਲੋਰਿਡਾ ਵਿੱਚ ਕੋਰੋਨਾ ਟੀਕਾ ਲਗਵਾਉਣ ਲਈ ਦੋ ਮਹਿਲਾਵਾਂ ਨੇ ਬਦਲਿਆ ਬਜ਼ੁਰਗਾਂ ਦਾ ਭੇਸ

**ਫਰਿਜ਼ਨੋ (ਕੈਲੀਫੋਰਨੀਆ), 19 ਫਰਵਰੀ 2021–** ਅਮਰੀਕਾ ਦੇ ਫਲੋਰਿਡਾ ਵਿੱਚ ਦੋ ਮਹਿਲਾਵਾਂ ਨੇ ਆਪਣੀ ਉਮਰ ਨੂੰ ਲੁਕਾਉਂਦੇ ਹੋਏ ਭੇਸ ਬਦਲ ਕੇ ਕੋਰੋਨਾ ਵਾਇਰਸ ਟੀਕੇ ਦੀ ਦੂਜੀ ਖੁਰਾਕ ਪ੍ਰਾਪਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਇਸ ਸੰਬੰਧੀ ਵੀਰਵਾਰ ਨੂੰ ਓਰੇਂਜ ਕਾਉਂਟੀ ਵਿੱਚ ਫਲੋਰਿਡਾ ਸਿਹਤ ਵਿਭਾਗ ਦੇ ਡਾਇਰੈਕਟਰ, ਡਾ. ਰਾਉਲ ਪਿਨੋ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੋ ਔਰਤਾਂ ਨੇ ਦੂਜੀ ਵਾਰ ਟੀਕਾ ਲਗਵਾਉਣ ਲਈ ਇੱਕ ਦਾਦੀ ਅੰਮਾ ਦੀ ਤਰ੍ਹਾਂ ਕੱਪੜੇ ਪਾਏ ਹੋਏ ਸਨ ਅਤੇ ਟੀਕਾਕਰਨ ਕੇਂਦਰ ਅਧਿਕਾਰੀ ਇਸ ਗੱਲ ਤੇ ਵੀ ਹੈਰਾਨ ਹਨ ਕਿ ਉਹਨਾਂ ਨੇ ਟੀਕੇ ਦੀ ਪਹਿਲੀ ਖੁਰਾਕ ਕਿਵੇ ਹਾਸਿਲ ਕੀਤੀ। ਓਰੇਂਜ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਅਨੁਸਾਰ, ਇਹ ਔਰਤਾਂ ਆਪਣੇ 30 ਅਤੇ 40ਵੇਂ ਸਾਲ ਦੇ ਦਹਾਕੇ ਵਿੱਚ ਹਨ, ਜਿਸ ਨਾਲ ਉਹ ਟੀਕਾਕਰਨ ਕੇਂਦਰ ਵਿੱਚ ਕੋਰੋਨਾ ਟੀਕਾ ਲਗਵਾਉਣ ਦੇ ਅਯੋਗ ਸਨ। ਪਿਨੋ ਨੇ ਦੱਸਿਆ ਕਿ, ਦੋਵਾਂ ਕੋਲ ਆਪਣੀ ਪਹਿਲੀ ਖੁਰਾਕ ਦੇ ਜਾਇਜ਼ ਟੀਕਾਕਰਨ ਕਾਰਡ ਸਨ, ਪਰ ਉਨ੍ਹਾਂ ਦੀ ਦੂਜੀ ਕੋਸ਼ਿਸ਼ ਵੇਲੇ ਉਮਰ ਸੰਬੰਧੀ ਡਰਾਈਵਰ ਲਾਇਸੈਂਸ ਦੇ ਅੰਕੜੇ ਕਾਰਡਾਂ ਨਾਲ ਮੇਲ ਨਹੀ ਖਾਂਦੇ ਸਨ। ਸ਼ੈਰਿਫ ਦੇ ਦਫਤਰ ਅਨੁਸਾਰ ਇਹਨਾਂ ਔਰਤਾਂ ਦੀ ਪਛਾਣ 44 ਸਾਲਾ ਓਲਗਾ ਮੋਨਰੋਏ ਰਮੀਰੇਜ਼ ਅਤੇ 34 ਸਾਲਾ ਮਾਰਥਾ ਵਿਵੀਅਨ ਮਨਰੋਏ ਵਜੋਂ ਕੀਤੀ ਗਈ ਹੈ।

ਹੁਸ਼ਿਆਰਪੁਰ / ਸ਼ਾਮਚੁਰਾਸੀ / ਕੁਲਦੀਪ ਚੁੰਬਰ

# ਨਗਰ ਕੌਂਸਲ ਸ਼ਾਮਚੁਰਾਸੀ ਦੀਆਂ ਚੋਣਾਂ ਦੌਰਾਨ 80.69 ਪੋਲਿੰਗ ਹੋਈ, ਕਸਬੇ ਦੇ 9 ਵਾਰਡਾਂ 'ਚ 34 ਉਮੀਦਵਾਰਾਂ ਨੇ ਲੜੀ ਚੋਣ





**ਹੁਸ਼ਿਆਰਪੁਰ/ਸ਼ਾਮਚੁਰਾਸੀ–** ਸ਼ਾਮਚੁਰਾਸੀ ਵਿਖੇ ਅੱਜ 9 ਵਾਰਡਾਂ ਦੇ 34 ਉਮੀਦਵਾਰਾਂ, ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ 9, ਕਾਂਗਰਸ ਪਾਰਟੀ ਦੇ 9, ਆਪ ਪਾਰਟੀ ਦੇ 6 ਅਤੇ 10 ਆਜਾਦ ਉਮੀਦਵਾਰਾਂ ਵਲੋਂ ਚੋਣ ਲਈ ਗਈ।

ਵੋਟਰਾਂ ਨੇ ਸਵੇਰ ਤੋਂ ਹੀ ਆਪਣੇ ਆਪਣੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਵਿਚ ਕਾਫ਼ੀ ਦਿਲਚਸਪੀ ਦਿਖਾਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ ਮਨਜੀਤ ਸਿੰਘ ਕਾਰਜਕਾਰੀ ਇੰਜੀਨੀਅਰ, ਤਜਿੰਦਰ ਸਿੰਘ ਇੰਜੀਨੀਅਰ, ਸੁਰਜੀਤ ਕੁਮਾਰ ਸੁਪਰਡੈਂਟ, ਰਜਿੰਦਰ ਕੰਵਰ ਸਹਾਇਕ ਇੰਜੀਨੀਅਰ, ਉਂਕਾਰ ਸਿੰਘ ਸੂਸਾਂ ਨੋਡਲ ਅਫਸਰ ਨੇ ਦੱਸਿਆ ਸ਼ਾਮਚੁਰਾਸੀ ਕਸਬੇ ਦੇ 9 ਵਾਰਡਾਂ ਵਿਚ 3196 ਵੋਟਾਂ ਸਨ। ਜਿੰਨ੍ਹਾਂ ਵਿਚੋਂ 1627 ਵੋਟਾਂ ਮਰਦ ਅਤੇ 1569 ਵੋਟਾਂ ਔਰਤ ਵਰਗ ਦੀਆਂ ਸਨ। ਇਨ੍ਹਾਂ 9 ਵੋਰਡਾਂ ਦੇ ਪੋਲਿੰਗ ਕੇਂਦਰਾਂ ਦੌਰਾਨ ਵਾਰਡ ਨੰਬਰ 1 ਤੋਂ 447 ਵੋਟਾਂ ਵਿਚੋਂ 381 ਵੋਟਾਂ ਤੇ ਵੋਟ ਪ੍ਰਤੀਸ਼ਤ 85.23, ਵਾਰਡ ਨੰਬਰ 2 ਤੋ ਕੁੱਲ 315 ਵੋਟਾਂ ਵਿਚੋਂ 266 ਵੋਟਾਂ ਤੇ 74.50 ਪ੍ਰਤੀਸ਼ਤ, ਵਾਰਡ ਨੰਬਰ 3 ਤੋਂ ਕੁੱਲ 315 ਵੋਟਾਂ ਵਿਚੋਂ 258 ਵੋਟਾਂ ਤੇ 81.9 ਪ੍ਰਤੀਸ਼ਤ, ਵਾਰਡ ਨੰਬਰ 4 ਤੋਂ ਕੁੱਲ 379 ਵੋਟਾਂ ਵਿਚੋਂ 297 ਵੋਟਾਂ ਤੇ 78.36 ਪ੍ਰਤੀਸ਼ਤ, ਵਾਰਡ ਨੰਬਰ 5 ਤੋਂ ਕੁੱਲ 329 ਵੋਟਾਂ ਵਿਚੋਂ 276 ਵੋਟਾਂ ਤੇ 83.98 ਪ੍ਰਤੀਸ਼ਤ, ਵਾਰਡ ਨੰਬਰ 6 ਤੋਂ ਕੁੱਲ 341 ਵੋਟਾਂ ਵਿਚੋਂ 270 ਵੋਟਾਂ ਤੇ 79.17 ਪ੍ਰਤੀਸ਼ਤ, ਵਾਰਡ ਨੰਬਰ 7 ਤੋਂ 369 ਵੋਟਾਂ ਵਿਚੋਂ 293 ਵੋਟਾਂ ਤੇ 79.4 ਪ੍ਰਤੀਸ਼ਤ, ਵਾਰਡ ਨੰਬਰ 8 ਤੋਂ 305 ਵੋਟਾਂ ਵਿਚੋਂ 252 ਵੋਟਾਂ ਤੇ 82.6 ਪ੍ਰਤੀਸ਼ਤ ਅਤੇ ਵਾਰਡ ਨੰਬਰ 9 ਤੋਂ 354 ਵੋਟਾਂ ਵਿਚੋਂ 286 ਵੋਟਾਂ ਤੇ 80.79 ਪ੍ਰਤੀਸ਼ਤ ਮੱਤਦਾਨ ਰਿਹਾ।

# ਸ਼ਾਮਚੁਰਾਸੀ ਦੇ ਜੇਤੂ ਉਮੀਦਵਾਰਾਂ ਵਲੋਂ ਵਾਰਡਾਂ 'ਚ ਕੀਤੇ ਧੰਨਵਾਦੀ ਦੌਰੇ ਤੇ ਲੱਡੂ ਵੰਡੇ

**ਹੁਸ਼ਿਆਰਪੁਰ/ਸ਼ਾਮਚੁਰਾਸੀ 17 ਫਰਵਰੀ –** ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਅਜਾਦ ਉਮੀਦਵਾਰਾਂ ਵਲੋਂ ਨਗਰ ਕੌਂਸਲ ਸ਼ਾਮਚੁਰਾਸੀ ਦੀਆਂ ਚੋਣਾਂ ਵਿਚ ਜਿੱਤ ਵਜੋਂ ਆਪਣੇ-ਆਪਣੇ ਵਾਰਡਾਂ ਦੇ ਧੰਨਵਾਦੀ ਦੌਰੇ ਕੀਤੇ, ਲੱਡੂ ਵੰਡੇ ਅਤੇ ਆਪਣੇ-ਆਪਣੇ ਹਮਾਇਤੀਆਂ ਦਾ ਧੰਨਵਾਦ ਕੀਤ ਗਿਆ। ਸਮੁੱਚੇ ਸ਼ਹਿਰ ਵਿਚ ਵਿਆਹ ਵਰਗਾ ਮਾਹੌਲ ਸਿਰਜ ਗਿਆ ਹੈ ਅਤੇ ਢੋਲ ਢਮੱਕੇ ਵਿਚਕਾਰ ਕੱਢੇ ਜਾਂ ਰਹੇ ਜਲੂਸਾਂ ਵਿਚ ਹਮਾਇਤੀ ਭੰਗੜੇ ਪਾਉਦੇ ਵਿਖਾਈ ਦਿੱਤੇ



ਗਏ। ਦੁਕਾਨਾਂ ਦੇ ਸਾਹਮਣੇ ਜਲੂਸ ਲੰਘਣ ਸਮੇਂ ਦੁਕਾਨਦਾਰ ਅਤੇ ਸ਼ੁਭਚਿੰਤਕ ਉਮੀਦਵਾਰਾਂ ਨੂੰ ਹਾਰਾਂ ਨਾਲ ਲੱਦ ਰਹੇ ਸਨ ਤੇ ਲੋਕਾਂ ਨੂੰ ਲੱਡੂ ਅਤੇ ਹੋਰ ਮਠਿਆਈਆਂ ਵੰਡ ਰਹੇ ਸਨ। ਜਿੱਤ ਉਪਰੰਤ ਹਮਾਇਤੀਆਂ ਨੇ ਉਮੀਦਵਾਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਹਾਰ ਪਹਿਨਾਏ। ਇਸ ਕੜੀ ਤਹਿਤ ਵਾਰਡ ਨੰਬਰ 1 ਤੋਂ ਕਾਂਗਰਸ ਦੀ ਉਮੀਦਵਾਰ ਹਰਭਜਨ ਕੌਰ ਜਿੱਤ ਉਪਰੰਤ ਆਪਣੇ ਹਮਾਇਤੀਆਂ ਨਾਲ ਖੁਸ਼ੀ ਭਰੇ ਮਾਹੌਲ ਵਿਚ ਦਿਖਾਈ ਦੇ ਰਹੇ ਹਨ।



**ਸ਼ਾਮਚੁਰਾਸੀ ਚੋਣ**
ਵਾਰਡ ਨੰਬਰ 2 ਤੋਂ ਅਕਾਲੀ ਦਲ ਦੇ ਚੌਥੀ ਵਾਰ ਜਿੱਤ ਪ੍ਰਾਪਤ ਕਰ ਚੁੱਕੇ ਮੰਗਲ ਕੁਮਾਰ ਮੰਗੀ ਜਿੱਤ ਉਪਰੰਤ ਆਪਣੇ ਹਮਾਇਤੀਆਂ ਨਾਲ ਖੁਸ਼ੀ ਵਿਚ ਜਿੱਤ ਦਾ ਨਿਸ਼ਾਨ ਬਣਾਉਦੇ ਹੋਏ ਵਿਖਾਈ ਦੇ ਰਹੇ ਹਨ।



**ਸ਼ਾਮਚੁਰਾਸੀ ਚੋਣ**
ਵਾਰਡ ਨੰਬਰ 9 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦਲਜੀਤ ਰਾਏ ਜਿੱਤ ਉਪਰੰਤ ਆਪਣੇ ਹਮਾਇਤੀਆਂ ਨਾਲ ਖੁਸ਼ੀ ਵਿਚ ਜਿੱਤ ਦਾ ਨਿਸ਼ਾਨ ਬਣਾਉਦੇ ਹੋਏ ਵਿਖਾਈ ਦੇ ਰਹੇ ਹਨ।





**ਸ਼ਾਮਚੁਰਾਸੀ ਚੋਣ**
ਵਾਰਡ ਨੰਬਰ 4 ਤੋਂ ਕਾਂਗਰਸ ਦੇ ਉਮੀਦਵਾਰ ਕੁਲਜੀਤ ਸਿੰਘ ਜਿੱਤ ਉਪਰੰਤ ਜਿੱਤ ਦਾ ਨਿਸ਼ਾਨ ਬਣਾਉਦੇ ਹੋਏ।

# ਨਗਰ ਕੌਂਸਲ ਸ਼ਾਮਚੁਰਾਸੀ ਦੇ 9 ਵਾਰਡਾਂ 'ਚ 4 ਕਾਂਗਰਸ, 3 ਅਕਾਲੀ ਤੇ 2 ਅਜ਼ਾਦ ਉਮੀਦਵਾਰ ਜੇਤੂ ਰਹੇ

## ਆਪ ਪਾਰਟੀ ਦੀ ਭਾਰੀ ਹਾਰ, ਕਸਬਾ ਸ਼ਾਮਚੁਰਾਸੀ 'ਚ ਖਾਤਾ ਵੀ ਨਹੀਂ ਖੋਲ੍ਹ ਸਕੀ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਨਗਰ ਕੌਂਸਲ ਸ਼ਾਮਚੁਰਾਸੀ 9 ਵਾਰਡਾਂ ਦੇ 34 ਉਮੀਦਵਾਰਾਂ, ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ 9, ਕਾਂਗਰਸ ਪਾਰਟੀ ਦੇ 9, ਆਪ ਪਾਰਟੀ ਦੇ 6 ਅਤੇ 10 ਅਜ਼ਾਦ ਉਮੀਦਵਾਰਾਂ ਵਲੋਂ ਚੋਣ ਲੜੀ ਗਈ ਸੀ, ਜਿਨ੍ਹਾਂ ਵਿਚ 4 ਕਾਂਗਰਸ, 3 ਅਕਾਲੀ ਅਤੇ 2 ਅਜ਼ਾਦ ਉਮੀਦਵਾਰ ਜੇਤੂ ਰਹੇ। ਪ੍ਰਾਪਤ ਨਤੀਜਿਆਂ ਮੁਤਾਬਿਕ ਵਾਰਡ ਨੰਬਰ ਵਾਰਡ ਨੰਬਰ 1 ਤੋਂ ਕਾਂਗਰਸ ਪਾਰਟੀ ਦੀ ਬੀਬੀ ਹਰਭਜਨ ਕੌਰ 223 ਵੋਟਾਂ ਨਾਲ ਜੇਤੂ ਰਹੀ ਅਤੇ ਸੁਖਵਿੰਦਰ ਕੌਰ (ਅਜ਼ਾਦ) ਨੂੰ 112 ਵੋਟਾਂ, ਕਾਂਤਾ ਦੇਵੀ (ਸ਼੍ਰੋਮਣੀ ਅਕਾਲੀ ਦਲ) ਨੂੰ 39 ਵੋਟਾਂ, ਬਲਵਿੰਦਰ ਕੌਰ (ਆਪ) ਨੂੰ 7 ਮਿਲੀਆਂ। ਵਾਰਡ ਨੰਬਰ 2 ਤੋਂ ਸ਼੍ਰੋਮਣੀ ਅਕਾਲੀ ਦਲ ਮੰਗਲ ਕੁਮਾਰ 133 ਵੋਟਾਂ ਲੈ ਕੇ ਜੇਤੂ ਰਹੇ ਤੇ ਅਮ੍ਰਿਤ ਕੁਮਾਰ (ਕਾਂਗਰਸ) ਨੂੰ 111 ਵੋਟਾਂ, ਜਮਨਾ ਦੇਵੀ (ਆਪ) ਨੂੰ 19 ਵੋਟਾਂ, 3 ਵੋਟਾਂ ਨੋਟਾ ਨੂੰ ਮਿਲੀਆਂ। ਵਾਰਡ 3 ਤੋਂ ਅਜ਼ਾਦ ਉਮੀਦਵਾਰ ਬੀਬੀ ਮਨਜੀਤ ਕੌਰ 107 ਵੋਟਾਂ ਲੈ ਕੇ ਜੇਤੂ ਰਹੀ ਤੇ ਸੋਨੀਆ ਦੇਵੀ (ਅਜ਼ਾਦ) ਨੂੰ 19 ਵੋਟਾਂ, ਕੁਲਵਿੰਦਰ ਕੌਰ (ਕਾਂਗਰਸ) ਨੂੰ 70 ਵੋਟਾਂ, ਸਵਰਾਜ ਕੌਰ (ਸ਼੍ਰੋਮਣੀ ਅਕਾਲੀ ਦਲ) ਨੂੰ 60 ਵੋਟਾਂ ਤੇ 2 ਵੋਟਾਂ ਨੋਟਾ ਨੂੰ ਮਿਲੀਆਂ। ਵਾਰਡ ਨੰਬਰ 4 ਤੋਂ ਕਾਂਗਰਸ ਪਾਰਟੀ ਦੇ ਕੁਲਜੀਤ ਸਿੰਘ 138 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ ਤੇ ਜਗਦੀਸ਼ ਕੁਮਾਰ (ਆਪ) ਨੂੰ 73 ਵੋਟਾਂ, ਦੁਪਿੰਦਰ ਸਿੰਘ ਬੰਟੀ (ਸ਼੍ਰੋਮਣੀ ਅਕਾਲੀ ਦਲ) ਨੂੰ 83 ਵੋਟਾਂ ਤੇ 3 ਵੋਟਾਂ ਨੋਟਾ ਨੂੰ ਮਿਲੀਆਂ। ਵਾਰਡ ਨੰਬਰ 5 ਤੋਂ ਕਾਂਗਰਸ ਪਾਰਟੀ ਦੀ ਬਲਜਿੰਦਰ ਕੌਰ 160 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੀ ਤੇ ਸੰਦੀਪ ਰਾਣੀ (ਅਜ਼ਾਦ) ਨੂੰ 43 ਵੋਟਾਂ, ਕਿਰਨ ਬਾਲਾ (ਆਪ) ਨੂੰ 30 ਵੋਟਾਂ, ਹਰਬੰਸ ਕੌਰ (ਸ਼੍ਰੋਮਣੀ ਅਕਾਲੀ ਦਲ) ਨੂੰ 42 ਵੋਟਾਂ ਤੇ 1 ਵੋਟ ਨੋਟਾ



ਨੂੰ ਪਈ। ਵਾਰਡ ਨੰਬਰ 6 ਤੋਂ ਅਜ਼ਾਦ ਉਮੀਦਵਾਰ ਵਿਜੇ ਕੁਮਾਰ 85 ਵੋਟਾਂ ਲੈ ਕੇ ਜੇਤੂ ਰਿਹਾ ਤੇ ਸੁਰਿੰਦਰ ਸਿੰਘ (ਆਪ) ਨੂੰ 26 ਵੋਟਾਂ, ਦਵਿੰਦਰ ਕੁਮਾਰ (ਅਜ਼ਾਦ) ਨੂੰ 10 ਵੋਟਾਂ, ਦਲਜਿੰਦਰ ਸੋਹਲ (ਸ਼੍ਰੋਮਣੀ ਅਕਾਲੀ ਦਲ) ਨੂੰ 71 ਵੋਟਾਂ, ਬਲਵੀਰ ਸਿੰਘ ਫਲੌਰਾ (ਕਾਂਗਰਸ) ਨੂੰ 75 ਵੋਟਾਂ, 3 ਵੋਟਾਂ ਨੋਟਾ ਨੂੰ ਪਈਆਂ। ਵਾਰਡ ਨੰਬਰ 7 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਦਲਜੀਤ ਕੌਰ 89 ਵੋਟਾਂ ਲੈ ਕੇ ਜੇਤੂ ਰਹੀ ਤੇ ਕਿਰਨ ਕੁਮਾਰੀ (ਅਜਾਦ) ਨੂੰ 36 ਵੋਟਾਂ, ਜੀਵਨ ਜੋਤੀ (ਕਾਂਗਰਸ) ਨੂੰ 86 ਵੋਟਾਂ, ਪੂਨਮ ਸ਼ਰਮਾ (ਆਪ) ਨੂੰ 23 ਵੋਟਾਂ ਤੇ ਵਰਿੰਦਰ ਕੌਰ (ਅਜਾਦ) ਨੂੰ 58 ਵੋਟਾਂ ਪਈਆਂ। ਵਾਰਡ ਨੰਬਰ 8 ਤੋਂ ਕਾਂਗਰਸ ਪਾਰਟੀ ਦੇ ਨਿਰਮਲ ਕੁਮਾਰ 133 ਵੋਟਾਂ ਲੈ ਕੇ ਜੇਤੂ ਰਹੇ ਤੇ ਸੁਰਿੰਦਰ ਕੁਮਾਰ (ਸ਼੍ਰੋਮਣੀ ਅਕਾਲੀ ਦਲ) ਨੂੰ 67 ਵੋਟਾਂ, ਹਰਜੀਤ ਸਿੰਘ (ਅਜ਼ਾਦ) ਨੂੰ 49 ਵੋਟਾਂ ਤੇ 3 ਵੋਟਾਂ ਨੋਟਾ ਨੂੰ ਮਿਲੀਆਂ। ਵਾਰਡ ਨੰਬਰ 9 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਦਲਜੀਤ ਰਾਏ 144 ਵੋਟਾਂ ਲੈ ਕੇ ਜੇਤੂ ਰਹੇ, ਜਦਕਿ ਸਰਬਜੀਤ ਸਿੰਘ (ਅਜ਼ਾਦ) ਨੂੰ 99 ਵੋਟਾਂ, ਗੁਰਜੀਤ ਸਿੰਘ (ਕਾਂਗਰਸ) ਨੂੰ 39 ਵੋਟਾਂ ਤੇ 4 ਵੋਟਾਂ ਨੋਟਾ ਨੂੰ ਪਈਆਂ। ਇੱਥੇ ਇਹ ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਵਿਚ ਵਾਰਡ ਨੰਬਰ 8 ਦੇ ਉਮੀਦਵਾਰ ਨਿਰਮਲ ਕੁਮਾਰ 5 ਵਾਰੀ, ਵਾਰਡ ਨੰਬਰ 2 ਦੇ ਉਮੀਦਵਾਰ ਮੰਗਲ ਕੁਮਾਰ 4 ਵਾਰੀ, ਵਾਰਡ ਨੰਬਰ 4 ਦੇ ਉਮੀਦਵਾਰ ਕੁਲਜੀਤ ਸਿੰਘ 2 ਵਾਰੀ ਤੇ ਵਾਰਡ ਨੰਬਰ 5 ਦੀ ਉਮੀਦਵਾਰ ਬਲਜਿੰਦਰ ਕੌਰ ਵੀ 2 ਵਾਰੀ ਨਗਰ ਕੌਂਸਲ ਸ਼ਾਮਚੁਰਾਸੀ ਦੀਆਂ ਜਿੱਤ ਚੁੱਕੇ ਹਨ, ਜਦਕਿ ਚੇਹਰੇ ਨਵੇਂ ਹਨ। ਇਨ੍ਹਾਂ ਚੋਣਾਂ ਦੌਰਾਨ ਕਸਬਾ ਸ਼ਾਮਚੁਰਾਸੀ ਵਿਚ ਆਪ ਪਾਰਟੀ ਵਲੋਂ 6 ਵਾਰਡਾਂ ਵਿਚ ਉਤਾਰੇ ਗਏ ਸਾਰੇ ਉਮੀਦਵਾਰਾਂ ਦੇ ਹਾਰ ਜਾਣ ਕਾਰਨ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ।



**ਸ਼ਾਮਚੁਰਾਸੀ ਚੋਣ**
ਵਾਰਡ ਨੰਬਰ 7 ਤੋਂ ਅਕਾਲੀ ਦਲ ਦੀ ਉਮੀਦਵਾਰ ਬੀਬੀ ਦਲਜੀਤ ਕੌਰ ਜਿੱਤ ਉਪਰੰਤ ਆਪਣੇ ਹਮਾਇਤੀਆਂ ਨਾਲ ਖੁਸ਼ੀ ਵਿਚ।



**ਸ਼ਾਮਚੁਰਾਸੀ ਚੋਣ**
ਵਾਰਡ ਨੰਬਰ 8 ਤੋਂ ਕਾਂਗਰਸ ਦੇ ਪੰਜਵੀ ਵਾਰ ਚੋਣ ਜਿੱਤੇ ਡਾ ਨਿਰਮਲ ਕੁਮਾਰ ਜਿੱਤ ਉਪਰੰਤ ਆਪਣੇ ਹਮਾਇਤੀਆਂ ਨਾਲ।

# ਮੈਥ ਸਿੱਖਣ ਵਿੱਚ ਅਸਮਰਥਤਾਵਾਂ ਵਾਲੇ ਬੱਚਿਆਂ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਮੈਥ ਸਿੱਖਣ ਵਿੱਚ ਅਸਮਰਥਤਾਵਾਂ ਵਾਲੇ ਆਮ ਘਾਟੇ

ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਗਣਿਤ ਦੇ ਫ਼ਾਰਮੂਲੇ ਅਤੇ ਨਿਯਮਾਂ ਨੂੰ ਭੁੱਲ ਸਕਦੇ ਹਨ।

ਵਿਸ਼ੇਸ਼ ਹੁਨਰ ਦੀ ਘਾਟ ਦੀ ਪਹਿਚਾਣ ਕਰਨਾ ਪਹਿਲਾ ਕਦਮ ਹੈ ਸਿੱਖਿਅਕ ਉਦੋਂ ਲੈਂਦੇ ਹਨ ਜਦੋਂ ਉਹ ਬੁਨਿਆਦੀ ਗਣਿਤ ਜਾਂ ਲਾਗੂ ਗਣਿਤ ਵਿੱਚ ਸਿੱਖਣ ਵਿੱਚ ਅਸਮਰਥਤਾ ਵਾਲੇ ਬੱਚਿਆਂ ਦੇ ਲਈ ਢੁਕਵੇਂ ਨਿਰਦੇਸ਼ ਤਿਆਰ ਕਰਨ ਦੀ ਕੋਸ਼ਿਸ਼ ਕਰਦੇ ਹਨ।

ਸਪੈਸ਼ਲ ਐਜੂਕੇਸ਼ਨ ਅਥਾਰਟੀ ਆਮ ਤੌਰ ਤੇ ਕਮਜ਼ੋਰੀ ਦੇ ਵਿਸ਼ੇਸ਼ ਖੇਤਰਾਂ ਦੀ ਪਹਿਚਾਣ ਕਰਨ ਲਈ ਵਿਦਿਆਰਥੀ ਦੇ ਕੰਮ ਦੇ ਪ੍ਰਮਾਣਿਤ ਨਿਦਾਨ ਜਾਂਚ, ਨਿਰੀਖਣ ਅਤੇ ਵਿਸ਼ਲੇਸ਼ਣ ਦੀ ਵਰਤੋਂ ਕਰਦੇ ਹਨ।

ਅਧਿਆਪਕਾਂ ਨੇ ਫਿਰ ਨਿਰਦੇਸ਼ ਵਿਕਸਿਤ ਕਰਦੇ ਹਨ ਅਤੇ ਸਹੀ ਰਣਨੀਤੀਆਂ ਦੀ ਚੋਣ ਕਰਦੇ ਹਨ।

ਕੀ ਤੁਹਾਨੂੰ ਚਿੰਤਾ ਹੈ ਕਿ ਤੁਹਾਡੇ ਬੱਚੇ ਦੀ ਪੜ੍ਹਾਈ ਦੀ ਅਯੋਗਤਾ ਨੂੰ ਗਣਿਤ ਵਿੱਚ ਹੋ ਸਕਦਾ ਹੈ? ਆਪਣੇ ਬੱਚੇ ਦੇ ਅਧਿਆਪਕ, ਪ੍ਰਿੰਸੀਪਲ ਜਾਂ ਸਕੂਲ ਕੌਂਸਲਰ ਨਾਲ ਗੱਲ ਕਰੋ ਜੇ ਉਸ ਕੋਲ ਇਸ ਪੜਚੋਲ ਵਿੱਚ ਸ਼ਾਮਲ ਗੱਭਚੰਦ ਸਿੱਖਣ ਵਿੱਚ ਅਸਮਰਥਤਾਵਾਂ ਦੇ ਕਿਸੇ ਵੀ ਸੰਕੇਤ ਹਨ।

**ਬੇਸਿਕ ਮੈਥ ਵਿੱਚ ਸਿੱਖਣ ਵਿੱਚ ਅਸਮਰਥਤਾਵਾਂ**

ਗਣਿਤ ਵਿੱਚ ਸਿੱਖਣ ਵਿੱਚ ਅਸਮਰਥਤਾਵਾਂ ਵਾਲੇ ਬੱਚਿਆਂ ਨੂੰ ਗਣਿਤ ਦੇ ਤੱਥਾਂ ਨੂੰ ਯਾਦ ਕਰਨ ਵਿੱਚ ਮੁਸ਼ਕਲ ਹੋ ਸਕਦੀ ਹੈ, ਸਮੱਸਿਆ-ਹੱਲ ਕਰਨ ਵਿੱਚ ਕਦਮ, ਗੁੰਝਲਦਾਰ ਨਿਯਮਾਂ ਅਤੇ ਫਾਰਮੂਲੇ ਹੋ ਸਕਦੇ ਹਨ. ਉਨ੍ਹਾਂ ਨੂੰ ਗਣਿਤ ਦੇ ਤੱਥਾਂ, ਕਾਰਵਾਈਆਂ, ਅਤੇ ਫਾਰਮੂਲੇ ਦੇ ਅਰਥ ਨੂੰ ਸਮਝਣ ਲਈ ਸੰਘਰਸ਼ ਕਰਨਾ ਪੈ ਸਕਦਾ ਹੈ।

ਅਜਿਹੇ ਬੱਚੇ ਸਮੱਸਿਆਵਾਂ ਨੂੰ ਜਲਦੀ ਅਤੇ ਪ੍ਰਭਾਵੀ ਢੰਗ ਨਾਲ ਹੱਲ ਕਰਨ ਲਈ ਸੰਘਰਸ਼ ਕਰਦੇ ਹਨ ਜਾਂ ਵੇਰਵੇ ਅਤੇ ਸ਼ੁੱਧਤਾ 'ਤੇ ਧਿਆਨ ਕੇਂਦ੍ਰਤ ਕਰਦੇ ਹਨ. ਉਹਨਾਂ ਨੂੰ ਮਾਨਸਿਕ ਤੌਰ 'ਤੇ ਕੰਪਿਊਟਨਾਂ ਦੇ ਜਵਾਬ ਵਿੱਚ ਮੁਸ਼ਕਲ ਹੋ ਸਕਦੀ ਹੈ ਅਤੇ ਗਣਿਤ ਦੇ ਨਿਯਮਾਂ ਨੂੰ ਸਮਝਣ ਵਿੱਚ ਅਸਫਲ ਹੋ ਸਕਦਾ ਹੈ।

**ਅਪਲਾਈਡ ਮੈਥ ਵਿੱਚ ਸਿੱਖਣ ਵਿੱਚ ਅਸਮਰਥਤਾਵਾਂ**

ਲਾਗੂ ਹੋਏ ਗਣਿਤ ਵਿੱਚ ਸਿੱਖਣ ਦੀ ਅਯੋਗਤਾ ਵਾਲੇ ਵਿਦਿਆਰਥੀ, ਇਹ ਸਮਝਣ ਵਿੱਚ ਅਸਫਲ ਹੋ ਸਕਦੇ ਹਨ ਕਿ ਸਮੱਸਿਆ ਹੱਲ ਕਰਨ ਦੇ ਕਦਮਾਂ ਦੀ ਜ਼ਰੂਰਤ ਹੈ ਅਤੇ ਕਿਵੇਂ ਨਿਯਮ ਅਤੇ ਫਾਰਮੂਲੇ ਅੰਕਾਂ ਅਤੇ ਸਮੱਸਿਆ-ਹੱਲ ਕਰਨ ਦੀ ਪ੍ਰਕਿਰਿਆ ਨੂੰ ਪ੍ਰਭਾਵਤ ਕਰਦੇ ਹਨ।

ਇਸ ਦੇ ਸਿੱਟੇ ਵਜੋਂ, ਉਹ ਸਮੱਸਿਆ ਹੱਲ ਕਰਨ ਦੀ ਪ੍ਰਕਿਰਿਆ ਵਿਚ ਗੁੰਮ ਹੋ ਸਕਦੇ ਹਨ ਅਤੇ ਆਪਣੇ ਆਪ ਨੂੰ ਨਵ ਸਮੱਸਿਆ-ਹੱਲ ਕਰਨ ਦੀਆਂ ਸਥਿਤੀਆਂ ਵਿਚ ਗਣਿਤ ਦੇ ਹੁਨਰ ਨੂੰ ਲਾਗੂ ਕਰਨ ਵਿਚ ਅਸਮਰਥ ਮਹਿਸੂਸ ਕਰਦੇ ਹਨ।

ਬਹੁ-ਕਦਮਾਂ ਵਾਲੀਆਂ ਹਿਦਾਇਤਾਂ ਨੂੰ ਯਾਦ ਰੱਖਣਾ ਅਤੇ ਇਸਦੀ ਪਾਲਣਾ ਕਰਨਾ ਇਹਨਾਂ ਬੱਚਿਆਂ ਲਈ ਖ਼ਾਸ ਚੁਣੌਤੀਪੂਰਨ ਸਿੱਧ ਹੋ ਸਕਦੀ ਹੈ. ਕੁਝ ਮਾਮਲਿਆਂ ਵਿੱਚ, ਉਹ ਨੁਕਸ ਕਰ ਸਕਦੇ ਹਨ ਜਦੋਂ ਕਿ ਕਮਜ਼ੋਰ ਲਿਖਤ ਕਾਰਨ ਸਮੱਸਿਆ-ਹੱਲ ਕਰਨ।

ਉਹ ਪਿਛਲੇ ਸਿੱਖਣ ਦੇ ਅਧਾਰ ਤੇ ਸਮੱਸਿਆ-ਹੱਲ ਵਿੱਚ ਲੌਕਲਿਕ ਉਛਾਲਣ ਵਿੱਚ ਵੀ ਅਸਮਰੱਥ ਹੋ ਸਕਦੇ ਹਨ ਜਾਂ ਕਿਸੇ ਸ਼ਬਦ ਦੀ ਸਮੱਸਿਆ ਵਿੱਚ ਮਹੱਤਵਪੂਰਨ ਜਾਣਕਾਰੀ ਲੱਭਣ ਵਿੱਚ ਅਸਮਰਥਤਾ ਦਾ ਅਨੁਭਵ ਕਰ ਸਕਦੇ ਹਨ. ਸਹੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹੀ ਸਮੱਸਿਆ-ਹੱਲ ਕਰਨ ਦੀ ਰਣਨੀਤੀ ਚੁਣਨਾ ਇਹਨਾਂ ਬੱਚਿਆਂ ਦੇ ਨਾਲ ਨਾਲ ਇਹਨਾਂ ਨੂੰ ਪ੍ਰਭਾਵਤ ਕਰੇਗਾ।

ਜਦ ਕਿ ਉਹਨਾਂ ਦੇ ਸਾਥੀ ਆਪਣੇ ਕੰਮ ਵਿੱਚ ਗਲਤੀਆਂ ਲੱਭਣ ਦੇ ਯੋਗ ਹੋ ਸਕਦੇ ਹਨ ਜਾਂ ਸਮੱਸਿਆ ਨੂੰ ਹੱਲ ਕਰਨ ਲਈ ਕੀਤੀਆਂ ਗਈਆਂ ਗਲਤੀਆਂ ਦੀ ਪਛਾਣ ਕਰਨ ਦੇ ਯੋਗ ਹੋ ਸਕਦੇ ਹਨ, ਪਰ ਉਹਨਾਂ ਨੂੰ ਅਜਿਹਾ ਕਰਨਾ ਅਸੰਭਵ ਜਾਂ ਪਰੇਸ਼ਾਨ ਕਰਨ ਵਾਲਾ ਹੋਵੇਗਾ।

ਮਾਪਿਆਂ ਅਤੇ ਅਧਿਆਪਕਾਂ ਨੂੰ ਆਪਣੇ ਕੰਮ ਦਾ ਮੁਲਾਂਕਣ ਕਰਦੇ ਸਮੇਂ ਵਿਦਿਆਰਥੀ ਦੇ ਸੰਘਰਸ਼ਾਂ ਦਾ ਪਤਾ ਲੱਗ ਸਕਦਾ ਹੈ ਜਾਂ ਉਹਨਾਂ ਨੂੰ ਸਿੱਧੇ ਤੌਰ ਤੇ ਅਜਿਹੀਆਂ ਸਮੱਸਿਆਵਾਂ ਦਾ ਜਿਕਰ ਕਰ ਸਕਦਾ ਹੈ।

**ਰਵੱਈਆ ਸੰਬੰਧੀ ਸਮੱਸਿਆਵਾਂ**

ਗਣਿਤ ਵਿੱਚ ਸਿੱਖਣ ਵਿੱਚ ਅਸਮਰਥਤਾਵਾਂ ਵਾਲੇ ਕੁਝ ਵਿਦਿਆਰਥੀ ਮੈਥ ਕੰਮ ਕਰਨ ਤੋਂ ਬਚਣ ਲਈ ਕੰਮ ਕਰ ਸਕਦੇ ਹਨ. ਜੇ ਇਕ ਆਮ ਤੌਰ ਤੇ ਚੰਗਾ ਵਿਹਾਰ ਵਾਲਾ ਬੱਚਾ ਗਣਿਤ ਕਲਾਸ ਵਿਚ ਕੰਮ ਕਰ ਰਿਹਾ ਹੈ, ਤਾਂ ਸਿੱਖਣ ਦੀ ਅਯੋਗਤਾ ਦਾ ਕਾਰਨ ਹੋ ਸਕਦਾ ਹੈ. ਅਸਮਰਥਤਾ ਵਾਲੇ ਕੁਝ ਵਿਦਿਆਰਥੀ ਕੰਮ ਨਹੀਂ ਕਰਨਗੇ ਪਰ ਬੀਮਾਰੀ ਨੂੰ ਖੋਰਾ ਲਾਉਣ ਜਾਂ ਅਧਿਆਪਕਾਂ ਜਾਂ ਉਨ੍ਹਾਂ ਦੇ ਸਾਥੀਆਂ ਤੋਂ ਕਲਾਸ ਵਿਚ ਵਾਪਸ ਆਉਣ ਨਾਲ ਗਣਿਤ ਦੀ ਕਲਾਸ ਨੂੰ ਛੱਡ ਦੇਣਗੇ।

**ਅਗਲਾ ਕਦਮ**

ਜਦੋਂ ਤੁਸੀਂ ਆਪਣੇ ਬੱਚੇ ਦੇ ਕੰਮ ਵਿੱਚ ਇਹਨਾਂ ਸਮੱਸਿਆਵਾਂ ਦੀ ਪਾਲਣਾ ਕਰਦੇ ਹੋ, ਤਾਂ ਆਪਣੇ ਅਧਿਆਪਕਾਂ ਨਾਲ ਇਸ ਜਾਣਕਾਰੀ ਨੂੰ ਸਾਂਝਾ ਕਰੋ ਕਿ ਉਹ ਸਹੀ ਸਿਖਲਾਈ ਦੀਆਂ ਰਣਨੀਤੀਆਂ ਨੂੰ ਵਿਕਸਿਤ ਕਰੇ ਜੋ ਤੁਹਾਡੇ ਬੱਚੇ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ. ਤੁਸੀਂ ਆਪਣੇ ਬੱਚੇ ਨੂੰ ਇਹ ਵੀ ਪੁੱਛ ਸਕਦੇ ਹੋ ਕਿ ਉਹ ਕਿੱਥੇ ਮਹਿਸੂਸ ਕਰਦਾ ਹੈ ਕਿ ਉਹ ਗਣਿਤ ਵਿੱਚ ਸਭ ਤੋਂ ਜਿਆਦਾ ਸੰਘਰਸ਼ ਕਰ ਰਿਹਾ ਹੈ ਅਤੇ ਬੇਨਤੀ ਕਰਦਾ ਹੈ ਕਿ ਉਸ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਜੇ ਤੁਹਾਨੂੰ ਸ਼ੱਕ ਹੈ ਕਿ ਤੁਹਾਡੇ ਬੱਚੇ ਦੀ ਮੂਲ ਜਾਂ ਲਾਗੂ ਗਣਿਤ ਵਿਚ ਸਿੱਖਣ ਦੀ ਅਯੋਗਤਾ ਹੈ, ਤਾਂ ਇਕ ਵਾਰ ਸਕੂਲ ਦੇ ਫੈਕਲਟੀ ਮੈਂਬਰ ਨਾਲ ਗੱਲ ਕਰੋ. ਯਾਦ ਰੱਖੋ ਕਿ ਸ਼ੁਰੂਆਤੀ ਦਖਲ ਦੀ ਲੋੜ ਹੈ ਇਸ ਸਮੱਸਿਆ ਨੂੰ ਨਜ਼ਰਅੰਦਾਜ਼ ਕਰਨ ਦੀ ਬਜਾਏ, ਆਪਣੇ ਬੱਚੇ ਦੇ ਗ੍ਰੇਡ ਅਤੇ ਸਵੈ-ਮਾਣ 'ਤੇ ਟੋਲ ਲੈ ਜਾਣ ਤੋਂ ਰੋਕਣ ਲਈ ਤੁਰੰਤ ਇਸ ਨੂੰ ਸੰਬੋਧਨ ਕਰਨਾ ਵਧੀਆ ਹੈ।

# ਬੱਚਿਆਂ ਨੂੰ ਮੁੱਢਲੀ ਸਿੱਖਿਆ ਪ੍ਰਦਾਨ ਕਰਨ ਲਈ ਮਾਤ ਭਾਸ਼ਾ ਦੀ ਲੋੜ

ਬੱਚੇ ਇਹ ਭਾਸ਼ਾ ਆਪਣੇ ਮਾਂ -ਬਾਪ ਤੋਂ ਹੀ ਸਿੱਖਦੇ ਹਨ। ਇਸ ਨੂੰ ਪਹਿਲੀ ਭਾਸ਼ਾ ਵੀ ਕਿਹਾ ਜਾਂਦਾ ਹੈ ।ਬੱਚੇ ਦਾ ਮਾਂ ਬੋਲੀ ਨਾਲ ਬਚਪਨ ਤੋਂ ਹੀ ਸਬੰਧ ਬਣ ਜਾਂਦਾ ਹੈ ।ਉਸ ਤੋਂ ਬਾਅਦ ਬੱਚਾ ਜੇਕਰ ਕੋਈ ਹੋਰ ਭਾਸ਼ਾ ਸਿੱਖਦਾ ਹੈ ਤਾਂ ਉਸ ਨੂੰ ਦੂਜੀ ਭਾਸ਼ਾ ਕਿਹਾ ਜਾਂਦਾ ਹੈ ।ਬੱਚਾ ਆਪਣੀ ਮਾਤ ਭਾਸ਼ਾ ਵਿਚ ਉੱਠਣਾ - ਬੈਠਣਾ , ਤੁਰਨਾ , ਖੇਡਦਾ ਤੇ ਬੋਲਣਾ ਸਿੱਖਦਾ ਹੈ। ਇੱਥੇ ਹੀ ਉਸ ਦੀ ਪਹਿਲੀ ਸਿੱਖਿਆ ਸ਼ੁਰੂ ਹੋ ਜਾਂਦੀ ਹੈ।

ਬੱਚਿਆਂ ਲਈ ਸਿੱਖਿਆ ਦਾ ਸਭ ਤੋਂ ਉੱਤਮ ਮਾਧਿਅਮ ਉਸ ਦੀ ਮਾਤ ਭਾਸ਼ਾ ਹੀ ਹੈ ।ਮਨੋਵਿਗਿਆਨਕ ਤੌਰ ਤੇ ਇਹ ਸਾਰਥਕ ਚਿੰਨ੍ਹਾਂ ਦੀ ਅਜਿਹੀ ਪ੍ਰਣਾਲੀ ਹੁੰਦੀ ਹੈ ਜੋ ਪ੍ਰਗਟਾਓ ਅਤੇ ਸਮਝ ਲਈ ਉਸ ਦੇ ਦਿਮਾਗ ਵਿੱਚ ਸਵੈਚਾਲੀ ਰੂਪ ਵਿਚ ਕੰਮ ਕਰਦੀ ਹੈ ।ਸਮਾਜੀ ਤੌਰ ਤੇ ਜਿਸ ਜਨ- ਸਮੂਹ ਦੇ ਮੈਂਬਰਾਂ ਨਾਲ ਉਸ ਦਾ ਸਬੰਧ ਹੁੰਦਾ ਹੈ ,ਉਸ ਨਾਲ ਇਕ ਮਿਕ ਹੋਣ ਦਾ ਸਾਧਨ ਹੈ। ਸਿੱਖਿਆਵੀ ਤੌਰ ਤੇ ਉਹ ਮਾਤ ਭਾਸ਼ਾ ਰਾਹੀਂ ਇਕ ਅਣਜਾਣੇ ਭਾਸ਼ਾਈ ਮਾਧਿਅਮ ਨਾਲੋਂ ਤੇਜ਼ੀ ਨਾਲ ਸਿੱਖਦਾ ਹੈ।

ਭਾਸ਼ਾ ਵਿਗਿਆਨੀਆਂ ਦਾ ਮੰਨਣਾ ਹੈ ਕਿ ਮਾਤ ਭਾਸ਼ਾ ਲਗਭਗ ਬਾਰਾਂ ਸਾਲਾਂ ਦੀ ਉਮਰ ਤਕ ਸਿੱਖੀ ਜਾ ਸਕਦੀ ਹੈ। ਵਿਅਕਤੀ ਦੁਆਰਾ ਸਿੱਖੀ ਹਰੇਕ ਭਾਸ਼ਾ ਦੂਜੀ ਭਾਸ਼ਾ ਬਣ ਜਾਂਦੀ ਹੈ। ਇਹ ਗੱਲ ਵੱਖ ਹੈ ਕਿ ਵਿਅਕਤੀ ਵਿਸ਼ੇਸ਼ ਦੀਆਂ ਭਾਸ਼ਾਈ ਯੋਗਤਾਵਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ।

ਬੱਚੇ ਮੁੱਢਲੀ ਸਿੱਖਿਆ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਉਹ ਮਾਂ ਦੀ ਭਾਸ਼ਾ ਤੋਂ ਸ਼ਬਦ ਬੋਲਣੇ ਸਿੱਖਦਾ ਹੈ। ਸਕੂਲ ਜਾਣ ਦੀ ਉਮਰ ਤੱਕ ਜਾਣੀ ਤਿੰਨ ਚਾਰ ਸਾਲ ਦੀ ਉਮਰ ਹੋਣ ਵੇਲੇ ਤੱਕ ਇੱਕ ਬੱਚਾ ਬਹੁਤ ਸਾਰਾ ਸ਼ਬਦ ਭੰਡਾਰ, ਗਿਆਨ ਭੰਡਾਰ ਅਤੇ ਚਿੰਨ੍ਹਾਂ ਨੂੰ ਆਪਣੇ ਜ਼ਿਹਨ ਵਿੱਚ ਗ੍ਰਹਿਣ ਕਰ ਚੁੱਕਿਆ ਹੁੰਦਾ ਹੈ। ਉਸ ਨੇ ਸ਼ਬਦਾਵਲੀ ਅਤੇ ਬਿੰਬ ਉਕਰਨੇ ਸਿੱਖ ਲਏ ਹੁੰਦੇ ਹਨ। ਇਹਨਾਂ ਹਾਲਤਾਂ ਵਿੱਚ ਜੇਕਰ ਬੱਚੇ ਨੂੰ ਦੂਜੀ ਭਾਸ਼ਾ ਵਿੱਚ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਸਮਝ ਲਿਆ ਜਾਵੇ ਕਿ ਉਸ ਨੂੰ ਤਿੰਨ ਚਾਰ ਸਾਲ ਪਿਛਾਂਹ ਵੱਲ ਲੈ ਕੇ ਜਾਣਾ ਹੀ ਹੈ। ਅਜਿਹੇ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਬੱਚੇ ਦਾ ਤਿੰਨ ਤਿੰਨ ਚਾਰ ਸਾਲ ਦਾ ਸਮਾਂ ਬਰਬਾਦ ਹੀ ਹੋਇਆ ਹੈ ।ਨਵੇਂ ਸਿਰੇ ਤੋਂ ਉਹੀ ਸਭ ਕੁਝ ਸਿੱਖਣਾ ਬੱਚੇ ਲਈ ਕਠਿਨ ਕਾਰਜ ਹੀ ਹੁੰਦਾ ਹੈ ।ਦੂਜੀ ਭਾਸ਼ਾ ਵਿੱਚ ਮੁੱਢਲੀ ਪੜਾਈ ਕਰਨ ਵਾਸਤੇ ਉਸ ਨੂੰ ਮਾਨਸਿਕ ਬੋਝ ਝੱਲਣਾ ਪੈਂਦਾ ਹੈ ।ਇਕ ਛੋਟੇ ਬੱਚੇ ਨੂੰ ਉਦੋਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਉਸ ਦੀ ਸਕੂਲ ਦੀ ਭਾਸ਼ਾ ਹੋਰ ਅਤੇ ਘਰ ਦੀ ਭਾਸ਼ਾ ਹੋਰ ਹੁੰਦੀ ਹੈ। ਬੱਚੇ ਦੀ ਮੁੱਢਲੀ ਪੜਾਈ ਲਈ ਮਾਤ ਭਾਸ਼ਾ ਹੀ ਢੁਕਵੀਂ ਹੈ। ਬੱਚੇ ਦੇ ਗਿਆਨ ਦਾ ਵਿਕਾਸ ਜਿਹਨਾਂ ਮਾਤ ਭਾਸ਼ਾ ਨਾਲ ਹੋ ਸਕਦਾ ਹੈ, ਉਹਨਾਂ ਦੂਜੀ ਭਾਸ਼ਾ ਨਾਲ ਕਦੇ ਵੀ ਨਹੀਂ ਹੋ ਸਕਦਾ। ਜਿੱਥੇ ਮੁੱਢਲੀ ਸਿੱਖਿਆ ਮਾਤ ਭਾਸ਼ਾ ਨਾਲ ਹੀ ਬਿਹਤਰ ਤਰੀਕੇ ਨਾਲ ਕਰਵਾਈ ਜਾ ਸਕਦੀ ਹੈ, ਉਥੇ ਦੂਜੀ ਭਾਸ਼ਾ ਨੂੰ ਸਿੱਖਣ-ਸਿਖਾਉਣ ਲਈ ਵੀ ਮਾਤ ਭਾਸ਼ਾ 'ਤੇ ਬਿਹਤਰ ਪਕੜ ਹੋਣੀ ਜ਼ਰੂਰੀ ਹੁੰਦੀ ਹੈ। ਦੂਜੀ ਭਾਸ਼ਾ ਵਿੱਚ ਬੱਚੇ ਦਾ ਸ਼ਬਦ -ਭੰਡਾਰ, ਮਾਤ ਭਾਸ਼ਾ ਜਿੰਨਾ ਨਹੀਂ ਹੋ ਸਕਦਾ। ਜਿਸ ਕਰ ਕੇ ਦੂਜੀ ਭਾਸ਼ਾ ਵਿਚ ਪ੍ਰਾਪਤ ਗਿਆਨ ਅਧੂਰਾ ਗਿਆਨ ਬਣਕੇ ਹੀ ਰਹਿ ਜਾਂਦਾ ਹੈ। ਖੇਤਰੀ ਭਾਸ਼ਾ ਜਾਂ ਮਾਤ ਭਾਸ਼ਾ ਵਿਚ ਪੜਾਈ ਕਰਨ ਵਾਲੀ ਬੱਚੇ ਦੂਜੀ ਭਾਸ਼ਾ ਅਤੇ ਮਾਤ ਭਾਸ਼ਾ ਦੀ ਕਸ਼ਮਕਸ਼ ਵਿੱਚ ਸਿੱਖਿਆ ਵਿੱਚ ਪਛੜ ਜਾਂਦੇ ਹਨ। ਮਾਤ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰਨ ਵਾਲੇ ਬੱਚੇ ਹੀ ਦੂਜੀ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰ ਸਕਦੇ ਹਨ ਪੰਜਾਬ ਵਿੱਚ ਅਜਿਹੀ ਸਥਿਤੀ ਹੋ ਗਈ ਹੈ ਕਿ ਬੱਚੇ ਨਾ ਹੀ ਦੂਜੀ ਭਾਸ਼ਾ ਵਿੱਚ ਸਿੱਖਿਆ ਚੰਗੀ ਤਰਾਂ ਪ੍ਰਾਪਤ ਕਰ ਸਕੇ ਹਨ ਤੇ ਨਾ ਹੀ ਮਾਤ ਭਾਸ਼ਾ ਵਿੱਚ ਹੀ ਮੁਹਾਰਤ ਹਾਸਲ ਕਰ ਸਕੇ ਹਨ। ਦੋਨਾਂ ਭਾਸ਼ਾਵਾਂ ਨੂੰ ਸਿੱਖਦਿਆਂ ਹੋਇਆ ਉਹ ਨਾ ਹੀ ਮਾਤ ਭਾਸ਼ਾ ਨੂੰ ਨਾ ਹੀ ਪੰਜਾਬੀ ਭਾਸ਼ਾ ਨੂੰ ਚੰਗੀ ਤਰਾਂ ਲਿਖ ਬੋਲ ਸਕਦੇ ਹਨ, ਨਾ ਹੀ ਦੂਜੀ ਭਾਸ਼ਾ ਜਾਣੀ ਅੰਗਰੇਜ਼ੀ ਨੂੰ ਚੰਗੀ ਤਰਾਂ ਲਿਖ ਬੋਲ ਸਕਦੇ ਹਨ। ਮਾਤ ਭਾਸ਼ਾ ਕੋਲ ਵੱਧ ਤੋਂ ਵੱਧ ਸ਼ਬਦ ਭੰਡਾਰ ਹੁੰਦਾ ਹੈ, ਜਿਹਨਾਂ ਦੂਜੀ ਭਾਸ਼ਾ ਸਿੱਖ ਕੇ ਨਹੀਂ ਹੋ ਸਕਦਾ। ਮਾਤ ਭਾਸ਼ਾ ਵਿਚ ਹੀ ਵੱਧ ਤੋਂ ਵੱਧ ਸ਼ਬਦ ਭੰਡਾਰ ਹੁੰਦਾ ਹੈ ,ਜਿਸ ਕਰਕੇ ਖੁੱਲ ਕੇ ਪ੍ਰਗਟਾਵਾ ਕੀਤਾ ਜਾ ਸਕਦਾ ਹੈ ਜੋ ਕਿ ਦੂਜੀ ਭਾਸ਼ਾ ਵਿੱਚ ਨਹੀਂ ਹੋ ਸਕਦਾ। ਬੱਚੇ ਦਾ ਬੌਧਿਕ, ਨੈਤਿਕ ਤੇ ਗਿਆਨਾਤਮਕ ਵਿਕਾਸ ਮਾਤ ਭਾਸ਼ਾ ਵਿੱਚ ਹੀ ਹੋ ਸਕਦਾ ਹੈ। ਸਾਹਿਤ ਨ੍ਰਿਤ ਕਲਾ, ਮੂਰਤੀ ਕਲਾ, ਚਿੱਤਰ ਕਲਾ ਆਦਿ ਵਿੱਚ ਵੀ ਮਾਤ ਭਾਸ਼ਾ ਨਾਲ ਹੀ ਮੁਹਾਰਤ ਹਾਸਲ ਕੀਤੀ ਜਾ ਸਕਦੀ ਹੈ। ਇਹ ਇਹ ਗਲਤ ਧਾਰਨਾ ਹੈ ਕਿ ਅੰਗਰੇਜ਼ੀ ਵਿਚ ਪ੍ਰਾਪਤ ਗਿਆਨ ਹੀ ਵਿਅਕਤੀ ਦੇ ਬੁੱਧੀਮਾਨ ਹੋਣ ਦਾ ਸਬੂਤ ਹੈ। ਅੰਗਰੇਜ਼ੀ ਸਿਰਫ਼ ਇੱਕ ਭਾਸ਼ਾ ਹੈ, ਭਾਸ਼ਾ ਹਮੇਸ਼ਾ ਸੰਚਾਰ ਦਾ ਸਾਧਨ ਹੁੰਦੀ ਹੈ ਨਾ ਕਿ ਕਿਸੇ ਦੇ ਬੁੱਧੀਮਾਨ ਜਾਂ ਘੱਟ ਬੁੱਧੀਮਾਨ ਹੋਣ ਦਾ ਮਾਨਦੰਡ ਹੁੰਦੀ ਹੈ। ਬੱਚਾ ਆਪਣੀਆਂ ਦਾਦੀਆਂ ਨਾਨੀਆਂ ਤੋਂ ਸੁਣੀਆਂ ਕਹਾਣੀਆਂ ਦੇ ਅਰਥ ਮਾਤ ਭਾਸ਼ਾ ਵਿਚੋਂ ਵੀ ਲੱਭ ਸਕਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਬੱਚਿਆਂ ਨੂੰ ਮੁੱਢਲੀ ਸਿੱਖਿਆ ਪ੍ਰਦਾਨ ਕਰਨ ਲਈ ਮਾਤ ਭਾਸ਼ਾ ਦਾ ਕੋਈ ਬਦਲ ਨਹੀਂ ਹੋ ਸਕਦਾ। ਬੇਸ਼ੱਕ ਦੂਜੀਆਂ ਭਾਸ਼ਾਵਾਂ ਵੀ ਸਿੱਖਣੀਆਂ ਜ਼ਰੂਰੀ ਹਨ। ਭਾਸ਼ਾਵਾਂ ਜਿੰਨੀਆਂ ਮਰਜ਼ੀ ਸਿੱਖ ਲਈਆਂ ਜਾਣ ,ਉਹ ਦੂਜੀਆਂ ਭਾਸ਼ਾਵਾਂ ਹਨ। ਦੂਜੀਆਂ ਭਾਸ਼ਾਵਾਂ ਬੱਚੇ ਨੂੰ ਜਾਣਕਾਰੀ ਤਾਂ ਦੇ ਸਕਦੀਆਂ ਹਨ ਪਰ ਮੁਹਾਰਤ ਹਾਸਲ ਨਹੀਂ ਕਰਵਾ ਸਕਦੀਆਂ। ਔਖੇ ਤੋਂ ਔਖੇ ਵਿਸ਼ੇ ਵੀ ਜੇਕਰ ਮਾਤ ਭਾਸ਼ਾ ਰਾਹੀਂ ਪੜਾਏ ਜਾਣ ਤਾਂ ਬੱਚੇ ਉਹਨਾਂ ਨੂੰ ਜਲਦੀ ਸਮਝ ਸਕਦੇ ਹਨ ।ਦੂਜੀਆਂ ਭਾਸ਼ਾਵਾਂ ਦਾ ਸੀਮਤ ਗਿਆਨ ਪੜਨ ਪੜਾਉਣ ਅਤੇ ਸਮਝਣ ਵਿੱਚ ਰੁਕਾਵਟ ਪੈਦਾ ਕਰਦਾ ਹੈ। ਜੇਕਰ ਸਮਾਜ ਨੇ ਇਸ ਗੱਲ ਵੱਲ ਗਹਿਰਾਈ ਨਾਲ ਸੋਚ ਵਿਚਾਰ ਨਾ ਕੀਤੀ ਤਾਂ ਆਉਣ ਵਾਲੇ ਕੱਲ ਨਿੱਕੇ ਬਾਲ ਮਲੂਕ ਜਿੰਦਾਂ ਇਸੇ ਤਰਾਂ ਹੀ ਮਾਨਸਿਕ ਬੋਝ ਥੱਲੇ ਦੱਬ ਕੇ ਰਹਿ ਜਾਣਗੀਆਂ।

# ਕੋਚਿੰਗ ਤੋਂ ਬਿਨਾਂ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ

ਬਹੁਤੇ ਵਿਦਿਆਰਥੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਕੋਚਿੰਗ ਕਲਾਸਾਂ ਵਿਚ ਸ਼ਾਮਲ ਹੁੰਦੇ ਹਨ ਪਰ ਬਹੁਤ ਸਾਰੇ ਵਿਦਿਆਰਥੀ ਕੋਚਿੰਗ ਕਲਾਸਾਂ ਵਿਚ ਸ਼ਾਮਲ ਨਹੀਂ ਹੋ ਸਕਦੇ। ਇਹ ਬਲੱਗ ਇਸ ਬਾਰੇ ਹੈ ਕਿ ਬਿਨਾਂ ਕੋਚਿੰਗ ਦੇ ਮੁਕਾਬਲੇ ਵਾਲੀ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ। ਮੁਕਾਬਲੇ ਵਾਲੀ ਪ੍ਰੀਖਿਆ ਦਾ ਮੌਸਮ ਇੱਥੇ ਹੈ ਅਤੇ ਉਮੀਦਵਾਰ ਸਾਰੀਆਂ ਬੈਂਕਿੰਗ ਅਤੇ ਸਰਕਾਰੀ ਪ੍ਰੀਖਿਆਵਾਂ ਵਿੱਚ ਆਪਣੀ ਕਿਸਮਤ ਅਜ਼ਮਾਉਣਗੇ। ਤਿਆਰੀ ਸ਼ੁਰੂ ਕਰਦੇ ਸਮੇਂ ਸਾਰੇ ਉਮੀਦਵਾਰਾਂ ਵਿੱਚ ਸਭ ਤੋਂ ਆਮ ਪੈਰਸ਼ਨ ਇਹ ਹੈ ਕਿ - ਕੀ ਮੈਨੂੰ ਕੋਚਿੰਗ ਲੈਣਾ ਚਾਹੀਦਾ ਹੈ ਜਾਂ ਨਹੀਂ? ਖੈਰ, ਇੱਕ ਪ੍ਰੀਖਿਆ ਅਸਾਨੀ ਨਾਲ ਪੂਰੇ ਪਰੂਫ ਯੋਜਨਾਬੰਦੀ ਅਤੇ ਸਮਾਰਟ-ਅਧਿਐਨ ਵਿਧੀਆਂ ਨਾਲ ਤੁਹਾਡੇ ਲਈ ਯੋਗਤਾ ਪ੍ਰਾਪਤ ਕਰ ਸਕਦੀ ਹੈ।

ਹਾਂ, ਇਹ ਸੰਭਵ ਹੈ ਕਿ ਤੁਸੀਂ ਬਿਨਾਂ ਕਿਸੇ ਕੋਚਿੰਗ ਦੇ, ਪਰ ਸਵੈ-ਅਧਿਐਨ ਦੀ ਸਹਾਇਤਾ ਨਾਲ ਪ੍ਰਤੀਯੋਗੀ ਪ੍ਰੀਖਿਆਵਾਂ ਪ੍ਰਾਪਤ ਕਰ ਸਕੋ. ਇਸ ਲੇਖ ਵਿਚ, ਮੈਂ ਕੋਚਿੰਗ ਕਲਾਸਾਂ ਦੇ ਬਿਨਾਂ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਕਰਨ ਬਾਰੇ ਵਿਸਥਾਰਪੂਰਣ ਗਾਈਡ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਾਂਗਾ।

ਬਿਨਾਂ ਕੋਚਿੰਗ ਦੇ ਮੁਕਾਬਲੇ ਵਾਲੀ ਪ੍ਰੀਖਿਆ ਲਈ ਤਿਆਰੀ ਕਰਨ ਦੇ ਢੰਗ ਤਿਆਰੀ ਕਿਵੇਂ ਪ੍ਰਾਪਤ ਕੀਤੀ ਜਾਏ?

ਕੋਚਿੰਗ ਸੈਂਟਰ ਤੁਹਾਨੂੰ ਕਿਸੇ ਵੀ ਪ੍ਰੀਖਿਆ ਨੂੰ ਸਾਫ ਕਰਨ ਲਈ ਸ਼ੌਰਟਕਟ ਦੀਆਂ ਚਾਲਾਂ ਅਤੇ ਢੰਗ ਪ੍ਰਦਾਨ ਕਰਨਗੇ ਪਰ ਇਹ ਸਮਝਣ ਦੀ ਜ਼ਰੂਰਤ ਹੈ ਕਿ ਇਸ ਸੰਸਾਰ ਵਿਚ ਕੁਝ ਵੀ ਅਸਾਨ ਨਹੀਂ ਹੁੰਦਾ ਅਤੇ ਹਾਂ, ਅਸਲ ਵਿਚ ਅਜਿਹਾ ਕੁਝ ਨਹੀਂ ਹੈ ਜਿਸ ਨੂੰ ਮੁਫ਼ਤ ਦੁਪਹਿਰ ਦਾ ਖਾਣਾ ਕਿਹਾ ਜਾਂਦਾ ਹੈ।

ਇਹ ਹਮੇਸ਼ਾਂ ਤੁਹਾਡੇ ਇਮਤਿਹਾਨਾਂ ਵਿਚ ਤੁਹਾਡੇ ਸਵੈ-ਅਧਿਐਨ ਅਤੇ ਆਤਮ-ਵਿਸ਼ਵਾਸ ਬਾਰੇ ਹੁੰਦਾ ਹੈ ਕਿਉਂਕਿ ਕੋਈ ਵੀ ਤੁਹਾਡੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਆਪਣੇ ਆਪ ਨੂੰ ਛੱਡ ਕੇ ਨਹੀਂ ਸਮਝ ਸਕਦਾ। ਪਰ ਇਹ ਰਾਕੇਟ ਵਿਗਿਆਨ ਨਹੀਂ ਹੈ। ਇਹ ਸਭ ਕੁਝ ਸਿਲੇਬਸ ਨੂੰ ਸਮਝਣਾ ਅਤੇ ਉਸ ਅਨੁਸਾਰ ਰਣਨੀਤੀ ਤਿਆਰ ਕਰਨਾ ਹੈ। ਆਓ ਸਵੈ-ਅਧਿਐਨ ਅਤੇ ਕਿਸੇ ਵੀ ਪ੍ਰਤੀਯੋਗੀ ਪ੍ਰੀਖਿਆ ਨੂੰ ਸਾਫ ਕਰਨ ਦੀ ਕਲਾ ਵਿਚ ਮੁਹਾਰਤ ਪਾਉਣ ਦੇ ਦ੍ਰਿੜਤਾ ਦੁਆਰਾ ਸਫਲਤਾ ਦਾ ਰਾਹ ਲੱਭੀਏ।

ਕੋਚਿੰਗ ਤੋਂ ਬਿਨਾਂ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਕਰਨ ਦੇ 7 ਤਰੀਕੇ ਇਹ ਹਨ-

**ਸਿਲੇਬਸ ਨੂੰ ਸਮਝੋ**

ਇਹ ਕਿਸੇ ਵੀ ਕਸਰਤ ਦਾ ਪਹਿਲਾ ਹਿੱਸਾ ਹੈ - ਇਸ ਨੂੰ ਸਮਝਣਾ. ਕਿਸੇ ਵੀ ਮੁਕਾਬਲੇ ਵਾਲੀ ਪ੍ਰੀਖਿਆ ਵਿਚ ਪ੍ਰੀਖਿਆ ਦੇ ਨਮੂਨੇ ਅਤੇ ਮੁਸ਼ਕਲ ਦੇ ਪੱਧਰ ਦਾ ਹਵਾਲਾ ਦੇਣ ਲਈ ਪਿਛਲੇ ਸਾਲ ਦੇ ਪੇਪਰਾਂ ਦੇ ਨਾਲ ਇਕ ਪਰਿਭਾਸ਼ਿਤ ਸਿਲੇਬਸ ਹੁੰਦਾ ਹੈ।

ਪਹਿਲਾਂ, ਕਿਸੇ ਵੀ ਇਮਤਿਹਾਨ ਦੀ ਨੋਟੀਫਿਕੇਸ਼ਨ ਦੁਆਰਾ ਜਾਓ ਅਤੇ ਫਿਰ ਪਿਛਲੇ ਸਾਲ ਦੇ ਕਾਗਜ਼ਾਂ ਵਿੱਚੋਂ ਦੀ ਲੰਘੋ ਤਾਂ ਜੋ ਤੁਸੀਂ ਜਾਣ ਸਕੋ ਕਿ ਤੁਸੀਂ ਕਿਸ ਵਿੱਚ ਦਾਖਲ ਹੋ ਰਹੇ ਹੋ।

ਇੱਕ ਪ੍ਰਭਾਵਸ਼ਾਲੀ ਰੋਜ਼ਾਨਾ-ਅਧਿਐਨ ਕਾਰਜ-ਕਰਮ ਤਿਆਰ ਕਰੋ

ਜੇ ਤੁਸੀਂ ਸਵੈ-ਅਧਿਐਨ ਕਰ ਰਹੇ ਹੋ, ਤਾਂ ਇੱਕ ਨਿਯਮਤ ਰੁਟੀਨ ਬਣਾਉਣਾ ਬਹੁਤ ਮਹੱਤਵਪੂਰਨ ਹੈ ਅਤੇ ਵਧੇਰੇ ਮਹੱਤਵਪੂਰਨ ਇਹ ਹੈ ਕਿ ਇਸਨੂੰ ਬਿਨਾ ਅਸਫਲਤਾ ਦਾ ਪਾਲਣ ਕਰਨਾ. ਸਹੀ ਰੁਟੀਨ ਬਣਾਓ ਅਤੇ ਹਰ ਸਮੇਂ ਆਪਣੀ ਤਿਆਰੀ 'ਤੇ ਨਜ਼ਰ ਰੱਖੋ।

ਹਫਤਾਵਾਰੀ ਟੀਚੇ ਫਿਕਸ ਕਰੋ ਅਤੇ ਉਹਨਾਂ ਨੂੰ ਪ੍ਰਾਪਤ ਕਰੋ

ਤੁਸੀਂ ਕੋਚਿੰਗ 'ਤੇ ਜਾਂਦੇ ਹੋ ਕਿਉਂਕਿ ਉਹ ਨਿਰਧਾਰਤ ਸਿਲੇਬਸ ਨਾਲ ਨਿਯਮਤ ਕਲਾਸਾਂ ਲੈਂਦੇ ਹਨ ਤਾਂ ਜੋ ਸਾਰੇ ਸੰਬੰਧਿਤ ਅਧਿਆਇ ਸਹੀ ਤਰਾਂ ਕਵਰ ਕਰ ਸਕਣ. ਜੇ ਤੁਸੀਂ ਖੁਦ ਪੜ ਰਹੇ ਹੋ, ਤਾਂ ਤੁਹਾਨੂੰ ਆਪਣੇ ਟੀਚਿਆਂ ਨੂੰ ਸਹੀ ਕਰਨ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਹਾਲਾਂਕਿ, ਇਹ ਨਿਸ਼ਚਤ ਕਰੋ ਕਿ ਤੁਹਾਡੇ ਕੋਲ ਛੋਟੇ ਅਤੇ ਪ੍ਰਾਪਤੀਯੋਗ ਟੀਚੇ ਹਨ।

ਮੈਂ ਸੁਝਾਅ ਦਿੰਦਾ ਹਾਂ ਕਿ ਤੁਸੀਂ ਹਫਤਾਵਾਰੀ ਟੀਚੇ ਬਣਾਉਂਦੇ ਹੋ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ ਅਤੇ ਹਰ ਹਫ਼ਤੇ ਆਪਣੀ ਸਫਲਤਾ ਦੀ ਗਣਨਾ ਕਰੋ, ਇਹ ਨਿਸ਼ਚਤ ਕਰੋ ਕਿ ਜੇ ਤੁਸੀਂ 80-90% ਤੇ ਪਹੁੰਚ ਰਹੇ ਹੋ ਤਾਂ ਤੁਹਾਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਪਰ ਇਸ ਨੂੰ 90% ਬਣਾਉਣ ਦੀ ਕੋਸ਼ਿਸ਼ ਕਰੋ।

ਸਕਾਰਾਤਮਕ ਅਤੇ ਵਿਸ਼ਵਾਸ ਰੱਖੋ

ਸਫਲਤਾ ਪ੍ਰਾਪਤ ਕਰਨ ਲਈ ਹਰ ਸਮੇਂ ਸਕਾਰਾਤਮਕ ਰਹਿਣਾ ਬਹੁਤ ਜ਼ਰੂਰੀ ਹੈ. ਚੰਗੀ ਤਿਆਰੀ ਕਰੋ ਅਤੇ ਚੰਗੀ ਤਰਾਂ ਅਭਿਆਸ ਕਰੋ. ਨਤੀਜੇ ਨੂੰ ਖਤਮ ਨਾ ਕਰੋ. ਜੇ ਤੁਸੀਂ ਤਿਆਰੀ ਦੇ ਪੜਾਅ ਦਾ ਅਨੰਦ ਲੈਂਦੇ ਹੋ, ਤਾਂ ਪ੍ਰੀਖਿਆ ਵਿਚ ਦਾਖਲ ਹੋਣਾ ਤੁਹਾਡੇ ਲਈ ਇਕ ਕੇਕਵਾਕ ਹੋਵੇਗਾ।

ਜਦੋਂ ਤੁਸੀਂ ਅਰਾਮ ਮਹਿਸੂਸ ਕਰਦੇ ਹੋ ਤਾਂ ਅਧਿਐਨ ਕਰਨਾ ਬਹੁਤ ਮਹੱਤਵਪੂਰਨ ਹੈ. ਜੇ ਤੁਸੀਂ ਸ਼ੁਰੂਆਤੀ ਪੰਛੀ ਹੋ, ਸਵੇਰੇ ਅਧਿਐਨ ਕਰੋ ਅਤੇ ਜੇ ਤੁਹਾਨੂੰ ਅੱਧੀ ਰਾਤ ਦਾ ਤੇਲ ਸਾੜਨਾ ਪਸੰਦ ਹੈ, ਤਾਂ ਦੂਜਿਆਂ ਨੂੰ ਜਿਆਦਾ ਧਿਆਨ ਦਿੱਤੇ ਬਗੈਰ ਇਸ ਨਾਲ ਅੱਗੇ ਵਧੋ

ਸਟੈਂਡਰਡ ਸਟੱਡੀ ਮੈਟੀਰੀਅਲ ਵੇਖੋ

ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਮਾਤਰਾ ਦੀ ਬਜਾਏ ਗੁਣਵਤਾ 'ਤੇ ਧਿਆਨ ਕੇਂਦਰਤ ਕਰੋ। ਤੁਹਾਨੂੰ ਇਕ ਤੋਂ ਵੱਧ ਕਿਤਾਬਾਂ ਦਾ ਹਵਾਲਾ ਦੇਣ ਦੀ ਬਜਾਏ ਇਕ ਤੋਂ ਵੱਧ ਵਾਰ ਇਕ ਕਿਤਾਬ ਵਿਚੋਂ ਲੰਘਣ 'ਤੇ ਧਿਆਨ ਦੇਣਾ ਚਾਹੀਦਾ ਹੈ. ਇਕ ਮਿਆਰੀ ਕਿਤਾਬ ਚੁੱਕੋ ਅਤੇ ਇਸ ਨੂੰ ਕਈ ਵਾਰ ਪੜ੍ਹਨ। ਇਹ ਤੁਹਾਡੇ ਲਈ ਸੰਕਲਪ ਸਪਸ਼ਟ ਕਰੇਗਾ।

ਕਿਰਪਾ ਕਰਕੇ ਸਮਝੋ ਕਿ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਤੁਹਾਡੇ ਗਿਆਨ ਦੇ ਉਪਯੋਗ ਦੀ ਪ੍ਰੀਖਿਆ ਹਨ ਨਾ ਕਿ ਸਿਧਾਂਤ. ਪੜ੍ਹਨ ਅਤੇ ਸਮਝੋ ਤਾਂ ਜੋ ਤੁਸੀਂ ਸਹੀ ਨਾਲ ਅਰਜ਼ੀ ਦੇ ਸਕੋ। ਐਪਲੀਕੇਸ਼ਨ ਤੁਹਾਡੀ ਤਿਆਰੀ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਹੈ।

ਸਹੀ ਅਰਾਮ ਅਤੇ ਨੀਂਦ ਲਓ

ਇਕੱਲੇ ਅਧਿਐਨ ਕਰਨਾ ਕਈ ਵਾਰੀ ਤਣਾਅ ਭਰਪੂਰ ਅਤੇ ਬੋਰਿੰਗ ਹੋ ਸਕਦਾ ਹੈ ਅਤੇ ਜੇ ਤੁਸੀਂ ਕਿਸੇ ਵੀ ਪ੍ਰੀਖਿਆ ਦੀਆਂ ਮੁੱਢਲੀਆਂ ਸ਼ਰੇਣੀਆਂ ਨੂੰ ਵੀ ਤੋੜ ਨਹੀਂ ਪਾਉਂਦੇ ਤਾਂ ਇਹ ਹੋਰ ਵੀ ਤਣਾਅਪੂਰਨ ਬਣ ਜਾਂਦਾ ਹੈ. ਆਪਣੇ ਆਪ ਨੂੰ ਨਿਯਮਤ ਅਧਾਰ 'ਤੇ ਤਣਾਅ ਦੇ ਤਰੀਕੇ ਲੱਭੋ ਤਾਂ ਜੋ ਤੁਸੀਂ ਆਰਾਮ ਪਾ ਸਕੋ। ਇਹ ਤੁਹਾਨੂੰ ਤਾਜ਼ਗੀ ਦੇਵੇਗਾ ਅਤੇ ਤੁਸੀਂ ਚੀਜ਼ਾਂ ਨੂੰ ਬਿਹਤਰ ਢੰਗ ਨਾਲ ਬਰਕਰਾਰ ਰੱਖ ਸਕੋਗੇ।

ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਦਿਨ ਵਿੱਚ ਘੱਟੋ ਘੱਟ 7-8 ਘੰਟੇ ਸੌਂ ਰਹੇ ਹੋ. ਸਿਹਤਮੰਦ ਦਿਮਾਗ ਤੋਂ ਬਿਨਾਂ, ਹਰ ਚੀਜ਼ ਦਾ ਕੋਈ ਲਾਭ ਨਹੀਂ ਹੋਵੇਗਾ ਅਤੇ ਤੁਸੀਂ ਗਿਆਨ ਦੀ ਮਾੜੀ ਰੁਕਾਵਟ ਦੇ ਨਤੀਜੇ ਵਜੋਂ ਤੁਸੀਂ ਸਹੀ ਤਰਾਂ ਧਿਆਨ ਨਹੀਂ ਦੇ ਸਕੋਗੇ।

ਸੋਧੋ, ਸੋਧੋ ਅਤੇ ਸੰਸ਼ੋਧਿਤ ਕਰੋ

ਆਪਣੀ ਤਿਆਰੀ ਦੇ ਚੱਕਰ ਵਿਚ ਸਭ ਤੋਂ ਮਹੱਤਵਪੂਰਣ ਕੋਗ ਵਿਚ ਸੋਧ। ਕਿਸੇ ਵੀ ਵਿਅਕਤੀ ਲਈ ਸਿਰਫ ਇਕ ਵਾਰ ਅਧਿਐਨ ਕਰਕੇ ਸਭ ਕੁਝ ਯਾਦ ਰੱਖਣਾ ਸੰਭਵ ਨਹੀਂ ਹੈ। ਰੁਕਾਵਟ ਦੇ ਨਾਲ ਨਾਲ ਐਪਲੀਕੇਸ਼ਨ ਲਈ ਕਈ ਸੋਧਾਂ ਪ੍ਰਭਾਵਸ਼ਾਲੀ ਹੋਣਗੀਆਂ. ਤੁਹਾਨੂੰ ਅਸਫਲਤਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਉਹਨਾਂ ਦੇ ਬਾਵਜੂਦ ਉਹਨਾਂ ਨੂੰ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ. ਤੁਸੀਂ ਇਕ ਵਾਰ, ਦੋ ਵਾਰ ਅਸਫਲ ਹੋ ਸਕਦੇ ਹੋ ਪਰ ਜੇ ਤੁਸੀਂ ਇਸ ਨਾਲ ਜੁੜੇ ਰਹੋ, ਤਾਂ ਤੁਸੀਂ ਇਕ ਦਿਨ ਜ਼ਰੂਰ ਸਫਲ ਹੋ ਸਕੋਗੇ।

ਨਿਯਮਤ ਅਧਾਰ 'ਤੇ ਜਿੰਨਾ ਸੰਭਵ ਹੋ ਸਕੇ ਮੌਕ ਟੈਸਟ ਕਰੋ. ਆਪਣੇ ਸਹਿਯੋਗੀ ਪ੍ਰਤੀਭਾਗੀਆਂ ਦੇ ਮੁਕਾਬਲੇ ਆਪਣੀ ਤਿਆਰੀ ਦੇ ਪੱਧਰ ਨੂੰ ਰੋਕਣਾ ਬਹੁਤ ਮਹੱਤਵਪੂਰਨ ਹੈ. ਇਹ ਤੁਹਾਨੂੰ ਆਖਰੀ ਪਰੀਖਿਆ ਲਈ ਤਿਆਰ ਕਰਨ ਵਿਚ ਸਹਾਇਤਾ ਕਰਦਾ ਹੈ।

ਸਿੱਟਾ

ਮੁਕਾਬਲੇ ਦੀ ਪ੍ਰੀਖਿਆ ਸਾਰੀ ਰਣਨੀਤੀ ਅਤੇ ਸਹੀ ਕਾਰਜਾਂ ਬਾਰੇ ਹੈ ਅਤੇ ਕੁਝ ਵੀ ਨਹੀਂ। ਇਹ ਸਭ ਤੋਂ ਵਧੀਆ ਕੀਤਾ ਜਾ ਸਕਦਾ ਹੈ ਜੇ ਤੁਸੀਂ ਖੁਦ ਤਿਆਰ ਕਰ ਰਹੇ ਹੋ। ਕੋਚਿੰਗ ਸੈਂਟਰ ਇਕੱਲੇ ਤੁਹਾਡੇ ਲਈ ਨਹੀਂ ਹੋਣਗੇ ਬਲਕਿ ਸਵੈ-ਅਧਿਐਨ ਵਿਚ, ਤੁਸੀਂ ਆਪਣੇ ਆਪ ਨੂੰ ਬਿਹਤਰ ਸਮਝ ਸਕੋਗੇ ਅਤੇ ਉਸ ਅਨੁਸਾਰ ਅਧਿਐਨ ਕਰੋਗੇ।

ਇਸ ਲਈ, ਕੁਝ ਵੱਡੇ ਦਾਅਵਿਆਂ ਕਰਕੇ ਕੋਚਿੰਗ ਸੈਂਟਰਾਂ ਦੇ ਮਗਰ ਨਾ ਦੌੜੋ, ਪਰ ਆਪਣੇ ਆਪ ਵਿਚ ਵਿਸ਼ਵਾਸ ਕਰੋ ਅਤੇ ਇਕ ਢੁਕਵੀਂ ਯੋਜਨਾ ਨਾਲ ਅੱਗੇ ਵਧੋ. ਸਫਲਤਾ ਤੁਹਾਨੂੰ ਇਸ਼ਾਰਾ ਕਰੇਗੀ। ਨਾਲ ਹੀ ਤੁਹਾਨੂੰ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਨੂੰ ਦਰਸਾਉਣ ਲਈ ਸਫਲ ਵਿਦਿਆਰਥੀਆਂ ਦੀਆਂ ਆਦਤਾਂ ਨੂੰ ਜਾਣਨਾ ਚਾਹੀਦਾ ਹੈ. ਅਧਿਐਨ ਸਮੱਗਰੀ ਅਤੇ ਜੀ.ਕੇ., ਵਰਤਮਾਨ ਮਾਮਲੇ ਅਤੇ ਨੋਟੀਫਿਕੇਸ਼ਨਾਂ, ਯੋਗਤਾ / ਗਣਿਤ, ਤਰਕਸ਼ੀਲਤਾ, ਜ਼ੁਬਾਨੀ ਯੋਗਤਾਵਾਂ ਅਤੇ ਕੰਪਿਊਟਰ ਜਾਗਰੂਕਤਾ ਦੇ ਪ੍ਰਸ਼ਨਾਂ ਲਈ ਨਾਲ ਸੰਪਰਕ ਕਰੋ।

# ਅੰਤਰਰਾਸ਼ਟਰੀ ਭਾਸ਼ਾ ਦਿਵਸ (21 ਫਰਵਰੀ 2021)

ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ ਅਤੇ ਇਸ ਦੇ ਮੁੱਢ ਬਾਰੇ ਵੱਖ-ਵੱਖ ਵਿਦਵਾਨਾਂ ਵਲੋਂ ਭਿੰਨ-ਭਿੰਨ ਅਧਾਰ ਮਿੱਥ ਕੇ ਅਪੋ-ਆਪਣੇ ਨਿਰਣੇ ਲਏ ਗਏ ਹਨ। ਕੁਝ ਵਿਦਵਾਨ ਇਸ ਨੂੰ ਹੜੱਪਾ ਤੇ ਮਹਿੰਜੋ-ਦੜੋ ਦੀ ਸਭਿਅਤਾ ਨਾਲ ਜੋੜਦੇ ਹਨ। ਕੁਝ ਲੇਖਕ ਪੂਰਵ ਆਰੀਆਈ ਸਮੇਂ ਦੇ ਦਰਾਵੜੀ ਤੇ ਮੁੰਡਾ ਕਬੀਲਿਆਂ ਦੀ ਬੋਲੀ ਦੇ ਸਰੋਤਾਂ ਨਾਲ ਇਸ ਨੂੰ ਨਾਲ ਮਿਲਾਉਂਦੇ ਹਨ। ਬਹੁਤ ਵੱਡੀ ਗਿਣਤੀ ਵਿਚ ਵਿਦਵਾਨ ਰਿਗਵੇਦ ਦੀ ਭਾਸ਼ਾ ਨੂੰ ਪੰਜਾਬੀ ਦਾ ਮੂਲ ਸੋਮਾ ਮੰਨਦੇ ਹਨ। ਅਜਿਹੇ ਵਿਦਵਾਨ ਇਹ ਦਲੀਲ ਦਿੰਦੇ ਹਨ ਕਿ ਪੰਜਾਂ ਦਰਿਆਵਾਂ ਦੇ ਕੰਢਿਆਂ ਤੇ ਬੈਠ ਕੇ ਰਿਸ਼ੀਆਂ ਮੁਨੀਆਂ ਨੇ ਰਿਗਵੇਦ ਦੀ ਰਚਨਾ ਕੀਤੀ। ਪਰ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਦੀ ਉਤਪਤੀ ਤੇ ਵਿਕਾਸ ਵੀ ਉਸੇ ਤਰਾਂ ਸੰਸਕ੍ਰਿਤ, ਪ੍ਰਾਕਿਰਿਤ, ਪਾਲੀ ਅਤੇ ਅਪ-ਭ੍ਰੰਸ਼ ਲੰਘ ਕੇ ਅੱਠਵੀਂ-ਨੌਂਵੀਂ ਸਦੀ ਵਿਚ ਆਧੁਨਿਕ ਭਾਸ਼ਾ ਦੇ ਮਾਰਗ ਤੇ ਤੁਰਿਆ, ਜਿਸ ਤਰਾਂ ਹੋਰ ਭਾਰਤੀ ਭਾਸ਼ਾਵਾਂ ਦੇ ਆਰੰਭ ਬਾਰੇ ਨਿਰਣਾ ਲਿਆ ਜਾਂਦਾ ਹੈ।

ਅੱਠਵੀਂ-ਨੌਂਵੀਂ ਸਦੀ ਵਿਚ ਨਾਥਾਂ ਜੋਗੀਆਂ ਦੀਆਂ ਕਿਰਤਾਂ ਨਾਲ ਆਪਣਾ ਮੂੰਹ ਮੱਥਾ ਨਿਖਾਰਨ ਵਾਲੀ ਇਸ ਜ਼ੁਬਾਨ ਨੂੰ ਸੂਫ਼ੀ ਕਵੀਆਂ ਨੇ ਵੀ ਆਪਣੇ ਅਧਿਆਤਮਕ ਵਲਵਲਿਆਂ ਦੇ ਪ੍ਰਗਟਾਅ ਲਈ ਵਰਤਿਆ ਹੈ। ਪਰੰਤੂ ਇਸ ਭਾਸ਼ਾ ਨੂੰ ਪੂਰਨ ਪਰਿਪੱਕਤਾ ਸਿੱਖ ਗੁਰੂ ਸਾਹਿਬਾਨ ਨੇ ਹੀ ਬਖ਼ਸ਼ੀ ਹੈ।

ਰੂਹਾਨੀਅਤ ਦੇ ਚਾਨਣ ਮੁਨਾਰੇ ਅਤੇ ਮੱਧਕਾਲੀਨ ਭਾਰਤੀ ਸਭਿਆਚਾਰਕ ਸਾਂਝ ਦੇ ਉਤਕ੍ਰਿਸ਼ਟ ਸ਼ਾਹਕਾਰ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਵੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਮਿੱਠੀ ਜ਼ੁਬਾਨ ਪੰਜਾਬੀ ਵਿਚ ਹੀ ਪੰਜਾਬ ਦੀ ਰੰਗਲੀ ਧਰਤੀ ਉਪਰ ਕੀਤੀ ਸੀ। ਗੁਰਮਤਿ ਕਾਵਿ ਦੇ ਨਾਲ-ਨਾਲ ਕਿੱਸਾ ਕਾਵਿ, ਵੀਰ ਕਾਵਿ, ਅਧਿਆਤਮਵਾਦੀ ਕਾਵਿ ਅਤੇ ਰੁਮਾਂਟਿਕ ਕਾਵਿ ਨੇ ਇਸ ਭਾਸ਼ਾ ਵਿਚ ਹੋਰ ਵਧੇਰੇ ਰਵਾਨਗੀ ਅਤੇ ਪਰਿਪੱਕਤਾ ਲਿਆਂਦੀ। ਵਾਰਸ ਸ਼ਾਹ, ਬੁੱਲ੍ਹੇਸ਼ਾਹ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਧਨੀ ਰਾਮ ਚਾਤਰਿਕ ਤੋਂ ਬਿਨਾਂ ਪੰਜਾਬੀ ਦੀ ਬਾਤ ਹੀ ਅਧੂਰੀ ਹੈ। ਮੁਗਲ ਸ਼ਾਸਕਾਂ ਦੇ ਸਮੇਂ ਦਰਬਾਰੀ ਭਾਸ਼ਾ ਅਰਬੀ ਫ਼ਾਰਸੀ ਹੀ ਰਹੀ। ਉਤਰ-ਪੱਛਮੀ ਸੀਮਾ ਵਲੋਂ ਲਗਭਗ ਇਕ ਹਜ਼ਾਰ ਸਾਲ ਤੱਕ ਵੱਖ-ਵੱਖ ਕੌਮਾਂ ਤੇ ਜਾਤੀਆਂ ਹਮਲੇ ਕਰਦੀਆਂ ਰਹੀਆਂ। ਉਹਨਾਂ ਰਾਹੀਂ ਯੂਨਾਨੀ, ਅਰਬੀ, ਫ਼ਾਰਸੀ, ਪਸ਼ਤੋ, ਤੁਰਕੀ ਆਦਿ ਭਾਸ਼ਾਵਾਂ ਦੇ ਸੈਂਕੜੇ ਸ਼ਬਦ ਪੰਜਾਬੀ ਵਿਚ ਰਚ-ਮਿਚ ਗਏ। ਮਹਿਮੂਦ ਗਜ਼ਨਵੀ ਨੇ ਹਿੰਦ ਉਤੇ 17 ਹਮਲੇ ਕੀਤੇ ਅਤੇ 8 ਮੁਹੱਰਮ 392 ਹਿਜਰੀ ਅਰਥਾਤ 1003 ਈਸਵੀ ਨੂੰ ਲਾਹੌਰ ਉੱਤੇ ਕਬਜ਼ਾ ਕਰਨ ਉਪਰੰਤ ਹੁਕਮ ਜਾਰੀ ਕੀਤਾ ਕਿ ਇਥੋਂ ਦੀ ਸਰਕਾਰੀ ਭਾਸ਼ਾ ਫ਼ਾਰਸੀ ਹੋਵੇਗੀ। ਤਾਰੀਖ-ਏ-ਹੰਦੁਸਤਾਨ ਦਾ ਕਰਤਾ ਮੌਲਵੀ ਜ਼ਕਾ-ਉੱਲਾ ਲਿਖਦਾ ਹੈ ਕਿ ਮਹਿਮੂਦ ਦੇ ਇਕੋ ਬੋਲ ਨਾਲ ਇਕ ਅਸਲੋਂ ਹੀ ਵਿਦੇਸ਼ੀ ਭਾਸ਼ਾ, ਪੰਜਾਬ ਦੀ ਰਾਜ ਭਾਸ਼ਾ ਬਣਾ ਦਿੱਤੀ ਗਈ ਅਤੇ ਇਸ ਹੁਕਮ ਨਾਲ ਹੀ ਅਗਲੇ ਸਾਢੇ ਅੱਠ ਸੌ ਸਾਲਾਂ ਲਈ ਪੰਜਾਬੀ ਨੂੰ ਰਾਜ ਭਾਸ਼ਾ ਵਜੋਂ ਮਾਨਤਾ ਦੇਣ ਲਈ ਰਾਹ ਬੰਦ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ (1792-1839 ਈ.) ਸਮੇਂ ਸੰਭਾਵਨਾ ਸੀ ਕਿ ਪੰਜਾਬੀ ਦੀ ਸੁਣੀ ਜਾਂਦੀ ਅਤੇ ਇਸ ਨੂੰ ਇਸਦਾ ਹੱਕੀ ਸਥਾਨ ਪ੍ਰਾਪਤ ਹੁੰਦਾ, ਪਰ ਇੱਕ ਤਾਂ ਮਹਾਰਾਜੇ ਦਾ ਜੰਗਾਂ-ਯੁੱਧਾਂ ਵਿਚ ਰੁੱਝੇ ਹੋਣ ਕਰਕੇ ਇਸ ਪਾਸੇ ਧਿਆਨ ਹੀ ਨਹੀਂ ਗਿਆ, ਦੂਜਾ ਹਰ ਪੱਧਰ ਦੇ ਅਧਿਕਾਰੀ ਸਦੀਆਂ ਤੋਂ ਜਿਸ ਭਾਸ਼ਾ ਵਿਚ ਕੰਮ ਕਰਦੇ ਆ ਰਹੇ ਸਨ, ਉਸ ਵਿਚ ਹੀ ਪ੍ਰਬੀਨ ਸਨ। ਇਸ ਲਈ ਜੇ ਸਵਾਲ ਉਠਿਆ ਵੀ ਹੋਵੇਗਾ ਤਾਂ ਇਸ ਉਤੇ ਅਮਲ ਨਹੀਂ ਹੋ ਸਕਿਆ। ਮਹਾਰਾਜ ਰਣਜੀਤ ਸਿੰਘ ਸਮੇਂ ਰਾਜ ਦੀ ਭਾਸ਼ਾ ਫ਼ਾਰਸੀ ਹੀ ਰਹੀ ਪਰ ਸ਼ਾਹੀ ਦਰਬਾਰ ਦੀ ਭਾਸ਼ਾ ਨਿਸ਼ਚੇ ਹੀ ਪੰਜਾਬੀ ਸੀ ਤੇ ਦਰਬਾਰ ਦੀ ਸਾਰੀ ਕਾਰਵਾਈ ਪੰਜਾਬੀ ਵਿਚ ਹੀ ਨਿਭਾਈ ਜਾਂਦੀ ਸੀ।

1849 ਈ. ਵਿਚ ਪੰਜਾਬ ਉਪਰ ਅੰਗਰੇਜ਼ਾਂ ਦੇ ਕਬਜ਼ੇ ਉਪਰੰਤ ਇਥੋਂ ਦਾ ਰਾਜ ਪ੍ਰਬੰਧ ਚਲਾਉਣ ਲਈ ਅੰਗਰੇਜ਼ ਹੁਕਮਰਾਨ ਆਪਣੇ ਨਾਲ ਯੂ.ਪੀ. ਤੋਂ ਉਰਦੂ ਪੜੇ ਮੁਸਲਮਾਨ ਲੈ ਆਏ ਸਨ। ਇਸੇ ਤਰਾਂ ਬੰਗਾਲ ਤੋਂ ਅੰਗਰੇਜ਼ੀ ਪੜੇ ਬੰਗਾਲੀ ਬਾਬੂ ਲਿਆਂਦੇ ਗਏ ਸਨ। 1851 ਤੋਂ ਫ਼ਾਰਸੀ ਦੀ ਥਾਂ ਉਰਦੂ ਨੂੰ ਸਰਕਾਰੀ ਜ਼ੁਬਾਨ ਦਾ ਦਰਜਾ ਦਿੱਤਾ ਗਿਆ। ਇਸ ਨੂੰ ਹੇਠਲੀ ਪੱਧਰ ਤੇ ਸਰਕਾਰੀ ਕੰਮ ਕਾਜ ਤੇ ਵਿਦਿਆ ਦਾ ਇਕੋ-ਇਕ ਮਾਧਿਅਮ ਸਵੀਕਾਰ ਕੀਤਾ ਗਿਆ। ਜਿਸ ਨਾਲ ਪੰਜਾਬੀ ਦੇ ਹਿੱਤਾਂ ਨੂੰ ਜ਼ਬਰਦਸਤ ਧੱਕਾ ਲੱਗਾ। ਉਚੇਰੀ ਪੜਾਈ ਲਈ ਅੰਗਰੇਜ਼ੀ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ। 1854 ਈ. ਦੇ ਵੁੱਡ ਡਿਸਪੈਚ ਅਧੀਨ ਵੀ ਉਪਰੋਕਤ ਫ਼ੈਸਲੇ ਦੀ ਪੁਸ਼ਟੀ ਕੀਤੀ ਗਈ ਪਰ ਏਨੀ ਖੁੱਲ ਦੇ ਦਿੱਤੀ ਗਈ ਕਿ ਜੇਕਰ ਪੰਜਾਬੀ ਦੇ ਸਮਰਥਕ ਚਾਹੁਣ ਤਾਂ ਲੋੜ ਅਨੁਸਾਰ ਪੰਜਾਬੀ ਸਕੂਲ ਖੋਹਲ ਲੈਣ। ਡਾ. ਲਾਈਟਨਰ ਵਰਗੇ ਭਾਸ਼ਾ ਵਿਗਿਆਨੀ ਤੇ ਸਿੱਖਿਆ ਸ਼ਾਸਤਰੀ ਪੰਜਾਬੀ ਨੂੰ ਗੁਰਮੁਖੀ ਲਿੱਪੀ ਰਾਹੀਂ ਪੰਜਾਬ ਵਿਚ ਸਿਖਿਆ ਦੇ ਮਾਧਿਅਮ ਵਜੋਂ ਅਪਨਾਉਣ ਦੇ ਹੱਕ ਵਿਚ ਸਨ। ਪਰ ਉਹ ਵੀ ਸਿਰਤੋੜ ਯਤਨ ਕਰਨ ਦੇ ਬਾਵਜੂਦ ਸਫ਼ਲ ਨਾ ਹੋ ਸਕੇ।

ਪੰਜਾਬੀ ਰਾਹੀਂ ਉਚੀ ਤੋਂ ਉਚੀ ਸਿੱਖਿਆ ਦੇਣ ਦਾ ਸਭ ਤੋਂ ਪਹਿਲਾ ਤੇ ਮਹੱਤਵਪੂਰਨ ਯਤਨ ਲਾਹੌਰ ਦੀ 'ਸਤ-ਸਭਾ' ਵਲੋਂ ਕੀਤਾ ਗਿਆ। ਇਹ ਸਭਾ 1866 ਈ. ਵਿਚ ਸਥਾਪਿਤ ਹੋਈ ਜਿਸ ਦਾ ਮੁੱਖ ਉਦੇਸ਼ ਪੰਜਾਬੀ ਮਾਧਿਅਮ ਰਾਹੀਂ ਹਰ ਪ੍ਰਕਾਰ ਦੀ ਲਾਭਦਾਇਕ ਸਿੱਖਿਆ ਵਿਦਿਆਰਥੀਆਂ ਨੂੰ ਦੇਣਾ ਸੀ। ਸ. ਅਮਰ ਸਿੰਘ ਭਦੌੜ ਇਸ ਸਭਾ ਦੇ ਸਰਪ੍ਰਸਤ ਸਨ ਅਤੇ ਲਾਲਾ ਬਿਹਾਰੀ ਲਾਲ ਪੁਰੀ ਸਕੱਤਰ ਸਨ। ਇਸ ਸਭਾ ਵਲੋਂ 15 ਮਈ, 1882 ਈ. ਨੂੰ ਹੰਟਰ ਕਮਿਸ਼ਨ ਦੇ ਸਾਹਮਣੇ ਇਕ ਮੈਮੋਰੰਡਮ ਪੇਸ਼ ਕੀਤਾ ਸੀ ਜਿਸ ਵਿਚ ਇਹ ਮੰਗ ਕੀਤੀ ਗਈ ਸੀ ਕਿ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਅਤੇ ਇਸ ਨੂੰ ਪੰਜਾਬ ਵਿਚ ਸਿੱਖਿਆ ਦਾ ਇੱਕੋ-ਇਕ ਮਾਧਿਅਮ ਬਣਾ ਕੇ ਹਰ ਪ੍ਰਕਾਰ ਦੀ ਸਿੱਖਿਆ ਇਸ ਰਾਹੀਂ ਦਿੱਤੀ ਜਾਵੇ।



ਡਾ.ਹਰਨੇਕ ਸਿੰਘ ਢੋਟ ਅਤੇ ਸ.ਹਰਜਿੰਦਰ ਸਿੰਘ ਬਸਿਆਲਾ

1873 ਈ. ਵਿਚ ਸਿੰਘ ਸਭਾ, ਅੰਮ੍ਰਿਤਸਰ ਦੀ ਸਥਾਪਨਾ ਨਾਲ ਵੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਯਤਨ ਕੀਤੇ ਗਏ। ਇਸ ਦੇ ਆਗੂਆਂ ਵਲੋਂ ਸਿਰਤੋੜ ਯਤਨ ਕਰਕੇ ਥਾਂ-ਥਾਂ ਵਿਦਿਅਕ ਸੰਸਥਾਵਾਂ ਕਾਇਮ ਕਰਕੇ, ਸਰਕਾਰੀ ਅਧਿਕਾਰੀਆਂ ਨੂੰ ਯਾਦ-ਪੱਤਰਾਂ ਤੇ ਮੈਮੋਰੰਡਮਾਂ ਦੁਆਰਾ ਅਤੇ ਅਖ਼ਬਾਰਾਂ ਰਾਹੀਂ ਪੰਜਾਬੀ ਦੇ ਹੱਕ ਵਿਚ ਇਕ ਸ਼ਕਤੀਸ਼ਾਲੀ ਮਾਹੌਲ ਪੈਦਾ ਕਰ ਦਿੱਤਾ ਗਿਆ। ਡਾ. ਲਾਈਟਨਰ ਦੀ ਸਹਾਇਤਾ ਅਤੇ ਪ੍ਰੋ. ਗੁਰਮੁਖ ਸਿੰਘ ਦੇ ਉਦਮ ਨਾਲ 1877 ਵਿਚ ਪੰਜਾਬ ਯੂਨੀਵਰਸਿਟੀ ਕਾਲਜ ਵਿਚ ਪੰਜਾਬੀ ਦੀ ਤਿੰਨ ਦਰਜਿਆਂ ਅਰਥਾਤ ਬੁੱਧੀਮਾਨੀ, ਵਿਦਵਾਨੀ ਤੇ ਗਿਆਨੀ ਦੀ ਪੜਾਈ ਦਾ ਪ੍ਰਬੰਧ ਹੋ ਗਿਆ। 1878 ਵਿਚ ਯੂਨੀਵਰਸਿਟੀ ਵਲੋਂ ਲਏ ਗਏ ਪਹਿਲੇ ਇਮਤਿਹਾਨ ਵਿੱਚ 26 ਪਰੀਖਿਆਰਥੀ ਬੈਠੇ, ਪੰਜਾਬੀ ਦੇ ਵਿਕਾਸ ਵੱਲ ਇਹ ਇਕ ਮਹੱਤਵਪੂਰਨ ਕਦਮ ਸੀ। 1880 ਈ. ਵਿਚ ਸਿੰਘ ਸਭਾ, ਲਾਹੌਰ ਵਲੋਂ ਇਕ ਪੰਜਾਬੀ ਸਕੂਲ ਖੋਲਿਆ ਗਿਆ ਜਿਸ ਵਿਚ ਮੈਟਰਿਕ ਤੱਕ ਦੇ ਸਾਰੇ ਵਿਸ਼ੇ ਪੰਜਾਬੀ ਮਾਧਿਅਮ ਰਾਹੀਂ ਪੜਾਏ ਜਾਣ ਦਾ ਪ੍ਰਬੰਧ ਸੀ। ਪੰਜਾਬੀ ਭਾਸ਼ਾ ਦੀ ਸਮਰੱਥਾ ਨੂੰ ਵਧਾਉਣ ਦਾ ਇਹ ਇਕ ਸ਼ਲਾਘਾਯੋਗ ਕਦਮ ਸੀ।

ਫਰਵਰੀ 1882 ਵਿਚ ਹੰਟਰ ਕਮਿਸ਼ਨ ਦੀ ਸਥਾਪਨਾ ਹੋਈ। ਇਸ ਨੂੰ ਇੰਡੀਅਨ ਐਜੂਕੇਸ਼ਨ ਕਮਿਸ਼ਨ ਵੀ ਕਿਹਾ ਜਾਂਦਾ ਹੈ। ਇਸ ਕਮਿਸ਼ਨ ਨੇ ਇਕ ਨਿਸ਼ਚਿਤ ਪ੍ਰਸ਼ਨੋਤਰੀ ਦੇ ਅਧਾਰ ਤੇ ਵੱਖ-ਵੱਖ ਸੰਸਥਾਵਾਂ ਅਤੇ ਵਿਅਕਤੀਆਂ ਪਾਸੋਂ ਮੈਮੋਰੰਡਮ ਪ੍ਰਾਪਤ ਕੀਤੇ। ਪੰਜਾਬੀ ਨੂੰ ਪੰਜਾਬ ਵਿਚ ਸਿੱਖਿਆ ਦਾ ਇਕੋ-ਇੱਕ ਮਾਧਿਅਮ ਬਣਾਏ ਜਾਣ ਦੇ ਹੱਕ ਵਿਚ ਸ. ਅਤਰ ਸਿੰਘ ਭਦੌੜ, ਸ. ਦਿਆਲ ਸਿੰਘ ਮਜੀਠੀਆ, ਬਾਬਾ ਖੇਮ ਸਿੰਘ ਬੇਦੀ ਆਦਿ ਦੀ ਅਗਵਾਈ ਵਿਚ 50 ਹਜ਼ਾਰ ਲੋਕਾਂ ਦੇ ਦਸਤਖ਼ਤਾਂ ਵਾਲਾ ਮੈਮੋਰੰਡਮ ਪੇਸ਼ ਕੀਤਾ ਗਿਆ ਪਰੰਤੂ ਹੰਟਰ ਕਮਿਸ਼ਨ ਵਲੋਂ ਇਸ ਸਬੰਧ ਵਿਚ ਕੋਈ ਸਾਰਥਕ ਨਿਰਣਾ ਨਹੀਂ ਦਿੱਤਾ ਗਿਆ। ਕਮਿਸ਼ਨ ਵਲੋਂ ਕੇਵਲ ਇਹ ਕਿਹਾ ਗਿਆ ਕਿ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਨੂੰ ਇਕ ਵਿਸ਼ੇ ਵਜੋਂ ਪ੍ਰਵਾਨ ਕੀਤਾ ਜਾਵੇ ਅਤੇ ਜਿੱਥੇ ਪੰਜਾਬੀ ਪੜਾਏ ਜਾਣ ਦੀ ਮੰਗ ਕੀਤੀ ਜਾਵੇ ਉਤੇ ਉਚਿਤ ਪ੍ਰਬੰਧਾਂ ਲਈ ਸਰਕਾਰ ਮਾਇਕ ਸਹਾਇਤਾ ਦੇਵੇ। ਪੰਜਾਬੀ ਦੇ ਹਿਤੈਸ਼ੀਆਂ ਨੂੰ ਇਸ ਨਾਲ ਕਾਫ਼ੀ ਧੱਕਾ ਲੱਗਾ।



19 ਅਗਸਤ, 1893 ਈ. ਨੂੰ ਸਿੰਘ ਸਭਾ ਗਜ਼ਟ ਨੇ ਪੰਜਾਬੀ ਲੋਕਾਂ ਦੇ ਨਾਂ ਇਕ ਭਾਵਪੂਰਨ ਅਪੀਲ ਕੀਤੀ ਅਤੇ ਆਪਣੇ ਸਭਿਆਚਾਰਕ ਵਿਰਸੇ ਦੀ ਪਛਾਣ ਤੇ ਸੰਭਾਲ ਦਾ ਵਾਸਤਾ ਪਾਇਆ। ਇਸ ਪੰਜਾਬੀ ਨੋਟ ਦਾ ਅਸਰ ਸੀ ਜਾਂ ਮਹਾਰਾਜਾ ਨਾਭਾ ਦਾ ਸ਼ੁਭ-ਸਿਆਣਪ ਦਾ ਪ੍ਰਮਾਣ, ਉਹਨਾਂ ਨੇ ਆਪਣੀ ਰਿਆਸਤ ਵਿਚ ਇਕ ਮਹਿਕਮਾ ਸਥਾਪਤ ਕਰਕੇ ਹੁਕਮ ਦਿੱਤਾ ਕਿ ਰਾਜ ਦਾ ਸਾਰਾ ਕੰਮ ਕਾਜ ਅੱਗੇ ਤੋਂ ਪੰਜਾਬੀ ਵਿਚ ਕੀਤਾ ਜਾਵੇ।

ਪਟਿਆਲਾ ਰਿਆਸਤ ਦਾ 29 ਮਈ, 1910 ਦਾ ਗਜ਼ਟ ਪਹਿਲੀ ਵਾਰੀ ਪੰਜਾਬੀ ਵਿਚ ਪ੍ਰਕਾਸ਼ਿਤ ਹੋਇਆ। ਜਦਕਿ ਨਾਭਾ ਰਿਆਸਤ ਵਿਚ 1893 ਤੋਂ ਪੰਜਾਬੀ ਨੂੰ ਮਾਨਤਾ ਮਿਲ ਗਈ ਸੀ। ਇਸ ਤਰਾਂ ਦੋਵਾਂ ਰਿਆਸਤਾਂ ਨੇ ਪਹਿਲ ਕਰਕੇ ਪੰਜਾਬੀ ਦੇ ਵਿਕਾਸ ਵੱਲ ਨਿਗਰ ਕਦਮ ਪੁੱਟੇ। ਈਸਾਈ ਮਿਸ਼ਨਰੀਆਂ ਨੇ ਵੀ ਅਪਰੋਖ ਰੂਪ ਵਿਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਯਤਨ ਕੀਤੇ। ਉਹਨਾਂ ਨੇ ਵਿਸ਼ਵ ਦੀਆਂ ਲਗਭਗ 1000 ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਵਿਚ ਬਾਈਬਲ ਦੇ ਅਨੁਵਾਦ ਕਰਵਾ ਕੇ ਵੰਡੇ।

ਵਾਸਤਵ ਵਿਚ ਪਟਿਆਲੇ ਵਿਚ ਪੰਜਾਬੀ ਦੇ ਗੌਰਵ ਦੀ ਗੱਲ 1900 ਈ. ਵਿਚ ਸ਼ੁਰੂ ਹੋ ਗਈ ਸੀ, ਜਦੋਂ ਰਮਿੰਗਟਨ ਕੰਪਨੀ ਨੇ ਪੰਜਾਬੀ ਟਾਈਪ ਰਾਈਟਰ ਬਣਾ ਕੇ ਮਹਾਰਾਜਾ ਰਾਜਿੰਦਰ ਸਿੰਘ ਨੂੰ ਭੇਜਿਆ। ਮਹਾਰਾਜੇ ਨੇ ਇਹ ਟਾਈਪਰਾਈਟਰ ਗੁਰਦੁਆਰਾ ਸਿੰਘ ਸਭਾ ਮਾਲ ਰੋਡ ਵਿਖੇ ਭੇਜ ਦਿੱਤਾ। ਇਸ ਤੋਂ ਪਿਛੋਂ ਗੁਰਦੁਆਰਾ ਸਾਹਿਬ ਵਿਖੇ ਬੁੱਧੀਮਾਨੀ, ਵਿਦਵਾਨੀ ਤੇ ਗਿਆਨੀ ਦੀਆਂ ਕਲਾਸਾਂ ਸ਼ੁਰੂ ਹੋਈਆਂ। ਨਾਜ਼ਮ ਸ਼ੰਕਰ ਦਿਆਲ ਸ਼ਰਮਾ ਨੇ ਮਹਾਰਾਜੇ ਨੂੰ ਇਕ ਬੇਨਤੀ ਪੱਤਰ ਦੁਆਰਾ ਸੁਝਾਅ ਦਿੱਤਾ ਕਿ ਰਿਆਸਤ ਦੇ ਲੋਕਾਂ ਦੀ ਸਹੂਲਤ ਲਈ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਣਾ ਦਿੱਤਾ ਜਾਵੇ। ਇਸ ਬਿਨੈ ਪੱਤਰ ਦੀ ਰੋਸ਼ਨੀ ਵਿਚ ਉਸ ਸਮੇਂ ਦੇ ਹੋਮ ਮਨਿਸਟਰ ਸ. ਜੋਗਿੰਦਰ ਸਿੰਘ ਨੇ 26 ਅਪਰੈਲ, 1912 ਨੂੰ ਪੰਜਾਬੀ ਭਾਸ਼ਾ ਸਬੰਧੀ ਹੇਠ ਲਿਖਿਆ ਹੁਕਮ ਜਾਰੀ ਕੀਤਾ:'ਵੇਲੇ ਵੇਲੇ ਹੁਕਮ ਦਿੱਤਾ ਜਾਂਦਾ ਰਿਹਾ ਹੈ ਕਿ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਬੋਲੀ ਸਾਰੇ ਦਫ਼ਤਰਾਂ ਵਿਚ ਪ੍ਰਚੱਲਿਤ ਕੀਤੀ ਜਾਵੇ। ਹੈੱਡ ਆਫ਼ ਦੀ ਡਿਪਾਰਟਮੈਂਟ ਕੋਲੋਂ ਚਾਹਨਾ ਪ੍ਰਗਟ ਕੀਤੀ ਜਾਂਦੀ ਹੈ ਕਿ ਸਾਰੀਆਂ ਫਾਰਮਾਂ ਗੁਰਮੁਖੀ ਅੱਖਰਾਂ ਵਿਚ ਛਪਵਾਈਆਂ ਜਾਣ। ਸਾਰੇ ਨੌਕਰ ਹੋਣ ਵਾਲਿਆਂ ਦੀ ਪਰੀਖਿਆ ਕਰ ਲੈਣੀ ਚਾਹੀਦੀ ਹੈ ਕਿ ਉਹ ਗੁਰਮੁਖੀ ਲਿਖ ਪੜ ਸਕਦੇ ਹਨ। ਜਿਹੜੇ ਗੁਰਮੁਖੀ ਨਹੀਂ ਜਾਣਦੇ, ਉਹਨਾਂ ਨੂੰ ਤਿੰਨ ਮਹੀਨੇ ਦਾ ਵੇਲਾ ਦਿੱਤਾ ਜਾਵੇ ਤੇ ਇਸ ਪਿਛੋਂ ਜਦ ਤੱਕ ਉਹ ਆਪਣੇ ਆਪ ਨੂੰ ਯੋਗ ਨਾ ਬਣਾ ਲੈਣ, ਉਹਨਾਂ ਦੀ ਤਲਬ ਰੋਕ ਦਿੱਤੀ ਜਾਵੇ।-(ਜੋਗਿੰਦਰ ਸਿੰਘ, ਹੋਮ ਮਨਿ-ਸਟਰ, ਰਿਆਸਤ, ਪਟਿਆਲਾ)। ਇਹ ਆਦੇਸ਼ ਪੂਰੀ ਤਰਾਂ ਸਪੱਸ਼ਟ ਸੀ ਪਰੰਤੂ ਪਹਿਲੇ ਵਿਸ਼ਵ ਯੁੱਧ ਵਿਚ ਮਹਾਰਾਜਾ ਭੁਪਿੰਦਰ ਸਿੰਘ ਦੀ ਮਸਰੂਫੀਅਤ ਕਾਰਨ ਇਸ ਆਦੇਸ਼ ਨੂੰ ਸਹੀ ਤਰਾਂ ਲਾਗੂ ਨਹੀਂ ਕੀਤਾ ਜਾ ਸਕਿਆ। 25 ਮਈ, 1942 ਈ. ਨੂੰ ਮਹਾਰਾਜਾ ਯਾ-ਦਵਿੰਦਰ ਸਿੰਘ ਨੇ ਪੰਜਾਬੀ ਨੂੰ ਸਿੱਖਿਆ ਪ੍ਰਬੰਧ ਵਿਚ ਪੂਰੀ ਤਰਾਂ ਲਾਗੂ ਕਰਨ ਦਾ ਆਦੇਸ਼ ਜਾਰੀ ਕੀਤਾ। ਰਿਆਸਤ ਦੀ ਮਿਡਲ ਪਰੀਖਿਆ ਲਈ ਪੰਜਾਬੀ ਅਤੇ ਹਿੰਦੀ ਦੋਵੇਂ ਜ਼ਰੂਰੀ ਮਜ਼ਮੂਨਾਂ ਵਜੋਂ ਪੜਾਏ ਜਾਣ ਦੀ ਵਿਵਸਥਾ ਸੀ, ਕੰਡਾ ਘਾਟ ਅਤੇ ਨਾਰਨੌਲ ਵਰਗੇ ਹਿੰਦੀ ਬੋਲਦੇ ਇਲਾਕਿਆਂ ਵਿਚ ਹਿੰਦੀ ਪਹਿਲੀ ਤੋਂ ਅੱਠਵੀਂ ਤੱਕ ਜ਼ਰੂਰੀ ਸੀ ਅਤੇ ਪੰਜਾਬੀ, ਪੰਜਵੀਂ ਤੋਂ ਅੱਠਵੀਂ ਤੱਕ ਜ਼ਰੂਰੀ ਮਜ਼ਮੂਨ ਵਜੋਂ ਪੜਾਈ ਜਾਂਦੀ ਸੀ।

15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ ਅਤੇ 20 ਅਗਸਤ, 1948 ਨੂੰ ਪੰਜਾਬ ਦੀਆਂ ਅੱਠ ਰਿਆਸਤਾਂ ਨੂੰ ਇਕੱਠਾ ਕਰਕੇ ਪੈਪਸੂ ਬਣਾ ਦਿੱਤਾ ਗਿਆ। ਸ. ਗਿਆਨ ਸਿੰਘ ਰਾੜੇਵਾਲਾ ਪੈਪਸੂ ਦੇ ਪਹਿਲੇ ਮੁੱਖ ਮੰਤਰੀ ਬਣੇ। ਉਹਨਾਂ ਨੇ ਪੈਪਸੂ ਦੀ ਹਾਈਕੋਰਟ ਅਤੇ ਰਾਜ ਪ੍ਰਬੰਧ ਦੀ ਭਾਸ਼ਾ ਪੰਜਾਬੀ ਨੂੰ ਘੋਸ਼ਿਤ ਕਰ ਦਿੱਤਾ। ਇਹ ਇਕ ਇਤਿਹਾਸਕ ਐਲਾਨ ਸੀ। ਇਸ ਐਲਾਨ ਨੂੰ ਸਿਰੇ ਚਾੜਨ ਲਈ ਛੇਤੀ ਹੀ ਮਹਿਕਮਾ ਪੰਜਾਬੀ ਬਣਾਇਆ ਗਿਆ ਅਤੇ ਪ੍ਰਿੰ. ਤੇਜਾ ਸਿੰਘ ਨੂੰ ਇਸ ਮਹਿਕਮੇ ਦਾ ਪਹਿਲਾ ਡਾਇਰੈਕਟਰ ਬਣਾਇਆ ਗਿਆ। ਪੈਪਸੂ ਰਾਜ ਦਾ ਪਹਿਲਾ ਬਜਟ, 1949 ਈ. ਵਿਚ ਸ. ਗਿਆਨ ਸਿੰਘ ਰਾੜੇਵਾਲਾ, ਮੁੱਖ ਮੰਤਰੀ, ਪਟਿਆਲਾ ਯੂਨੀਅਨ ਨੇ ਪੇਸ਼ ਕੀਤਾ। ਇਹ ਬਜਟ ਪੰਜਾਬੀ ਵਿਚ ਪੇਸ਼ ਕੀਤਾ ਗਿਆ। ਇਸ ਬਜਟ ਵਿਚ ਪੰਜਾਬੀ ਭਾਸ਼ਾ ਨੂੰ ਪੂਰਾ ਮਾਣ-ਸਨਮਾਨ ਦਿੱਤਾ ਗਿਆ ਸੀ ਅਤੇ ਇਸ ਨੂੰ ਰਾਜ ਭਾਸ਼ਾ ਦੇ ਤੌਰ ਤੇ ਕਬੂਲ ਕੀਤਾ ਗਿਆ ਸੀ। ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਇਸ ਬਜਟ ਵਿਚ ਤਿੰਨ ਲੱਖ ਰੁਪਏ ਰਾਖਵੇਂ ਰੱਖੇ ਗਏ ਸਨ। ਰਾਜ ਪ੍ਰਬੰਧ ਅਤੇ ਲੇਖਾ ਆਦਿ ਨਾਲ ਸਬੰਧਿਤ ਸੰਕੇਤ ਸ਼ਬਦਾਵਲੀ ਤਿਆਰ ਕਰ ਲਈ ਗਈ ਸੀ। ਪੈਪਸੂ ਸ਼ਾਇਦ ਭਾਰਤ ਦਾ ਪਹਿਲਾ ਰਾਜ ਸੀ ਜਿਥੇ ਲੋਕ-ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੋਇਆ।

1949 ਈ. ਦਾ ਵਰਾ ਪੰਜਾਬੀ ਭਾਸ਼ਾ ਲਈ ਨਵੀਆਂ ਸੰਭਾਵਨਾਵਾਂ ਵਾਲਾ ਸੀ। ਨਾ ਕੇਵਲ ਇਸ ਵਰੇ ਪੰਜਾਬੀ ਨੂੰ ਇਕ ਇਖ਼ਤਿਆਰੀ ਵਿਸ਼ੇ ਵਜੋਂ ਬੀ.ਏ. ਦੇ ਪਾਠਕ੍ਰਮ ਵਿਚ ਸ਼ਾਮਿਲ ਕੀਤਾ ਗਿਆ, ਬਲਕਿ ਐਮ.ਏ. ਤਕ ਦੀ ਪੜਾਈ ਦੀ ਪਰਵਾਨਗੀ ਵੀ ਮਿਲ ਗਈ। ਜਿਸ ਦੇ ਪਹਿਲੇ ਇਮਤਿਹਾਨ 1951 ਈ. ਵਿਚ ਹੋਏ। ਇਸ ਦੇ ਨਾਲ ਹੀ ਡਾਕਟਰੇਟ ਦੀ ਡਿਗਰੀ ਲਈ ਵੀ ਪੰਜਾਬੀ ਮਾਧਿਅਮ ਰਾਹੀਂ ਇਸਦੇ ਰਾਹ ਖੋਹਣ ਦਿੱਤੇ ਗਏ। ਇਸਤੋਂ ਪਹਿਲਾਂ ਅੰਗਰੇਜ਼ੀ ਮਾਧਿਅਮ ਰਾਹੀਂ ਕੇਵਲ ਤਿੰਨ ਵਿਦਵਾਨਾਂ ਨੇ ਪੰਜਾਬੀ ਵਿਸ਼ਿਆਂ ਤੇ ਡਾਕਟਰੇਟ ਕੀਤੀ ਸੀ। ਇਹ ਸਨ ਡਾ. ਮੋਹਨ ਸਿੰਘ, ਡਾ. ਗੋਪਾਲ ਸਿੰਘ ਤੇ ਡਾ. ਲਾਜਵੰਤੀ ਰਾਮਾਕ੍ਰਿਸ਼ਨਾ।

26 ਜਨਵਰੀ, 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਇਆ। ਸੰਵਿਧਾਨ ਸਭਾ ਨੇ ਜਿਹਨਾਂ 14 ਬੋਲੀਆਂ ਨੂੰ ਪ੍ਰਵਾਨਿਤ ਕੀਤਾ, ਪੰਜਾਬੀ ਉਹਨਾਂ ਵਿਚ ਇਕ ਹੈ। ਭਾਸ਼ਾ ਸੰਬੰਧੀ ਪੈਪਸੂ ਸਰਕਾਰ ਨੇ ਜਿਹੜਾ ਕਾਨੂੰਨ 1949 ਵਿਚ ਲਾਗੂ ਕਰ ਦਿੱਤਾ ਸੀ। ਉਹ ਬੜੀ ਮਿਹਨਤ ਅਤੇ ਸੰਘਰਸ਼ ਦੁਆਰਾ 19 ਵਰਿਆਂ ਬਾਦ 13 ਅਪ੍ਰੈਲ, 1968 ਤੋਂ ਲਾਗੂ ਕਰਨ ਦਾ ਫ਼ੈਸਲਾ ਲਿਆ ਗਿਆ। ਉਸ ਵੇਲੇ ਸ. ਲਛਮਣ ਸਿੰਘ ਗਿੱਲ ਪੰਜਾਬ ਦੇ ਮੁੱਖ ਮੰਤਰੀ ਸਨ। ਉਹਨਾਂ ਨੇ ਦਸੰਬਰ 1967 ਵਿਚ ਪੰਜਾਬ ਵਿਧਾਨ ਸਭਾ ਅਤੇ ਵਿਧਾਨ ਪਰਿਸ਼ਦ ਪਾਸੋਂ ਸਰਬ ਸੰਮਤੀ ਨਾਲ ਪੰਜਾਬ ਰਾਜ ਭਾਸ਼ਾ ਐਕਟ, 1967 ਪ੍ਰਵਾਨ ਕਰਵਾਇਆ। ਦੋਹਾਂ ਸਦਨਾਂ ਵਿਚੋਂ ਕਿਸੇ ਵੀ ਮੈਂਬਰ ਨੇ ਇਸ ਐਕਟ ਦੀ ਵਿਰੋਧਤਾ ਨਾ ਕੀਤੀ।

ਪੰਜਾਬ ਸਰਕਾਰ ਨੇ ਇਸ ਐਕਟ ਦੀ ਧਾਰਾ 4 ਦੁਆਰਾ ਪਹਿਲੀ ਅਧਿਸੂਚਨਾ, 30 ਦਸੰਬਰ, 1967 ਅਤੇ ਦੂਜੀ ਅਧਿਸੂਚਨਾ 9 ਫਰਵਰੀ, 1968 ਨੂੰ ਜਾਰੀ ਕਰਕੇ ਪੰਜਾਬੀ ਨੂੰ ਜ਼ਿਲਾ ਪੱਧਰ ਅਤੇ ਸਕੱਤਰੇਤ ਪੱਧਰ ਤੇ ਲਾਗੂ ਕਰਨ ਲਈ 13 ਅਪ੍ਰੈਲ, 1968 ਦੀ ਮਿਤੀ ਨਿਸ਼ਚਿਤ ਕੀਤੀ। ਸਦੀਆਂ ਤੋਂ ਅਣਗੌਲੀ ਮਾਂ ਬੋਲੀ ਪੰਜਾਬੀ ਤਖ਼ਤ ਉੱਪਰ ਬੈਠ ਗਈ। ਪੰਜਾਬੀ ਦੀ ਖ਼ੈਰ ਮੰਗਣ ਵਾਲੇ ਫੀਰੋਜ਼ਦੀਨ ਸ਼ਰਫ਼ ਵਰਗੇ ਸੱਚੇ ਸੁੱਚੇ ਪੰਜਾਬੀਆਂ ਦੀ ਦੁਆ ਆਖ਼ਰ ਸੰਪੂਰਨ ਹੋ ਗਈ:

'ਰਾਣੀ' ਬਣ ਕੇ ਤਖ਼ਤ ਹੰਢਾਵੀਂ<br>
ਘਰ ਆਪਣੇ ਦਾ ਰਾਜ ਤੂੰ ਪਾਵੀਂ<br>
'ਸ਼ਰਫ਼' ਮਿਲੇ ਤੈਨੂੰ ਖ਼ੁਸ਼ੀ ਵੰਡਾਵੀਂ<br>
ਸੁਖ ਦੇਵੇ ਤੈਨੂੰ ਦਾਤਾ<br>
ਤੇਰੀ ਜੈ ਪੰਜਾਬੀ ਮਾਤਾ

ਪੈਪਸੂ ਦੌਰਾਨ ਕਾਇਮ ਕੀਤਾ ਗਿਆ 'ਮਹਿਕਮਾ ਪੰਜਾਬੀ' ਬਾਅਦ ਵਿਚ ਭਾਸ਼ਾ ਵਿਭਾਗ, ਪੰਜਾਬ ਦੇ ਰੂਪ ਵਿਚ ਪੰਜਾਬੀ ਦਾ ਅਲੰਬਰਦਾਰ ਬਣ ਕੇ ਸਾਹਮਣੇ ਆਇਆ। ਵਰਤੋਂ ਵਿਚ ਆਉਣ ਵਾਲੇ ਹਜ਼ਾਰਾਂ ਫਾਰਮ, ਦਫ਼ਤਰੀ ਚਿੱਠੀ ਪੱਤਰ ਤੇ ਨੋਟਿੰਗਾਂ ਆਦਿ ਦੀਆਂ ਪੁਸਤਕਾਂ, ਪੰਜਾਬੀ ਦੀਆਂ ਟਾਈਪ ਮਸ਼ੀਨਾਂ, ਸਟੈਨੋ ਟਾਈਪਿਸਟਾਂ ਦੀ ਟਰੇਨਿੰਗ ਤੇ ਭਾਸ਼ਾ ਪਰਿਵਰਤਨ ਨਾਲ ਸੰਬੰਧਿਤ ਨਾ ਕੇਵਲ ਸਮੱਗਰੀ ਹੀ ਦਿੱਤੀ ਬਲਕਿ ਸਿਖਲਾਈ ਲਈ ਉਚੇਰੇ ਪ੍ਰਬੰਧ ਕੀਤੇ ਅਤੇ ਵਰ੍ਹਿਆਂ ਦਾ ਕੰਮ ਦਿਨਾਂ ਵਿਚ ਕਰ ਵਿਖਾਇਆ।

ਪੰਜਾਬੀ ਭਾਸ਼ਾ ਦੀ ਸਰਬਪੱਖੀ ਉੱਨਤੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਯਤਨ ਵੀ ਸ਼ਲਾਘਾਯੋਗ ਹਨ। ਪੰਜਾਬੀ ਸਾਹਿਤ ਅਕਾਦਮੀ ਤੇ ਕੇਂਦਰੀ ਲੇਖਕ ਸਭਾ ਅਤੇ ਪੰਜਾਬੀ ਜਾਗਰਿਤੀ ਮੰਚ ਸਮੇਂ ਸਮੇਂ ਤੇ ਆਪਣੀਆਂ ਕਾਰਵਾਈਆਂ ਨਾਲ ਪੰਜਾਬੀ ਅਪਨਾਉਣ ਲਈ ਸਰਕਾਰ ਉੱਪਰ ਆਪਣਾ ਜ਼ੋਰ ਪਾਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਰਾਜਸੀ ਪਾਰਟੀਆਂ ਅਤੇ ਸਾਹਿਤਕ ਜਥੇਬੰਦੀਆਂ ਵਲੋਂ ਵੀ ਸਰਕਾਰ ਤੇ ਪੰਜਾਬੀ ਲਾਗੂ ਕਰਨ ਸਬੰਧੀ ਜ਼ੋਰ ਪਾਇਆ ਜਾਂਦਾ ਰਿਹਾ ਹੈ।

ਇਹ ਇਕ ਅਟੱਲ ਸੱਚਾਈ ਹੈ ਕਿ ਮਨੁੱਖ ਭਾਵੇਂ ਅਨੇਕਾਂ ਭਾਸ਼ਾਵਾਂ ਗ੍ਰਹਿਣ ਕਰਨ ਦੀ ਸਮਰੱਥਾ ਰੱਖਦਾ ਹੋਵੇ, ਪਰ ਹੋਰ ਕੋਈ ਵੀ ਭਾਸ਼ਾ ਉਸ ਦੀ ਮਾਂ ਬੋਲੀ ਦਾ ਬਦਲ ਨਹੀਂ ਬਣ ਸਕਦੀ। ਆਪਣੀ ਮਾਂ ਬੋਲੀ ਨਾਲੋਂ ਟੁੱਟੇ ਲੋਕ ਆਪਣੀਆਂ ਜੜਾਂ ਨਾਲੋਂ ਵੀ ਟੁੱਟ ਜਾਂਦੇ ਹਨ। ਅਜਿਹੇ ਦੁਖਾਂਤ ਵਿਚੋਂ ਹੀ 'ਮੇਰਾ ਦਾਗਿਸਤਾਨ' ਵਰਗੀਆਂ ਰਚਨਾਵਾਂ ਹੋਂਦ ਵਿਚ ਆਉਂਦੀਆਂ ਹਨ। ਆਧੁਨਿਕਤਾ ਦੀ ਦੌੜ ਵਿਚ ਅਸੀਂ ਆਪਣਾ ਬਹੁਤ ਕੁਝ ਗਵਾ ਲਿਆ ਹੈ।

ਕਿਸੇ ਵੀ ਕੌਮ ਦੇ ਜ਼ਿੰਦਾ ਰਹਿਣ ਲਈ ਉਸ ਦੇ ਭਾਸ਼ਾ ਅਤੇ ਸਭਿਆਚਾਰ ਦਾ ਜ਼ਿੰਦਾ ਰਹਿਣਾ ਬਹੁਤ ਜ਼ਰੂਰੀ ਹੈ। ਜਿਹੜੀਆਂ ਕੌਮਾਂ ਆਪਣੇ ਵਿਰਸੇ ਨੂੰ ਭੁੱਲ ਜਾਂਦੀਆਂ ਹਨ ਅਤੇ ਆਪਣੀ ਭਾਸ਼ਾ ਅਤੇ ਸਭਿਆਚਾਰ ਨੂੰ ਵਿਸਾਰ ਦਿੰਦੀਆਂ ਹਨ। ਉਹ ਸਹਿਜੇ ਸਹਿਜੇ ਖ਼ਤਮ ਹੋ ਜਾਂਦੀਆਂ ਹਨ। ਜਾਗਰੂਕ ਕੌਮਾਂ ਆਪਣੇ ਵਿਰਸੇ ਦੀ ਸੰਭਾਲ ਲਈ ਕਿਸੇ ਹੱਦ ਤੱਕ ਵੀ ਜਾ ਸਕਦੀਆਂ ਹਨ। ਇਤਿਹਾਸਕ ਤੱਥ ਵੇਖਣ ਤੋਂ ਪਤਾ ਚਲਦਾ ਹੈ ਕਿ ਤੁਰਕੀ ਵਾਸੀਆਂ ਨੇ ਆਪਣੀ ਲਿੱਪੀ ਨੂੰ ਬਚਾਉਣ ਲਈ ਆਪਣੀ ਲਿੱਪੀ ਨੂੰ ਆਪਣੀਆਂ ਦੀਵਾਰਾਂ ਉਪਰ ਖੁਦਵਾ ਲਿਆ ਸੀ। ਭਾਸ਼ਾ ਦੇ ਵਿਕਾਸ ਲਈ ਉਸ ਦਾ ਸਿੱਖਿਆ ਦਾ ਮਾਧਿਅਮ ਹੋਣਾ ਅਤੇ ਵੱਖ-ਵੱਖ ਖੇਤਰਾਂ ਵਿਚ ਵਰਤੋਂ ਜ਼ਰੂਰੀ ਹੈ। ਦੁਨੀਆਂ ਭਰ ਦੇ ਭਾਸ਼ਾ ਅਤੇ ਸਿੱਖਿਆ ਮਾਹਿਰਾਂ ਦੀ ਰਾਇ ਅਤੇ ਤਜਰਬਾ ਇਹੀ ਦੱਸਦਾ ਹੈ ਕਿ ਸਿੱਖਿਆ ਸਫਲਤਾ ਨਾਲ ਸਿਰਫ ਤੇ ਸਿਰਫ ਮਾਤ ਭਾਸ਼ਾ ਰਾਹੀਂ ਹੀ ਦਿੱਤੀ ਜਾ ਸਕਦੀ ਹੈ।


ਆਓ ਨਿਊਜ਼ੀਲੈਂਡ ਵਿਚ ਮਨਾਏ ਜਾ ਰਹੇ ਪਹਿਲੇ ਪੰਜਾਬੀ ਭਾਸ਼ਾ ਹਫਤੇ ਦਾ ਹਿੱਸਾ ਬਣੀਏ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਸਾਰ ਤੇ ਪ੍ਰਚਾਰ ਵਿਚ ਆਪਣਾ ਬਣਦਾ ਯੋਗਦਾਨ ਪਾਈਏ। ਆਪਣੀ ਮਾਂ ਬੋਲੀ ਨੂੰ ਸੰਭਾਲੀਏ ਅਤੇ ਦੂਸਰੀਆਂ ਭਾਸ਼ਾਵਾਂ ਦਾ ਵੀ ਸਤਿਕਾਰ ਕਰੀਏ। ਆਪਣੀ ਮਾਂ ਬੋਲੀ ਅਤੇ ਧਰਮ ਤੋਂ ਟੁੱਟੇ ਮਨੁੱਖ ਦਾ ਕੋਈ ਵਜੂਦ ਨਹੀਂ ਹੁੰਦਾ। ਨਿਊਜ਼ੀਲੈਂਡ ਦੇ ਵਿਚ ਪਹਿਲੀ ਵਾਰ ਪੰਜਾਬੀ ਭਾਸ਼ਾ ਸਪਤਾਹ ਮਨਾਉਂਦਿਆਂ ਕਿਸੇ ਕਵੀ ਦੀਆਂ ਮਹੱਤਵਪੂਰਨ ਸਤਰਾਂ ਨਾਲ ਆਪਣੇ ਲੇਖ ਨੂੰ ਵਿਰਾਮ ਦਿੰਦੇ ਹਾਂ।

ਬੋਲੀ ਨਾ ਰਹੀ ਤਾਂ ਕਵਿਤਾਵਾਂ ਗੁੰਮ ਜਾਣੀਆਂ<br>
ਮਾਂ ਦੀਆਂ ਦਿੱਤੀਆਂ ਦੁਆਵਾਂ ਰੁਲ ਜਾਣੀਆਂ,<br>
ਦਿੱਤੀਆਂ ਸ਼ਹਾਦਤਾਂ ਨਾ ਮਿੱਟੀ 'ਚ ਮਿਲਾ ਦਈਓ<br>
ਦੇਖਿਓ ਪੰਜਾਬੀਓ ! ਮਾਂ ਬੋਲੀ ਨਾ ਭੁਲਾ ਦਈਓ !!

**ਸਹਾਇਕ ਪੁਸਤਕਾਵਲੀ**


1. ਪੰਜਾਬੀ ਸਾਹਿਤ ਦਾ ਇਤਿਹਾਸ - ਪ੍ਰੋ. ਕਿਰਪਾਲ ਸਿੰਘ ਕਸੇਲ - ਡਾ. ਪ੍ਰਮਿੰਦਰ ਸਿੰਘ ਅਤੇ ਡਾ. ਗੋਬਿੰਦ ਸਿੰਘ ਲਾਂਬਾ
2. ਪੰਜਾਬੀ ਬੋਲੀ, ਭਾਸ਼ਾ ਅਤੇ ਗੁਰਬਾਣੀ - ਡਾ. ਹਰਬੰਸ ਸਿੰਘ ਧੀਮਾਨ
3. ਸੁਵੀਨਰ - ਸਾਲਾਨਾ ਸਨਮਾਨ ਸਮਾਗਮ-1995, ਭਾਸ਼ਾ ਵਿਭਾਗ, ਪੰਜਾਬ
4. ਪੰਜਾਬ - ਡਾ. ਮਹਿੰਦਰ ਸਿੰਘ ਰੰਧਾਵਾ
5. ਪੰਜਾਬੀ ਸਾਹਿਤ ਕੋਸ਼ - ਪੰਜਾਬੀ ਯੂਨੀਵਰਸਿਟੀ, ਪਟਿਆਲਾ
6. ਪੰਜਾਬੀ ਸਾਹਿਤ ਦਾ ਇਤਿਹਾਸ- ਡਾ. ਪਰਮਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ
7. ਪੰਜਾਬੀ ਸੂਫ਼ੀ ਪੋਇਟਸ - ਲਾਜਵੰਤੀ ਰਾਮਾ ਕ੍ਰਿਸ਼ਨਾ (ਡਾ.)
8. ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ (ਡਾ. ਗੁਰਚਰਨ ਸਿੰਘ ਅਰਸ਼ੀ), ਭਾਸ਼ਾ ਵਿਭਾਗ, ਪੰਜਾਬ
9. ਪੰਜਾਬੀ ਬੋਲੀ ਦਾ ਇਤਿਹਾਸ - ਪ੍ਰਿੰ. ਸੰਤ ਸਿੰਘ ਸੇਖੋਂ, ਭਾਸ਼ਾ ਵਿਭਾਗ, ਪੰਜਾਬ
10. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ - ਜੀਤ ਸਿੰਘ ਸੀਤਲ (ਡਾ.)

# ਜੈਤੋ ਦਾ ਮੋਰਚਾ (21 ਫਰਵਰੀ) ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ



ਸਿੱਖ ਧਰਮ ਅਤੇ ਰਾਜਨੀਤੀ ਦੁਨੀਆਂ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹੁਕਮਰਾਨਾਂ ਦੇ ਅਣ-ਮਨੁੱਖੀ ਤਸੀਹੇ ਆਪਣੇ ਤਨ 'ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ। ਪਰ ਸਿੱਖਾਂ ਨੇ ਹਰ ਜੁਲਮ ਅਤੇ ਤਸ਼ੱਦਦ ਦੇ ਕੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਹਨਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਸੰਪਤੀ ਲਗਵਾਈ ਅਤੇ ਉਹਨਾਂ ਦੀ ਖ਼ੂਬਸੂਰਤ ਦਿਖ ਵੀ ਬਣਾਈ। ਪਰ ਅੰਦਰੂਨੀ ਤੌਰ ਤੇ ਠਾਕੁਰਦੁਆਰਾ ਮਰਿਆਦਾ ਹੀ ਪ੍ਰਚੱਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੋਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਦੀ ਸ਼ਹਿ 'ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। 'ਜੈਤੋ ਦਾ ਮੋਰਚਾ' ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਕਿ 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖੁੱਲ੍ਹੇ ਵਿਚਾਰਾਂ ਦਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸਦਾ ਸਵਾਗਤ ਕੀਤਾ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦਿੰਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ ਤੇ ਔਖੀ ਸੀ ਤੇ ਬਹਾਨੇ ਦੀ ਤਲਾਸ਼ ਵਿਚ ਸੀ। ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟ ਨੇ ਅਗਸਤ 5, 1923 ਨੂੰ ਮਹਾਰਾਜਾ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਹ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗ ਸਾਹਿਬ ਵਿਖੇ ਦੀਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ। ਸਰਕਾਰੀ ਅਫਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਿਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ 'ਜੈਤੋ ਦਾ ਮੋਰਚਾ' ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਮਾ ਚੱਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ।

15 ਸਤੰਬਰ 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਕੁੱਟ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲੱਗਭੱਗ 5 ਮਹੀਨੇ ਜਥਿਆਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਜਾ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਹਨਾਂ ਦੋਹਾਂ ਜਥੇਬੰਦੀਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ।

ਦੂਜੇ ਪੜਾਅ ਵਿਚ 500-500 ਸਿੰਘਾਂ ਦਾ ਜਥਾ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫਤਾਰੀ ਦੇਣ ਲਈ ਪਹੁੰਚ ਗਏ। ਫਰਵਰੀ 9, 1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਭੇਜਿਆ ਗਿਆ। ਜਦੋਂ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋ ਤੋਂ 6 ਕੁ ਮੀਲ 'ਤੇ ਹੈ। ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ, 1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10,000 ਦੀ ਸੰਗਤ ਵੀ ਆ ਜੁੜੀ ਸੀ। ਜਥੇਵਿਚ ਡਾ. ਕਿਚਲੂ, ਪ੍ਰਿੰ: ਗਿਡਵਾਨੀ ਅਤੇ ਜਿਮੰਡ, ਨਿਊਯਾਰਕ ਟਾਈਮਜ਼ ਦੇ ਐਡੀਟਰ ਵੀ ਸ਼ਾਮਲ ਸਨ। ਬਰਗਾੜੀ ਤੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਿਦਰਾਣੇ ਲਈ ਤਿਆਰ ਖੜ੍ਹੀ ਸੀ। ਅੰਗਰੇਜ਼ ਅਫਸਰ ਵਿਲਸਨ ਜੌਹਨਸਨ ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਿਹਨਾਂ ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ। ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰ-ਕੁੱਟ ਕੀਤੀ ਜਾਂਦੀ। ਕੈਦ ਵਿਚ ਕਈ ਰੋਗੀ ਅਤੇ ਨਿਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ। ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਹਨਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ। ਗ੍ਰਿਫਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਵੇਖ ਕੇ ਕਿ ਸਿੱਖਾਂ ਦੀ ਧਰਮ ਅਤੇ ਰਾਜਨੀਤੀ ਵਿਚ ਦਖਲ ਦੇਣ ਨੇ ਅੰਗਰੇਜ਼ੀ ਸਰਕਾਰ ਨੂੰ ਬੜੀ ਮੁਸ਼ਕਿਲ ਵਿਚ ਪਾ ਦਿੱਤਾ। ਇਸ ਲੰਮੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸੇ ਵੇਲੇ ਗੁਰਦੁਆਰਾ ਕਾਨੂੰਨ ਨੰਬਰ 8, 1925 ਪਾਸ ਹੋ ਗਿਆ। ਜੁਲਾਈ, 27 1925 ਨੂੰ 'ਜੈਤੋ ਦੇ ਮੋਰਚਾ' ਦੇ ਸਾਰੇ ਕੈਦੀ ਰਿਹਾ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਸਲੇ ਅਤੇ ਨਿਸਚੈ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਇਸ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰ ਰਿਪੋਰਟ ਵਿਚ ਲੱਗਭੱਗ 10,000 ਸਿੰਘਾਂ ਦੀ ਗ੍ਰਿਫਤਾਰੀ ਹੋਈ ਅਤੇ ਇਕ ਲੱਖ ਜੁਰਮਾਨਾ ਸਿੰਘਾਂ ਵੱਲੋਂ ਭਰਿਆ ਗਿਆ। ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀ ਲਈ ਜਥੇ ਪਹੁੰਚਦੇ ਰਹੇ।

# ਮੋਰਚੇ ਵਿਚ ਸ਼ਰੀਕ ਕਮਿਊਨਿਸਟ ਅਤੇ ਸਿਖ ਧਿਰਾਂ ਵਿਚਕਾਰ ਦੁਫੇੜ ਪਾਉਣ ਦੀ ਸਾਜਿਸ਼

ਕਿਸਾਨ ਅੰਦੋਲਨ ਨੂੰ ਖਤਮ ਕਰਨ ਲਈ ਸਾਰੇ ਹੀਲੇ-ਵਸੀਲੇ ਫੇਲ ਹੋਣ ਤੋਂ ਬਾਅਦ, ਮੋਦੀ ਸਰਕਾਰ ਦਾ ਸਾਰਾ ਜੋਰ ਇਕ ਨੁਕਤੇ ਉੱਤੇ ਕੇਂਦਰਿਤ ਹੈ, ਕਿ ਕਿਸੇ ਨਾ ਕਿਸੇ ਤਰਾਂ ਮੋਰਚੇ ਵਿਚ ਸ਼ਰੀਕ ਕਮਿਊਨਿਸਟ ਅਤੇ ਸਿਖ ਧਿਰਾਂ ਵਿਚਕਾਰ ਦੁਫੇੜ ਪਾਈ ਜਾਵੇ। ਇਸ ਕੰਮ ਲਈ ਉਹਨਾਂ ਨੇ ਆਪਣੇ ਮੀਡੀਏ ਦੇ ਸਾਰੇ ਕਮੀਨੇ ਹਥਿਆਰ ਵਰਤਣੇ ਆਰੰਭ ਕੀਤੇ ਹੋਏ ਹਨ। ਬੀਤੇ 40 ਸਾਲਾਂ ਦੇ ਸਿਖ ਸੰਘਰਸ਼ ਨੂੰ ਉਹ ਜਾਣ-ਬੁਝ ਕੇ ਗਲਤ ਢੰਗ ਨਾਲ ਪੇਸ਼ ਕਰ ਰਹੇ ਹਨ।

ਮੋਰਚੇ ਦੇ ਮੁੱਖ ਦੁਸ਼ਮਣ ਮੋਦੀ ਸਰਕਾਰ ਦੇ ਵਿਰੋਧ ਵਿਚ ਪਿਛਲੀ ਕੁੜੱਤਣ ਭੁਲਣ ਦੀ ਬਜਾਇ, ਦੋਵੇਂ ਧਿਰਾਂ ਵਿਚਲੇ ਕੁਝ ਅਧਪੜ ਕਿਸਮ ਦੇ ਲੋਕ, ਜਿਹੜੇ ਗੁਰਮਤਿ ਅਤੇ ਮਾਰਕਸ-ਏਂਗਲਜ ਦੀ ਫਿਲਾਸਫ਼ੀ ਵਿਚਲੀ ਸਾਂਝ ਤੋਂ ਉਕਾ ਅਣਜਾਣ ਹਨ ਅਤੇ ਜਿਨ੍ਹਾਂ ਨੇ ਗੁਰਮਤਿ ਅਤੇ ਮਾਰਕਸ ਦੀ ਫਿਲਾਸਫ਼ੀ ਨੂੰ ਬਿਲਕੁਲ ਨਹੀਂ ਪੜਿਆ, ਇਕ-ਦੂਜੇ ਉੱਤੇ ਦੋਸ਼ ਲਾ ਕੇ ਮੋਦੀ ਸਰਕਾਰ ਦੀਆਂ ਇਹਨਾਂ ਚਾਲਾਂ ਨੂੰ ਸਫਲ ਕਰ ਰਹੇ ਹਨ।

ਭੌਤਿਕਵਾਦੀ ਫਿਲਾਸਫ਼ੀ ਬਾਰੇ ਏਂਗਲਜ ਦਾ ਕਹਿਣਾ ਹੈ, "ਕੀ ਸੰਸਾਰ ਦੀ ਰਚਨਾ ਰੱਬ ਨੇ ਬਣਾਈ ਹੈ ਜਾਂ ਸੰਸਾਰ ਦੀ ਹੋਂਦ ਸਦੀਵੀ ਹੈ? ਇਸ ਸੁਆਲ ਦਾ ਜੁਆਬ ਫਿਲਾਸਫਰਾਂ ਨੂੰ ਦੋ ਵੱਡੇ ਧੜਿਆਂ ਵਿਚ ਵੰਡ ਦੇਂਦਾ ਹੈ। ਜਿਹੜੇ ਕੁਦਰਤ ਨਾਲੋਂ ਆਤਮਾ (ਵਿਚਾਰ) ਨੂੰ ਪਹਿਲ ਦੇਂਦੇ ਹਨ ਅਤੇ ਇਸ ਲਈ ਅੰਤਿਮ ਤੌਰ ਉੱਤੇ ਇਕ ਜਾਂ ਦੂਜੇ ਰੂਪ ਵਿਚ ਕਿਸੇ ਕਲਪਿਤ ਰੱਬੀ ਹਸਤੀ ਰਾਹੀਂ ਸੰਸਾਰ ਦੀ ਰਚਨਾ ਹੋਈ ਮੰਨਦੇ ਹਨ, ਉਹ ਸਾਰੇ ਆਦਰਸ਼ਵਾਦੀ ਧੜੇ ਵਿਚ ਆਉਂਦੇ ਹਨ ਅਤੇ ਦੂਜੇ ਜਿਹੜੇ ਕੁਦਰਤ ਨੂੰ ਮੁੱਖ ਮੰਨਦੇ ਹਨ, ਭੌਤਿਕਵਾਦੀਆਂ ਦੀਆਂ ਅੱਡ-ਅੱਡ ਧਿਰਾਂ ਵਿਚ ਸ਼ੁਮਾਰ ਹੁੰਦੇ ਹਨ। ਆਦਰਸ਼ਵਾਦ ਅਤੇ ਭੌਤਿਕਵਾਦ ਇਹ ਦੋ ਧਾਰਾਵਾਂ ਮੌਲਿਕ ਰੂਪ ਵਿਚ ਇਸ ਤੋਂ ਬਿਨਾਂ ਹੋਰ ਕੋਈ ਅਹਿਮੀਅਤ ਨਹੀਂ ਰਖਦੀਆਂ।"

ਗੁਰੂ ਨਾਨਕ ਸਾਹਿਬ ਆਪਣੀ ਸੱਚ ਦੀ ਖੋਜ ਦਾ ਆਰੰਭ ਹੀ ਇਸ ਦਿਸਦੇ-ਅਣਦਿਸਦੇ ਅੰਤ ਹੀਣ ਬ੍ਰਹਿਮੰਡ ਭਾਵ ਅਸੀਮ ਕਾਇਨਾਤ, ਕੁਦਰਤ, ਤੋਂ ਕਰਦੇ ਹਨ। ਗੁਰੂ ਸਾਹਿਬ ਮਨੁੱਖੀ ਮਨਾਂ ਵਿਚ ਆਪਣੇ ਤੋਂ ਪਹਿਲੇ ਬਣੇ ਆ ਰਹੇ 'ਰੱਬ' ਦੇ ਸਾਰੇ ਮਨੂੰਵਾਦੀ ਕਲਪਿਤ ਰੂਪਾਂ ਨੂੰ ਨਕਾਰ ਕੇ ਮਨੁੱਖ ਨੂੰ ਇਕੋ-ਇਕ ਸਿਰਜਣਹਾਰ ਕੁਦਰਤ ਨਾਲ ਜੋੜਦੇ ਹਨ। ਮਨੁੱਖ ਅਤੇ ਸਿਰਜਣਹਾਰ ਕੁਦਰਤ ਵਿਚਲੇ ਸਾਰੇ ਕਲਪਿਤ ਵਿਚੋਲਿਆਂ ਭਾਵ ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀ ਹੋਂਦ ਨੂੰ ਮੁਕੰਮਲ ਰੂਪ ਵਿਚ ਨਕਾਰਦਿਆਂ ਹੋਇਆਂ ਗੁਰੂ ਸਾਹਿਬ ਬੜਾ ਸਪਸ਼ਟ ਐਲਾਨ ਕਰਦੇ ਹਨ ਨਾਨਕ ਸੱਚ ਦਾਤਾਰੁ ਸਿਨਾਖਤੁ ਕੁਦਰਤੀ। (ਪੰਨਾ 141), ਕੁਦਰਤਿ ਕਰਿ ਕੈ ਵਸਿਆ ਸੋਇ। ਕੁਦਰਤਿ ਕਰਨਹਾਰ ਆਪਾਰਾ। ਕੁਦਰਤਿ ਕਾਦਰ ਕਰਣ ਕਰੀਮਾ। ਇਸ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਦੇ ਆਪਣੇ ਤੋਂ ਪਹਿਲੇ ਸਾਰੇ ਮਨੂੰਵਾਦੀ ਸਿਧਾਂਤਾਂ ਨੂੰ ਨਕਾਰਦਿਆਂ ਗੁਰੂ ਸਾਹਿਬ ਇਹ ਬੁਲੰਦ ਐਲਾਨ ਕਰਦੇ ਹਨ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ। (ਪੰਨਾ 4) ਭਾਵ ਇਸ ਸ੍ਰਿਸ਼ਟੀ ਦੀ ਕਿਸੇ ਕਲਪਿਤ ਰਚਨਾ ਬਾਰੇ ਸਾਰੇ ਮਨੁੱਖੀ ਦਾਅਵੇ ਝੂਠੇ ਹਨ ਅਤੇ ਇਸ ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੁੰਦਾ ਕਰਤਾ ਹੀ ਇਸ ਰਚਨਾ ਬਾਰੇ ਜਾਣਦਾ ਹੈ।

ਗੁਰੂ ਸਾਹਿਬ ਨੇ ਮਨੁੱਖ ਜਾਤੀ ਨੂੰ ਇਹ ਜਾਣਕਾਰੀ ਦਿੱਤੀ ਕਿ ਸਮੁੱਚਾ ਬ੍ਰਹਿਮੰਡੀ ਪਸਾਰਾ ਅੰਕ ਗਣਿਤ ਦੇ ਇਕ ਦਾ ਵਿਸਥਾਰ ਹੈ। ਗੁਰਮਤਿ ਤੋਂ ਪਹਿਲਾਂ ਮਨੂੰਵਾਦ ਨੇ ਨਰਕ-ਸਵਰਗ, ਪੁੰਨ-ਪਾਪ, ਦੇਵੀ-ਦੇਵਤੇ, ਪੁਨਰ-ਜਨਮ, ਕਰਮ-ਸਿਧਾਂਤ ਤੇ ਇਸ ਨਾਲ ਜੁੜਵੇਂ ਅਨੇਕਾਂ ਕਰਮਕਾਂਡਾਂ ਦਾ ਭਰਮਜਾਲ ਫੈਲਾਅ ਕੇ ਇਹ ਪ੍ਰਚਾਰਿਆ ਹੋਇਆ ਸੀ ਕਿ ਇਹ ਦਿਸਦਾ ਸੰਸਾਰ ਇਕ ਛਲਾਵਾ ਹੈ, ਇਕ ਭਰਮ ਹੈ, ਮਾਇਆ ਹੈ। ਗੁਰੂ ਸਾਹਿਬ ਨੇ ਇਸ ਭਰਮਜਾਲ ਨੂੰ ਮੁਕੰਮਲ ਰੂਪ ਵਿਚ ਨਕਾਰਦਿਆਂ ਇਹ ਬੁਲੰਦ ਐਲਾਨ ਕੀਤਾ ਕਿ ਇਹ ਦ੍ਰਿਸ਼ਟਗੋਚਰ ਹੁੰਦਾ ਸੰਸਾਰ ਸਦੀਵੀ ਰਹਿਣ ਵਾਲਾ ਚੇਤੰਨ ਵਜੂਦ ਹੈ, ਜਿਸ ਦੀ ਹਸਤੀ ਕਰਤਾ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਅਤੇ ਇਹ ਕਰਤਾ ਪਹਿਲਾਂ ਦੀਆਂ ਪ੍ਰਚਲਿਤ ਧਾਰਨਾਵਾਂ ਅਨੁਸਾਰ ਕਿਤੇ ਉਪਰ ਆਸਮਾਨ ਵਿਚ ਬੈਠਾ ਹੋਇਆ ਕੋਈ ਵਿਅਕਤੀ ਰੂਪ ਨਹੀਂ ਸਗੋਂ ਸਮੁੱਚੇ ਬ੍ਰਹਿਮੰਡੀ ਪਸਾਰੇ ਦੇ ਕਣ-ਕਣ ਵਿਚ ਰਮਿਆ ਹੋਇਆ ਇਸ ਪਸਾਰੇ ਦਾ ਹੀ ਹਸਤੀ ਰੂਪ ਹੈ। ਜਿਸ ਦਾ ਪ੍ਰਗਟਾਵਾ ਇਸ ਦੇ ਹੁਕਮ ਭਾਵ ਕੁਦਰਤੀ ਨੇਮਾਂ ਦੀ ਜਾਣਕਾਰੀ ਦੇ ਰੂਪ ਵਿਚ ਹੋ ਰਿਹਾ ਹੈ।

ਗੁਰਮਤਿ ਨੇ ਇਕ ਅਸਲੋਂ ਹੀ ਨਵੇਂ ਆਤਮਿਕ ਅਤੇ ਸਮਾਜੀ ਗਿਆਨ ਦਾ ਪਤਾ ਦਿੱਤਾ। ਇਕ ਨਵੀਂ ਮਨੁੱਖੀ ਜੀਵਨ ਜੁਗਤ ਦਿੱਤੀ। ਗੁਰਮਤਿ ਫ਼ਲਸਫ਼ੇ ਦਾ ਸੱਚ ਇਹ ਹੈ ਕਿ ਕੁਦਰਤ ਦੇ ਅਟਲ ਨੇਮ ਬੰਦੇ ਦੀ ਮਰਜ਼ੀ ਤੋਂ ਬਿਲਕੁਲ ਆਜ਼ਾਦ ਆਪਣੇ ਹੀ ਢੰਗ ਨਾਲ ਹਰਕਤਸ਼ੀਲ ਹਨ ਅਤੇ ਕੁਦਰਤ ਦੇ ਇਹਨਾਂ ਅਟਲ ਨੇਮਾਂ ਅਨੁਸਾਰ ਜ਼ਿੰਦਗੀ ਜਿਉਣੀ ਮਨੁੱਖ ਦਾ ਧਰਮ ਹੈ। ਗੁਰਮਤਿ ਨੇ ਇਹਨਾਂ ਨੇਮਾਂ ਦੇ ਉਲਟ ਭੁਗਤ ਰਹੇ ਸਾਰੇ ਸਮਾਜੀ, ਰਾਜਸੀ ਅਤੇ ਧਾਰਮਿਕ ਅਦਾਰਿਆਂ ਅਤੇ ਧਰਮਾਂ ਦੇ ਨਾਂ ਉੱਤੇ ਠੋਸੀਆਂ ਹੋਈਆਂ ਕਦਰਾਂ ਕੀਮਤਾਂ ਅਤੇ ਹਰ ਕਿਸਮ ਦੇ ਕਰਮਕਾਂਡ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ। ਗੁਰਮਤਿ ਉਹ ਬੀਜ ਰੂਪ ਹੈ, ਜਿਸ ਨੇ ਸਿਖ ਇਨਕਲਾਬ ਨੂੰ ਜਨਮ ਦਿੱਤਾ, ਜਿਸ ਦੀ ਸਿਖਰ ਖਾਲਸਾ ਪੰਥ ਦੀ ਸਿਰਜਣਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖਾਲਸਾ ਰਾਜ ਦੀ ਸਥਾਪਨਾ ਸੀ। ਗੁਰਾ ਇਕ ਦੇਹਿ ਬੁਝਾਈ। ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ। ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ। ਆਪਿ ਮੁੱਖਤੁ ਮੁੱਖਤੁ ਕਰੈ ਸੰਸਾਰੁ। ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ। ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸ਼ਰਬਤ ਦਾ ਭਲਾ। ਇਸੇ ਮੌਲਿਕ ਸੱਚ ਦਾ ਪ੍ਰਗਟ ਰੂਪ ਹਨ। **- ਗੁਰਬਚਨ ਸਿੰਘ, ਦੇਸ ਪੰਜਾਬ**

## ਰਜਾਈ ਵਿਦਵਾਨਾਂ ਦੀ ਬੈਂਤ

ਕਰਦੇ ਤਿੰਨ ਕਾਨੂੰਨਾਂ ਦੀ ਗੱਲ ਇੱਕੋ
ਰੱਦ ਕਰਾਉਣ ਲਈ ਟਿੱਲ ਨੇ ਲਾਈ ਜਾਂਦੇ।
ਚੱਲ ਰਹੇ ਅੰਦੋਲਨ ਨੂੰ ਕਰਨ ਤਿੱਖਾ
ਟ੍ਰੈਕਟਰ-ਟ੍ਰਾਲੀਆਂ ਦਿੱਲੀ ਲਿਜਾਈ ਜਾਂਦੇ।
ਕਿਰਤੀ ਮਿਹਨਤੀ ਦੂਸਰੇ ਸੂਬਿਆਂ ਦੇ
ਸੋਭਾ ਰਲ਼ਕੇ ਪੰਜਾਬ ਦੀ ਗਾਈ ਜਾਂਦੇ।
ਐਦਾਂ ਕੀਤਾ ਕਿਉਂ ਚਾਹੀਦਾ ਇੰਜ ਹੋਣਾ
ਨੁਕਤਾਚੀਨ ਕਈ ਕਰੀ ਭਕਾਈ ਜਾਂਦੇ।
ਟੱਬਰ ਆਪਣਾ ਆਖੇ ਨਾ ਲੱਗਦਾ ਐ
ਹੋਏ ਇਕੱਠਾਂ 'ਤੇ ਸ਼ੱਕਾਂ ਜਤਾਈ ਜਾਂਦੇ।
ਘਰੇ ਬੈਠ 'ਰਜਾਈ ਵਿਦਵਾਨ' ਬਣਕੇ
'ਫੇਸ ਬੁੱਕ' 'ਤੇ ਸਿੰਗ ਫਸਾਈ ਜਾਂਦੇ !



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਮੰਗਲ ਗ੍ਰਹਿ ਦੀ ਸਤਿਹ ਦੀ ਪਹਿਲੀ ਵੀਡੀਓ ਆਈ

**ਹਿਊਸਟਨ (ਬਿਊਰੋ)-** ਨਾਸਾ ਦੇ ਪਰਸੀਵੈਰੇਂਸ ਯਾਨ ਨੇ ਮੰਗਲ ਗ੍ਰਹਿ ਦੀ ਪਹਿਲੀ ਹਾਈ ਡੈਫਿਨੇਸ਼ਨ ਵੀਡੀਓ ਭੇਜੀ ਹੈ। ਨਾਸਾ ਵੱਲੋਂ ਜਾਰੀ ਇਸ ਤਿੰਨ ਮਿੰਟ ਦੇ ਵੀਡੀਓ ਨੂੰ ਪਰਸੀਵੈਰੇਂਸ ਰੋਵਰ ਨੇ ਲੈਂਡਿੰਗ ਦੇ ਸਮੇਂ ਲਿਆ ਸੀ। ਜਿਸ 'ਚ ਹਵਾਵਾਂ ਦੇ ਚੱਲਣ ਦੀ ਆਵਾਜ਼ ਵੀ ਸਾਫ਼ ਸੁਣਾਈ ਦੇ ਰਹੀ ਹੈ। ਪਰਸੀਵੈਰੇਂਸ 'ਚ 25 ਕੈਮਰੇ ਤੇ ਦੋ ਮਾਈਕ੍ਰੋਫੋਨ ਲੱਗੇ ਹਨ। ਜੇ ਇਸ 'ਚ ਲੱਗੇ ਕੈਮਰੇ ਕੁਝ ਵਿਸ਼ੇਸ਼ ਦਿਖਾਈ ਦਿੰਦਾ ਹੈ ਤਾਂ ਮਿਸ਼ਨ ਕੰਟਰੋਲ ਰੋਬੋਟਿਕ ਆਰਮ ਦੀ ਮਦਦ ਨਾਲ ਨਮੂਨੇ ਇਕੱਠੇ ਕਰੇਗਾ। ਨਾਸਾ ਵੱਲੋਂ ਜਾਰੀ ਵੀਡੀਓ 'ਚ ਪਰਸੀਵੈਰੇਂਸ ਰੋਵਰ ਲਾਲ ਤੇ ਸਫੇਦ ਰੰਗ ਦੇ ਪੈਰਾਸ਼ੂਟ ਦੇ ਸਹਾਰੇ ਸਤ੍ਹਾ 'ਤੇ ਉਤਰਦਾ ਹੋਇਆ ਨਜ਼ਰ ਆ ਰਿਹਾ ਹੈ। ਇਹ ਵੀਡੀਓ 3 ਮਿੰਟ 25 ਸੈਕੰਡ ਦੀ ਹੈ। ਵੀਡੀਓ 'ਚ ਧੂਲ ਦੇ ਗੁਬਾਰ ਵਿਚਕਾਰ ਰੋਵਰ ਨੂੰ ਸਤ੍ਹਾ 'ਤੇ ਲੈਂਡ ਕਰਦਿਆਂ ਦਿਖਾਈ ਦੇ ਰਿਹਾ ਹੈ। ਇਸ ਤੋਂ ਪਹਿਲਾਂ ਲਾਲ ਗ੍ਰਹਿ ਦੀ ਸਤ੍ਹਾ 'ਤੇ ਉਤਰਣ ਦੇ ਮਹਿਜ 24 ਘੰਟੇ 'ਚ ਵੀ ਘੱਟ ਸਮੇਂ 'ਚ ਨਾਸਾ ਦੇ ਰੋਵਰ ਨੇ ਪਹਿਲੀ ਕਲਰ ਤਸਵੀਰ ਭੇਜੀ ਸੀ।



ਪਰਸੀਵੈਰੇਂਸ ਨਾਸਾ ਵੱਲੋਂ ਭੇਜਿਆ ਗਿਆ ਹੁਣ ਤਕ ਦਾ ਸਭ ਤੋਂ ਵੱਡਾ ਰੋਵਰ ਹੈ। 1970 ਤੋਂ ਬਾਅਦ ਅਮਰੀਕੀ ਪੁਲਾੜ ਏਜੰਸੀ ਦੀ ਇਹ 9ਵੀਂ ਮੰਗਲ ਮੁਹਿੰਮ ਹੈ। ਹੁਣ ਤਕ ਦੇ ਸਭ ਤੋਂ ਜੋਖਿਮ ਭਰੇ ਤੇ ਇਤਿਹਾਸਕ ਰੂਪ ਤੋਂ ਮਹੱਤਵਪੂਰਨ ਇਸ ਮੁਹਿੰਮ ਦਾ ਟੀਚਾ ਇਹ ਪਤਾ ਲਗਾਉਣਾ ਹੈ ਕਿ ਮੰਗਲ ਗ੍ਰਹਿ 'ਤੇ ਕੀ ਕਦੇ ਜ਼ੀਂਦਗੀ ਸੀ। ਮੁਹਿੰਮ ਤਹਿਤ ਗ੍ਰਹਿ ਨਾਲ ਚੱਟਾਨਾਂ ਦੇ ਟੁੱਕੜੇ ਵੀ ਲਿਆਉਣ ਦੀ ਕੋਸ਼ਿਸ਼ ਹੋਵੇਗੀ, ਜੋ ਇਸ ਸਵਾਲ ਦਾ ਜਵਾਬ ਲੱਭਣ 'ਚ ਅਹਿਮ ਸਾਬਿਤ ਹੋ ਸਕਦੇ ਹਨ।

# ਕਿਸਾਨ ਸੰਯੁਕਤ ਮੋਰਚੇ ਦਾ ਸਮਰਥਨ ਕਰੋ ਅਤੇ ਚੱਲ ਰਹੇ ਹੱਕੀ ਸੰਘਰਸ਼ ਦਾ ਸਾਥ ਦੇਵੋ

ਕਿਸਾਨ ਸੰਯੁਕਤ ਮੋਰਚੇ ਦਾ ਸਮਰਥਨ ਕਰੋ ਅਤੇ ਚੱਲ ਰਹੇ ਹੱਕੀ ਸੰਘਰਸ਼ ਦਾ ਸਾਥ ਦੇਵੋ।

ਕਿਸਾਨ ਵਿਰੋਧੀ ਕਾਲੇ ਕਾਨੂੰਨ ਹਰ ਜਨ ਉੱਤੇ ਮਾਰੂ ਅਸਰ ਦਿਖਾਉਣਗੇ ।ਜਿਵੇਂ ਕਿਸਾਨ ਨੂੰ ਜਮੀਨ ਰਹਿਤ ਕਰਨਗੇ ਅਤੇ ਹਰ ਜਨ ਦੀਆਂ ਜੇਬ੍ਹਾਂ 'ਚ ਹੱਥ ਪਾਉਣਗੇ।

ਮਹਿੰਗਾਈ ਵਧੇਗੀ ਜੋ ਆਮ ਜੰਤਾ ਲਈ ਅਸਿਹ ਹੋਵੇਗੀ।

ਏਕਾ ਬਣਾਵੋ ਅਤੇ ਸਰਕਾਰ ਦੀਆਂ ਫੁੱਟ ਪਾਊ ਨੀਤੀਆਂ ਦਾ ਡੱਟਕੇ ਵਿਰੋਧ ਕਰੋ।

ਸੰਯੁਕਤ ਮੋਰਚੇ ਵਲੋਂ ਕਾਲੇ ਕਾਨੂੰਨਾਂ ਨੂੰ ਮੁਆਫ਼ ਕਰਾਉਣ ਲਈ ਦਿੱਤੇ ਹਰ ਐਕਸ਼ਨ ਦਾ ਸਾਥ ਦੇਵੋ ।

"ਸੰਘਰਸ਼ ਮੰਜਿਲ ਤੱਕ ਪਹੁੰਚਣ ਦਾ ਰਸਤਾ ਹੈ "

ਜੈ ਜੰਤਾ ਜੈ ਸੰਘਰਸ਼ ਜਿੱਤ ਲੋਕਾਂ ਦੀ !

ਜੈ ਜਵਾਨ ਜੈ ਕਿਸਾਨ

**ਖੇਤੀ ਕਾਨੂੰਨਾਂ ਖਿਲਾਫ਼**
**ਕਿਸਾਨ ਅੰਦੋਲਨ ਦਾ ਸਾਥ ਦੇਵੋ**

ਭਾਰਤ ਦੀ ਕੇਂਦਰ ਸਰਕਾਰ ਕਿਸਾਨੀ ਅੰਦੋਲਨ ਨੂੰ ਰਚੀ -ਮਿੱਥੀ ਸਾਜ਼ਿਸ਼ ਅਧੀਨ ਅੱਖੋਂ ਪਰੋਖੇ ਕਰ ਰਹੀ ਹੈ। ਕਿਸਾਨ ਵਿਰੋਧੀ " ਕਾਲੇ ਕਾਨੂੰਨਾਂ 'ਚ ਕੀ ਕਾਲਾ ਹੈ" ਕਹਿਕੇ ਪਾਰਲੀਮੈਂਟ ਦੇ ਸ਼ੈਸ਼ਨ ਵਿੱਚ ਖੇਤੀਬਾੜੀ ਮੰਤਰੀ ਵਲੋਂ ਰੁੱਤਬੇ ਦਾ ਘੁਮੰਡ ਦਿਖਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਵਲੋਂ ਇਹ ਕਹਿਣਾ ਕਿ ਐਮ.ਐਸ.ਪੀ. ਹੈ , ਸੀ ਅਤੇ ਰਹੇਗਾ ਦਾ ਫ਼ਲਿਮੀ ਅੰਦਾਜ਼ ਉਸ ਦੇ ਪਹਿਲੇ ਜੁਮਲਿਆਂ ਵਾਂਗ ਹੀ ਹੈ।

ਵੱਖ-ਵੱਖ ਮਸਲੇ ਜਿਵੇਂ ਟਵਿੱਟਰ, ਟੂਲਕਿੱਟ , ਖ਼ਲਿਸਤਾਨੀ, ਮਾਓਵਾਦੀ, ਅਰਵਿੰਨ ਨਕਸਲ, ਕਿਸਾਨ ਨਹੀਂ ਕਮਿਊਨਿਸਟ ਹਨ ਆਦਿ ਸਰਕਾਰੀ ਵਿਕਾਊ ਮੀਡਿਆ ਦੇ ਜੋਰ ਨਾਲ ਭੜਕਾਏ ਜਾ ਰਹੇ ਹਨ। ਕਿਸਾਨੀ ਅੰਦੋਲਨ ਦੇ ਸਮਰੱਥਕਾਂ ਨੂੰ ਦੇਸ਼ ਧਰੋਹੀ ਦੱਸਕੇ ਪੁਲਿਸ ਅਤੇ ਅਦਾਲਤਾਂ ਵਲੋਂ ਦਮਨਕਾਰੀ ਨੀਤੀ ਅਪਣਾਈ ਜਾ ਰਹੀ ਹੈ। ਝੂਠੇ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ ਤਾਂ ਕਿ ਅੰਦੋਲਨਕਾਰੀਆਂ ਵਿੱਚ ਡਰ ਪਾਇਆ ਜਾ ਸਕੇ ਅਤੇ ਅੰਦੋਲਨ ਪੱਟੜੀ ਤੋਂ ਉੱਤਰ ਜਾਵੇ । ਗ਼ੈਰਮਨੁੱਖੀ ਬੇਰਹਿਮ ਅਤੇ ਦਮਨਕਾਰੀ ਸਰਕਾਰ ਕੋਲ ਢਾਈ ਸੌ ਦੇ ਲੱਗਭੱਗ ਕਿਸਾਨਾਂ ਦੀਆਂ ਹੋਈਆਂ ਸ਼ਹਾਦਤਾਂ ਲਈ ਇੱਕ ਸ਼ਬਦ ਤੱਕ ਨਾ ਕਹਿਣਾ ਉਸ ਦਾ ਲੋਕ ਵਿਰੋਧੀ ਚਿਹਰਾ ਦਰਸਾਉਂਦਾ ਹੈ।

ਕੇਂਦਰ ਦੀ ਸਰਕਾਰ ਵਲੋਂ ਗ਼ੈਰ ਕਾਨੂੰਨੀ ਢੰਗ ਨਾਲ ਕਿਸਾਨੀ ਵਿਰੁੱਧ ਬਣਾਏ ਕਾਲੇ ਕਾਨੂੰਨਾਂ ਦਾ ਡੱਟਕੇ ਵਿਰੋਧ ਕਰਨਾ ਚਾਹੀਦਾ ਹੈ । ਹਰ ਸ਼ਖ਼ਸ਼ ਜੋ ਰੋਟੀ (ਅਨਾਜ) ਖਾਂਦਾ ਹੈ ਉਸ ਦੀ ਜਿੰਮੇਵਾਰੀ ਹੈ , ਕਾਨੂੰਨ ਰੱਦ ਕਰਾਉਣ ਤੱਕ ਸਾਥ ਦੇਣਾ ।ਏਕਤਾ ਬਣਾਕੇ ਰੱਖੋ ! ਲੋਕ ਏਕਤਾ ਦੀ ਤਾਕਤ ਤੱਖ਼ਤ ਹਿਲਾ ਸਕਦੀ ਹੈ ।ਸੰਘਰਸ਼ ਸਮੇ ਮੌਸਮੀ ਡੱਡੂਆਂ ਦੀ ਘੁੱਸਪੈਠ ਉੱਪਰ ਨਜ਼ਰ ਦਾ ਰੱਖਣਾ ਵੀ ਜ਼ਰੂਰੀ ਹੈ ।

ਲੋਕਾਂ ਦੀ ਤਾਕਤ ਹੈ ਤਾਕਤ ਪਹਾੜ ਦੀ

ਇਸ ਅੱਗੇ ਤਾਕਤ ਕੀ ਗਿੱਦੜਾਂ ਦੀ ਧਾੜ ਦੀ "।

ਕਿਸਾਨ ਮਜ਼ਦੂਰ ਮੁਲਾਜ਼ਮ ਏਕਤਾ ਜਿੰਦਾਬਾਦ !

**ਜੈ ਕਿਸਾਨ ਜੈ ਜਵਾਨ !**
**ਜੈ ਜੰਤਾ ਜੈ ਸੰਘਰਸ਼ ਜਿੱਤ ਲੋਕਾਂ ਦੀ**

ਧੰਨ ਧੰਨ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ ਹੋਣ ਜੀ।

ਆਪ ਜੀ, ਕੂਕਾ ਲਹਿਰ ਜਿਸ ਨੂੰ ਨਾਮਧਾਰੀ ਲਹਿਰ ਵੀ ਆਖ ਸਕਦੇ ਹਾਂ ਦੇ ਪਰਚਮ ਹੇਠ ਅੰਗਰੇਜ਼ ਰਾਜ ਵਿਰੁੱਧ ਲੜਨੇ ਵਾਲੇ ਪਹਿਲੇ ਦੇਸ਼ ਵਿਆਪੀ ਆਗੂ ਸਨ ਜਿਨ੍ਹਾਂ ਨੇ ਨਾ-ਮਿਲਵਰਤਣ ਲਹਿਰ ਚਲਾਕੇ ਸੁਤੰਤਰਤਾ ਸੰਘਰਸ਼ ਸ਼ੁਰੂ ਕੀਤਾ। ਵਲਾਇਤੀ ਕਪੜੇ ਨੂੰ ਪਹਿਨਣ ਤੋਂ ਇੰਨਕਾਰ, ਕਪੜਾ ਆਪ ਬੁਣਕੇ ਪਹਿਨਣਾ, ਡਾਕ ਪ੍ਰਬੰਧ ਆਪਣਾ ਬਣਾਉਣਾ, ਸਕੂਲ ਬਣਾਉਣੇ, ਸਤੀ ਦੀ ਰਸਮ ਦਾ ਵਿਰੋਧ ਕਰਨਾ, ਵਿਆਹ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ ਅਤੇ ਗਊ ਗਰੀਬ ਦੀ ਰੱਖਿਆ ਕਰਨਾ ਆਦਿ ਅਨੇਕ ਸਮਾਜ ਸੁਧਾਰ ਕੀਤੇ ਜਿਨਾ ਨਾਲ ਅੰਗਰੇਜ਼ ਰਾਜ ਦੇ ਤੱਖ਼ਤ ਦੀ ਚੂਲ ਹਿੱਲਾ ਦਿੱਤੀ।

ਸਾਨੂੰ ਸਭ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕਰਕੇ ਕਹਿਣਾ ਚਾਹੀਦਾ ਹੈ ਕਿ ਧੰਨ ਸਨ ਜਿਨ੍ਹਾਂ ਨੇ ਸੂਰਜ ਨਾ ਛੁੱਪਣ ਵਾਲੀ ਵਿਦੇਸ਼ੀ ਤਾਕਤ ਨਾਲ ਮੱਥਾ ਲਾ ਕੇ ਉਸ ਨੂੰ ਦੇਸ਼ 'ਚੋਂ ਕੱਢਣ ਦੇ ਢੰਗ ਦੱਸੇ , ਗ਼ਦਰ ਪਾਰਟੀ ਜੋ 1913 'ਚ ਬਣੀ ਉਸ ਦੇ ਪਿਛੋਕੜ 'ਚ ਕੂਕਾ ਲਹਿਰ ਦਾ ਯੋਗਦਾਨ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ।ਮਹਾਤਮਾ ਗਾਂਧੀ ਨੇ 50 ਸਾਲ ਬਾਅਦ ਸਤਿਗੁਰਾਂ ਵਲੋਂ ਕੀਤੀ ਨਾ-ਮਿਲਵਰਣ ਲਹਿਰ ਨੂੰ ਦੇਖ ਕੇ ਅੰ-ਗਰੇਜ਼ ਵਿਰੁੱਧ ਸੰਘਰਸ਼ ਕੀਤਾ ਜਿਸ ਨਾਲ ਅੰਗਰੇਜ਼ ਸਾਮਰਾਜ ਦੀ ਤਾਕਤ ਨੂੰ ਵੱਡੀ ਸੱਟ ਵੱਜੀ ਸੀ।

ਸਤਿਗੁਰਾਂ ਜੀ ਦੇ ਪ੍ਰਕਾਸ਼ ਪੁਰਬ ਨੂੰ ਯਾਦ ਕਰਦਿਆਂ ਵਿਚਾਰਾਂ ਕਰੀਏ ਅਤੇ ਸਰਕਾਰਾਂ ਵਲੋਂ ਹੋ ਰਹੀਆਂ ਬੇਇਨਸਾਫ਼ੀਆਂ ਵਿਰੁੱਧ ਕੂਕਾ ਲਹਿਰ ਦਾ ਪਰਚਮ ਉੱਚਾ ਕਰੀਏ।

**ਕਿਸਾਨ ਜ਼ਰੂਰ ਜਿੱਤਣਗੇ !**

ਭਾਰਤ ਦੀ ਕੇਂਦਰ ਸਰਕਾਰ ਵਲੋਂ ਖੇਤੀ-ਵਾੜੀ ਨੂੰ ਕਿਰਸਾਨਾਂ ਹੱਥੋਂ ਖੋਹਕੇ ਵੱਡੇ ਜ਼ਖ਼ੀਰੇਵਾਜ਼ਾਂ ਦੇ ਹੱਥ ਵਿੱਚ ਸਪੁਰਦ ਕਰਨ ਲਈ ਬਣਾਏ ਤਿੰਨ ਕਾਲੇ ਕਾਨੂੰਨ ਅਤੇ ਦੋ ਹੋਰ ਕਾਨੂੰਨ ਜੋ ਛੇਤੀ ਆ ਰਹੇ ਹਨ (1. ਬਿਜਲੀ ਦਾ 2. ਪ੍ਰਦੂਸ਼ਨ ਸਬੰਧਤ ਹੈ) ਭਾਵ ਪੰਜ ਕਾਲੇ ਕਾਨੂੰਨਾਂ ਨੂੰ ਵਾਪਿਸ ਲੈਣ ਤੋਂ ਅਤੇ ਘੱਟੋ ਘੱਟ ਸਮੱਰਥਨ ਮੁੱਲ ( ਐਮ.ਐਸ.ਪੀ.) ਨੂੰ ਕਾਨੂੰਨੀ ਰੂਪ ਨਾ ਦੇਣ ਦੀ ਜਿੱਦ ਧਾਰੀ ਬੈਠੀ ਹੈ।

ਅੰਗਰੇਜ਼ ਸਾਮਰਾਜ ਦੀ ਸੋਚ " ਪਾੜੋ ਅਤੇ ਰਾਜ ਕਰੋ" ਦਾ ਢੰਗ ਵਰਤਿਆ ਜਾ ਰਿਹਾ ਹੈ , ਸੋਚਣਾ ਬਣਦਾ ਹੈ ਕਿ ਇਹ ਸਰਕਾਰ ਭਾਰਤੀ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ ਧੰਨ-ਕੁਬੇਰ ਇਸ ਅੰਦੋਲਨ ਨੂੰ ਫੇਲ੍ਹ ਕਰਨ ਲਈ ਹਰ ਹੀਲਾ ਵਰਤ ਰਹੇ ਹਨ।

ਅੰਦੋਲਨ ਬਾਹਾਂ ਦੇ ਬੱਲ ਨਾਲੋਂ ਵਿਚਾਰਾਂ ਦੀ ਏਕਤਾ ਨਾਲ ਵੱਧ ਪ੍ਰਭਾਵਿਤ ਹੋਵੇਗਾ।ਲੁਟੇਰੇ ਪ੍ਰਬੰਧ ਦੀਆਂ ਚਾਲਾਂ ਨੂੰ ਖਾਰਜ ਕਰਨ ਲਈ ਆਪਣੇ ਆਗੂਆਂ ਦਾ ਸਾਥ ਦੇਵੋ ਅਤੇ ਅਨੁਸ਼ਾਸ਼ਨ ਰੱਖੋ।

ਯਾਦ ਰਹੇ ਇਹ ਅੰਦੋਲਨ ਹਰ ਜਨ ਨਾਲ ਸਬੰਧਤ ਹੈ ਭਾਵ ਅਨਾਜ ਪੈਦਾ ਕਰਨ ਵਾਲੇ ਤੋਂ ਲੈ ਕੇ ਖਾਣ ਵਾਲਿਆਂ ਤੱਕ, ਮੁੜ੍ਹਕੇ ਵਾਲੇ ਕੰਮੀ ਤੋਂ ਖ਼ੁਸ਼ਬੋ ਲਾ ਕੇ ਕੰਮ ਕਰਨ ਵਾਲਿਆਂ ਅਤੇ ਲੁੱਟੇ ਜਾ ਰਹੇ ਹਰ ਵਿਅਕਤੀ ਨਾਲ ਸਬੰਧਤ ਹੈ।

ਹਰ ਦੋਸਤ ਮਿੱਤਰ ਦਾ ਫਰਜ਼ ਹੈ ਕਿ ਜਦੋਂ ਤੱਕ ਇਸ ਕਿਸਾਨਾਂ ਦੇ ਹੱਕੀ ਅੰਦੋਲਨ ਨੂੰ ਜਿੱਤ ਨਹੀਂ ਲਿਆ ਜਾਂਦਾ ਚੈਨ ਨਾਲ ਨਾ ਬੈਠਿਆ ਜਾਵੇ ਅਤੇ ਏਕੇ ਨੂੰ ਮਜ਼ਬੂਤ ਕਰਦਿਆਂ ਕਾਫ਼ਲੇ ਵੱਡੇ ਕੀਤੇ ਜਾਣ।

**ਅਸੀਂ ਜਿੱਤਾਂਗੇ , ਲੋਕ ਜ਼ਰੂਰ ਜਿੱਤਣਗੇ !**
**ਜੈ ਜੰਤਾ ਜੈ ਸੰਘਰਸ਼ ਜਿੱਤ ਲੋਕਾਂ ਦੀ**

ਸਾਹਿਬੇ ਕਮਾਲ
ਸੰਤ ਸਿਪਾਹੀ
ਨੀਲੇ ਦਾ ਸ਼ਾਹ ਸਵਾਰ
ਅੰਮ੍ਰਿਤ ਦੇ ਦਾਤਾ
ਬਿੰਦੀ ਤੋਂ ਸ਼ਬਦ ਦਾ ਸਿਰਜਕ
ਸਰਬੰਸਦਾਨੀ
ਕਲਗੀਧਰ ਦਸ਼ਮੇਸ਼ ਪਿਤਾ
ਆਪੇ ਗੁਰੂ ਆਪੇ ਚੇਲਾ
ਧੰਨ ਗੁਰੂ ਸ੍ਰੀ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਦੀਆਂ
ਤੁਹਾਨੂੰ ਅਤੇ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ।

**17 ਜਨਵਰੀ 1872 ਨੂੰ ਮਲੇਰ ਕੋਟਲਾ ਦੇ ਸਾਕੇ ਵਿੱਚ**
**ਕੂਕਾ ਲਹਿਰ ਦੇ ਅਮਰ ਸ਼ਹੀਦਾਂ ਨੂੰ ਯਾਦ ਕਰਦਿਆਂ**

ਨਾਮਧਾਰੀ ਲਹਿਰ ਜਿਸ ਨੂੰ ਕੂਕਾ ਲਹਿਰ ਕਰਕੇ ਵੀ ਜਾਣਿਆ ਜਾਂਦਾ ਹੈ, 1857 ਈ. ਦੀ ਵਿਸਾਖੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਵਲੋਂ ਬਣਾਈ ਨਾਮਧਾਰੀ ਲਹਿਰ (ਕੂਕਾ ਲਹਿਰ) ਨੇ ਅੰਗਰੇਜ਼ ਰਾਜ ਨੂੰ ਖ਼ਤਮ ਕਰਨ ਦਾ ਵਿੱਗਲ ਵਜਾਇਆ। ਅੰਗਰੇਜ਼ ਸਾਮਰਾਜ ਦੀ "ਪਾੜੋ ਅਤੇ ਰਾਜ ਕਰੋ" ਦੀ ਕੂਟਨੀਤੀ ਦੇ ਤਹਿਤ ਹਿੰਦੋਸਤਾਨੀਆਂ ਨੂੰ ਧਰਮਾਂ ਦੇ ਅਧਾਰ 'ਤੇ ਲੜਾ ਕੇ ਆਪਣੇ ਰਾਜ ਦੀ ਉਮਰ ਨੂੰ ਲੰਬਾ ਕਰਨਾ ਸੀ। ਸਾਜ਼ਿਸ਼ੀ ਚਾਲਾਂ ਨਾਲ ਮੁਸਲਮਾਨਾਂ ਨੂੰ ਗਊ ਹੱਤਿਆ ਕਰਨ ਲਈ ਬੁੱਚੜਖਾਨੇ ਬਣਾਉਣ ਦੀ ਖੁੱਲ ਸੀ ਜੋ ਹਿੰਦੋਸਤਾਨੀਆਂ ਦੀ ਆਸਥਾ ਵਿਰੁੱਧ ਸੀ ।ਨਾਮਧਾਰੀ (ਕੂਕਾ) ਲਹਿਰ ਨੇ ਬੁੱਚੜਖਾਨੇ ਬੰਦ ਕਰਵਾਏ ਅਤੇ ਬੁੱਚੜਾਂ ਵਲੋਂ ਰੱਖੀਆਂ ਗਊਆਂ ਦੇ ਰੱਸੇ ਵੱਢਕੇ ਆਜ਼ਾਦ ਕਰ ਦਿੱਤੀਆਂ।

13 ਜਨਵਰੀ 1872 ਨੂੰ ਸ੍ਰੀ ਭੈਣੀ ਸਾਹਿਬ ਮਾਘੀ ਦਾ ਮੇਲਾ ਸੀ, ਸੰਗਤਾਂ ਦੂਰੋਂ ਦੂਰੋਂ ਪਹੁੰਚੀਆਂ ਸਨ। ਮਲੇਰ ਕੋਟਲੇ ਤੋਂ ਪਹੁੰਚੇ ਸ. ਗੁਰਮੁੱਖ ਸਿੰਘ ਨਾਮਧਾਰੀ ਨੇ ਕਮਜ਼ੋਰ ਬਲਦ ਉੱਤੇ ਲੱਦੀਆਂ ਮੂਲੀਆਂ ਤੇ ਉੱਪਰ ਆਪ ਬੈਠੇ ਬੇਤਰਸੇ ਆਦਮੀ ਨੂੰ ਉੱਤਰਕੇ ਤੁਰਨ ਲਈ ਕਿਹਾ ਤਾਂ ਝੱਗੜਾ ਹੋ ਗਿਆ ਗੱਲ ਜੱਜ ਕੋਲ ਪਹੁੰਚ ਗਈ ਮੁਸਲਮਾਨ ਦੀ ਮਦਦ ਕਰਦਿਆਂ ਬਲਦ ਨੂੰ ਜਿਬਾਹ ਕਰਨ ਦਾ ਹੁੱਕਮ ਸੁਣਾਇਆ ।ਇਹ ਕਹਾਣੀ ਦੇ ਸਿੱਟਾ ਅੱਣਖ਼ੀ ਕੂਕੇ ਬਦਲਾ ਲੈਣ ਮਲੇਰ ਕੋਟਲੇ ਬੁੱਚੜਖਾਨੇ ਬੰਦ ਕਰਾਉਣ ਲਈ ਪਹੁੰਚੇ ਵੱਢ ਵਢਾਂਗੇ 'ਚ ਕਈ ਜਖ਼ਮੀ ਹੋਏ 68 ਕੂਕਿਆਂ ਨੂੰ ਕੈਦ ਕਰ ਲਿਆ ਜਿੰਨਾਂ ਵਿੱਚ ਦੋ ਬੀਬੀਆਂ ਸਨ।

ਅੰਗਰੇਜ਼ ਸਾਮਰਾਜੀਆਂ ਨੇ ਪਟਿਆਲੇ ਅਤੇ ਜੀਂਦ ਦੇ ਬਾਦਸ਼ਾਹਾਂ ਤੋਂ ਤੋਪਾਂ ਮੰਗਵਾਕੇ 17 ਜਨਵਰੀ ਨੂੰ 50 ਕੂਕਿਆਂ ਨੂੰ ਤੋਪਾਂ ਨਾਲ ਉਡਾਕੇ ਸ਼ਹੀਦ ਕਰ ਦਿੱਤਾ ਅਤੇ 51ਵਾਂ 12 ਸਾਲ ਦਾ ਯੋਧਾ ਕਿਰਪਾਨ ਨਾਲ ਸ਼ਹੀਦ ਕੀਤਾ ।ਅਤੇ 18 ਜਨਵਰੀ ਨੂੰ 16 ਕੂਕਿਆਂ ਨੂੰ ਤੋਪਾਂ ਨਾਲ ਉਡਾਕੇ ਸ਼ਹੀਦ ਕੀਤਾ ਗਿਆ । ਅੰਗਰੇਜ਼ ਸਾਮਰਾਜ ਵਿਰੁੱਧ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ।

**ਵਲੋਂ-**
**ਇੰਡੋ -ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**

ਆਲਮੀ ਕਿਸਾਨ ਅੰਦੋਲਨ ਤੋਂ ਘਬਰਾਕੇ ਇੰਡੀਆਂ ਦੀ ਬੀ.ਜੇ.ਪੀ. ਸਰਕਾਰ ਜੋ ਧੰਨ ਕੁਬੇਰਾਂ ਦੇ ਕਾਰਪੋਰੇਟਸ ਦੀ ਰਖੇਲ ਹੈ, ਦੇ ਪੱਖ ਵਿੱਚ ਸੁਪਰੀਮ ਕੋਰਟ ਨੇ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ।ਇਹ ਚਾਰੇ ਹੀ ਕਾਲੇ ਕਾਨੂੰਨਾਂ ਦੇ ਸਮੱਰਥਕ ਰਹੇ ਤੇ ਹਨ।

ਇਹ ਭੁਲੇਖਾ ਨਾ ਰਹੇ ਕਿ ਸਾਰੀ ਦੁਨੀਆਂ ਵਿੱਚ ਲੁਟੇਰੇ ਨਿਜ਼ਾਮ ਨੂੰ ਲੋਕਾਂ ਨੇ ਨਿਕਾਰਨ ਦੀ ਰਫ਼ਤਾਰ ਨੂੰ ਵਧਾਇਆ ਹੈ ਜੋ ਧੰਨ ਕੁਬੇਰਾਂ ਤੋਂ ਸਹਿ ਨਹੀਂ ਹੋ ਰਿਹਾ।

ਪੁਲੀਸ , ਫੌਜ ਅਤੇ ਕਾਨੂੰਨ ਦੀ ਕੁਰਸੀ ਸਭ ਧੰਨ ਕੁਬੇਰਾਂ ਦੀ ਰਾਖੀ ਕਰਨ ਲਈ ਹੀ ਹਨ।ਵੈਸੇ ਤਾਂ ਇਹ ਅਦਾਰੇ ਜੰਤਾਂ ਦੀ ਹਿਫ਼ਾਜਤ ਲਈ ਕਹਿਕੇ ਹੀ ਬਣਾਏ ਜਾਂਦੇ ਹਨ ਪਰ ਵਰਤੇ ਲੋਕਾਂ ਦੇ ਵਿਰੁੱਧ , ਹੱਕਾਂ ਲਈ ਸੰਘਰਸ਼ ਕਰ ਰਹੇ ਮਜ਼ਦੂਰ ਕਿਸਾਨਾਂ ਨੂੰ ਦੱਬਣ ਲਈ ਵਰਤੇ ਜਾਂਦੇ ਹਨ।

ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨ ਮਜ਼ਦੂਰ ਸਾਥੀਓ ਆਪਣੇ ਹੱਕਾਂ ਦੇ ਸੰਗਰਾਮ ਨੂੰ ਠੰਡਾ ਨਾ ਕਰਿਓ , ਇਹੀ ਸਰਕਾਰ ਤੁਹਾਡੀ ਤਾਕਤ ਦੇ ਪੈਰਾਂ ਉੱਤੇ ਸਿਰ ਸੁੱਟੇਗੀ। ਤੁਹਾਡਾ ਸੰਘਰਸ਼ ਹੁਣ ਇੰਡੀਆ ਦਾ ਨਹੀਂ ਰਿਹਾ ਇੱਕ ਆਲਮੀ ਸੰਘਰਸ਼ ਬਣ ਗਿਆ ਹੈ।

ਹੌਂਸਲੇ ਬੁਲੰਦ ਰੱਖਿਓ !

**"ਜੈ ਜਵਾਨ ਜੈ ਕਿਸਾਨ ਜਿੱਤ ਲੋਕਾਂ ਦੀ"**

'ਇੰਡੀਆ' ਦੀ ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀ ਜ਼ਮੀਨ ਨੂੰ ਹਥਿਆਉਣ ਲਈ ਬਣਾਏ ਪੰਜ ਕਾਲੇ ਕਨੂੰਨਾਂ ਵਿਰੁੱਧ ਕਿਸਾਨ ਮਜ਼ਦੂਰਾਂ ਦੇ ਸ਼ਾਂਤਮਈ ਅੰਦੋਲਨਕਾਰੀਆਂ ਵਿਰੁੱਧ ਇਲਜ਼ਾਮ ਲਾ ਰਿਹਾ ਸਰਕਾਰੀ ਤੰਤਰ ਝੂਠੀਆਂ ਕਹਾਣੀਆਂ ਬਣਾ ਰਿਹਾ ਹੈ ਕਿ ਇਹ ਅੰਦੋਲਨ ਸਿਰਫ਼ ਪੰਜਾਬ ਤੇ ਹਰਿਆਣੇ ਸੂਬੇ ਦੇ ਕਿਸਾਨ ਕਰ ਰਹੇ ਹਨ, ਕਮਿਊਨਿਸਟ ਹਨ, ਅਰਵਿੰਨ ਨਕਸਲਵਾਦੀ ਹਨ, ਖ਼ਾਲਿਸਤਾਨੀ ਹਨ, ਪਿੱਠ ਪਿੱਛੇ ਪੁਲੀਟੀਕਲ ਪਾਰਟੀਆਂ ਹਨ ਅਤੇ ਕਦੀ ਕਹਿੰਦੇ ਹਨ ਇਨ੍ਹਾਂ ਨੂੰ ਕਾਨੂੰਨਾਂ ਦੇ ਫ਼ਾਇਦੇ ਸਮਝ ਨਹੀਂ ਆਉਂਦੇ।ਅਸੀਂ ਸਭ ਨੂੰ ਬੇਨਤੀ ਕਰਦੇ ਹਾਂ ਕਿ ਆਪਣੀ ਸਮਰੱਥਾ ਮੁਤਾਬਕ ਸਰਕਾਰ ਦੇ ਗ਼ੈਰ ਜਿੰਮੇਵਾਰ ਬਿਆਨਾਂ ਦਾ ਡੱਟਕੇ ਵਿਰੋਧ ਕਰੋ ਆਪਣੇ ਦੋਸਤਾਂ ਮਿੱਤਰਾਂ ਨੂੰ ਕਾਲੇ ਕਾਨੂੰਨਾਂ ਵਿਰੁੱਧ ਇਸ ਦੇਸ਼ ਵਿਆਪੀ ਕਿਸਾਨ ਮਜ਼ਦੂਰ ਅੰਦੋਲਨ 'ਚ ਸ਼ਰਿਕਤ ਕਰਨ ਲਈ ਕਹੋ ਤਾਂ ਕਿ ਬੇਰਹਿਮ ਸਰਕਾਰ ਦੀਆਂ ਅੱਖਾਂ ਦੇਖਣ ਅਤੇ ਕੰਨ ਸੁਣਨਾਂ ਸ਼ੁਰੂ ਕਰਨ।

11 ਜਨਵਰੀ 1915 ਨੂੰ ਗ਼ਦਰ ਲਹਿਰ ਦੇ ਮੈਂਬਰ ਸ. ਮੇਵਾ ਸਿੰਘ ਲੋਪੋਕੇ ਪੁੱਤਰ ਸ.ਨੰਦ ਸਿੰਘ ਔਲਖ ਪਿੰਡ ਲੋਪੋਕੇ ਜ਼ਿਲਾ ਅੰਮ੍ਰਿਤਸਰ, ਕੈਨੇਡਾ ਦੀ ਧਰਤੀ ਉੱਤੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਆਪ ਉੱਪਰ ਅੰਗਰੇਜ਼ ਅਫ਼ਸਰ ਹਾ-ਪਕਿੰਨਸਨ ਨੂੰ ਅਦਾਲਤ ਵਿੱਚ ਮਾਰਨ ਦਾ ਦੋਸ਼ ਸੀ।

ਲੋਕਾਈ ਦੀ ਖ਼ੁਸ਼ਹਾਲੀ ਵਾਸਤੇ , ਲੁੱਟ ਖਸੁੱਟ ਦੇ ਵਿਰੋਧ 'ਚ ਹੱਕੀ ਸੰਘਰਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਪੇਸ਼ ਕਰਦੇ ਹਾਂ ।

**ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ**
**ਜਿੱਤ ਲੋਕਾਂ ਦੀ**

**ਨਵੇਂ ਸਾਲ 2021 ਦੀ ਵਧਾਈ ਹੋਵੇ !**

ਸਾਲ 2020 'ਚ ਵਿੱਢੇ ਲੋਕਾਈ ਸੰਘਰਸ਼ਾਂ ਨੂੰ ਜਿੱਤਾਂ ਵੱਲ ਲਿਜਾਣ ਦੇ ਹੌਂਸਲੇ ਬੁਲੰਦ ਰਹਿਣ ਦੀ ਕਾਮਨਾ ਕਰਦੇ ਹਾਂ।

ਵਲੋਂ:-ਇੰਡੋ-ਅਮੈਰੀਕਨ ਹੈਰੀਟੇਜ ਫ਼ਾਉਂਡੇਸ਼ਨ ਨਿਊਯਾਰਕ।

ਚਾਹੁੰਦਾ ਤਾਂ ਹਾਂ ਕਿ ਤੁਹਾਨੂੰ ਪਹਿਲੇ ਵਾਂਗ ਹਰ ਰੋਜ਼ ਸ਼ੁਭ ਸਵੇਰ ਦੀ ਦੁਆ ਭੇਜਾਂ , ਪਰ ਇੰਡੀਆ 'ਚ ਕਿਸਾਨੀ ਸੰਘਰਸ਼ ਦੀ ਭੇਂਟ ਚੜ੍ਹ ਰਹੇ ਸੰਗਰਾਮੀਆਂ ਕਰਕੇ ਮੇਰਾ ਮੰਨ ਦੁੱਖ ਨਾਲ ਭਰਿਆ ਰਹਿੰਦਾ ਹੈ ।ਮੈਨੂੰ ਮੁਆਫ਼ ਕਰ ਦੇਣਾ ! ਹਾਂ , ਕਦੇ ਕਦੇ ਕਿਸਾਨਾਂ ਦੇ ਹੱਕੀ ਸੰਘਰਸ਼ ਲਈ ਬੇਨਤੀ ਜ਼ਰੂਰ ਕਰਦਾ ਹਾਂ ਕਿ ਆਪਣੀ ਯਥਾ ਸ਼ਕਤੀ ਨਾਲ ਹਿੱਸਾ ਜ਼ਰੂਰ ਪਾਵੋ ।ਤੁਹਾਡੀ ਤੰਦਰੁਸਤੀ ਦੀ ਕਾਮਨਾ ਕਰਦਾ ਹੈ ।

ਜੈ ਕਿਸਾਨ ਜੈ ਜਵਾਨ ।

ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ ਜਿੱਤ ਲੋਕਾਂ ਦੀ

ਸਤਿ ਸ੍ਰੀ ਅਕਾਲ

ਇੰਡੀਆ 'ਚ ਚਲ ਰਹੇ ਕਿਸਾਨ ਮਜ਼ਦੂਰ ਅੰਦੋਲਨ ਦੀ ਹਮਾਇਤ ਕਰੋ!

Manmohan Singh Pooni
New York USA

28 ਫਰਵਰੀ 1907 ਨੂੰ ਪੰਜਾਬ ਵਿਧਾਨ ਸਭਾ ਵਿੱਚ ਅੰਗਰੇਜ਼ ਹਕੂਮਤ ਨੇ ਸਰ ਡੈਨਜ਼ਿਲ ਦੇ ਯਤਨਾਂ ਨਾਲ ' ਕਲੋਨਾਈਜ਼ੇਸ਼ਨ ਆਫ਼ ਲੈਂਡ ਬਿੱਲ ਪਾਸ ਕੀਤਾ ਸੀ ।ਇਹ ਬਿੱਲ ਦਾ ਅਸਰ ਨਵੀਂ ਅਬਾਦ ਕੀਤੀ ਜ਼ਮੀਨ ਉੱਤੇ ਬਣਾਈ ਚਨਾਬ ਨਹਿਰ ਕਰਕੇ ਦਿਖਾਈ ਦਿੱਤਾ ਅਤੇ ਇਸ ਬਿੱਲ ਦੁਆਰਾ ਸਰਕਾਰ ਨੇ ਇਹ ਦੱਸਣ ਦਾ ਵੀ ਯਤਨ ਕੀਤਾ ਕਿ ਜ਼ਮੀਨ ਸਰਕਾਰ ਦੀ ਮਲਕੀਅਤ ਹੈ ਅਤੇ ਕਿਸਾਨ ਸਿਰਫ਼ ਕਾਸ਼ਤਕਾਰ ਹੈ।

ਇਸ ਵਿਰੁੱਧ ਲੋਕਾਂ ਦਾ ਰੋਹ ਜਾਗਿਆ ਜਿਸ ਦੀ ਅਗਵਾਈ ਸ. ਅਜੀਤ ਸਿੰਘ , ਲਾਲਾ ਲਾਜਪੱਤ ਰਾਏ ਅਤੇ ਸੂਫ਼ੀ ਅੰਬਾ ਪ੍ਰਸ਼ਾਦ ਨੇ ਕੀਤੀ। ਸਾਥੀ ਬਾਂਕੇ ਦਿਆਲ ਦੇ ਲਿਖੇ ਗੀਤ 'ਪਗੜੀ ਸੰਭਾਲ ਜੱਟਾ 'ਕਰਕੇ ਲਹਿਰ ਦਾ ਨਾਂ 'ਪਗੜੀ ਸੰਭਾਲ ਜੱਟਾ' ਲਹਿਰ ਪਿਆ ਸੀ। ਇਸ ਲਹਿਰ ਵਿੱਚੋਂ " ਅੰਜੁਮਨ-ਮਹਿਬਾਨ-ਏ- ਵਤਨ " ਵਰਗੀਆਂ ਨਵੀਆਂ ਜਥੇਬੰਦੀਆਂ ਹੋਂਦ ਵਿੱਚ ਆਈਆਂ।

ਅੰਦੋਲਨ ਨੂੰ ਅੰਗਰੇਜ਼ ਸਰਕਾਰ ਨੇ ਦਬਾਇਆ, ਪਰ ਪੰਜਾਬ ਦੇ ਫ਼ੌਜੀਆਂ ਦਾ ਰੋਹ ਦੇਖਦੇ ਹੋਏ ' ਕਲੋਨਾਈਜ਼ੇਸ਼ਨ ਬਿੱਲ ' ਦੀ ਸਾਰੇ ਪੰਜਾਬ ਵਿੱਚ ਨਿਖੇਧੀ ਕੀਤੀ ਗਈ ।ਫੌਜ ਮੁਖੀ ਲਾਰਡ ਕਿਚਨਰ ਨੇ ਲੋਕ ਰੋਹ ਨੂੰ ਭਾਂਪਿਆ ਸਦਕਾ ਲਾਰਡ ਮਿੰਟੋ ਨੇ ਪੰਜਾਬ ਦੇ ਕਿਸਾਨਾਂ ਦੀ ਹਮਾਇਤ 'ਚ 'ਵੀਟੋ' ਹੀ ਨਹੀਂ ਕੀਤੀ ਸਗੋਂ ਮਾਲੀਆ ਤੇ ਆਬਿਆਨੇ ਦੀ ਦਰ ਵੀ ਅੱਧੀ ਕਰ ਦਿੱਤੀ। ਇਹ ਜਿੱਤ ਲੋਕਾਂ ਦੇ ' ਏਕੇ ' ਦੀ ਸੀ, ਭਾਵੇਂ ਇਸ ਸੰਘਰਸ਼ ਕਰਕੇ ਸ. ਅਜੀਤ ਸਿੰਘ, ਲਾਲਾ ਲਾਜਪੱਤ ਰਾਏ ਅਤੇ ਸੂਫ਼ੀ ਅੰਬਾ ਪ੍ਰਸ਼ਾਦ ਨੂੰ ਜਲਾਵਤਨੀ ਹੋਈ ਸੀ।

ਕਿਸਾਨ ਮਜ਼ਦੂਰ ਦੀ ਏਕਤਾ ਨਾਲ ਕਿਸਾਨੀ ਵਿਰੁੱਧ ਬਣਾਏ ਕਾਲੇ ਕਾਨੂੰਨ ਖ਼ਤਮ ਕਰਾਉਣ ਦੇ ਸੰਘਰਸ਼ ਦੀ ਵੀ ਜਿੱਤ ਹੋਵੇਗੀ।

**ਜੈ ਕਿਸਾਨ ਜੈ ਜਵਾਨ ਜਿੱਤ ਲੋਕਾਂ ਦੀ**

ਮਨੁੱਖਤਾ ਨੂੰ ਬਚਾਉਣ ਲਈ ਅੱਣਖ਼ ਦਾ ਸਬੂਤ ਹੈ ਸਰਬੰਸਦਾਨੀ ਸਾਹਿਬ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀ ਸ਼ਹਾਦਤ।

ਗੁਰੂਆਂ ਵਲੋਂ ਹੱਕ ਸੱਚ ਦੀ ਰਾਖੀ ਲਈ ਦਿੱਤੀ ਸ਼ਹਾਦਤਾਂ ਦੀ ਗੁੜ੍ਹਤੀ ਅੱਜ ਵੀ ਕਾਇਮ ਹੈ।

ਸ਼ਹੀਦ ਉੱਧਮ ਸਿੰਘ ਦਾ ਜਨਮ ਦਿਨ ਹੈ।

ਸ਼ਹੀਦਾਂ ਨੂੰ ਯਾਦ ਕਰੋ।

**ਕਿਸਾਨੀ ਦੇ ਚੱਲ ਰਹੇ ਹੱਕੀ ਸੰਘਰਸ਼ ਦਾ ਸਾਥ ਦੇਵੋ।**
**ਜੈ ਜਵਾਨ ਜੈ ਕਿਸਾਨ ਜਿੱਤ ਲੋਕਾਂ ਦੀ**

## ਕਿਵੇਂ ਸੁਣਾਵਾਂ ਦਿਲ ਦਾ ਹਾਲ

**ਅਮਰਦੀਪ ਕੌਰ ਲੱਕੀ**

ਕਿਵੇਂ ਸੁਣਾਵਾਂ ਦਿਲ ਦਾ ਹਾਲ
ਬੜਾ ਚਿੱਤ ਕਰਦਾ ਤੈਨੂੰ ਫੋਨ ਲਗਾਵਾਂ
ਜ਼ਿੰਦਗੀ ਦੇ ਹਾਲ ਚਾਲ ਸੁਣਾਵਾਂ
ਕਦ ਮੈਂ ਜਾਗੀ ਤੇ ਕਦ ਜਾ ਕੇ ਸੁੱਤੀ
ਕੀ ਖਾਧਾ ਪੀਤਾ ਕੀ ਬਣਾਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ
ਤੂੰ ਬੜੀ ਦੂਰ ਜਾ ਡੇਰਾ ਲਾਇਆ

ਸਵੇਰੇ ਤੋਂ ਸ਼ਾਮ ਤਕ ਰੁੱਝੀ ਰਹਿੰਦੀ
ਇੱਕ ਪਲ ਵੀ ਟਿਕ ਕੇ ਨਾ ਬਹਿੰਦੀ
ਵੇਖ ਅੱਜ ਆ ਕੇ ਸਭ ਸਿੱਖ ਲਿਆ

ਜਿਸ ਨੂੰ ਤੂੰ ਪਲਕਾਂ ਤੇ ਬਿਠਾਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ
ਤੂੰ ਬੜੀ ਦੂਰ ਜਾ ਡੇਰਾ ਲਾਇਆ

ਕੁਝ ਗੁੱਸੇ ਵਿੱਚ ਕਹਿ ਲੈਂਦੀ ਹਾਂ
ਕੁਝ ਚੁੱਪ ਚਾਪ ਹੀ ਸਹਿ ਲੈਂਦੀ ਹਾਂ
ਹੁੰਦੀ ਜੇ ਨੇੜੇ ਤਾਂ ਦੱਸਦੀ ਤੈਨੂੰ
ਕਿੰਨੇ ਅੱਜ ਕੀ ਕੀ ਸੁਣਾਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ
ਤੂੰ ਬੜੀ ਦੂਰ ਜਾ ਡੇਰਾ ਲਾਇਆ

ਬੜੇ ਚੰਗੇ ਕੋਈ ਪੁੰਨ ਸੀ ਕੀਤੇ
ਦਿਨ ਜੋ ਤੇਰੀ ਗੋਦ ਵਿੱਚ ਬੀਤੇ
ਫੁੱਲਾਂ ਵਾਂਗੂੰ ਤੂੰ ਪਾਲਿਆ ਮੈਨੂੰ
ਸੁੱਖ ਬਹੁਤ ਤੇਰੇ ਘਰ ਪਾਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ
ਤੂੰ ਬੜੀ ਦੂਰ ਜਾ ਡੇਰਾ ਲਾਇਆ
ਤੈਨੂੰ ਹਰ ਗੱਲ ਦੱਸਣਾ ਚਾਹਵਾਂ
ਜਦ ਵੀ ਕੋਈ ਖੁਸ਼ੀ ਮਨਾਵਾਂ
ਕਿਸ ਕਾਰਨ ਮੈਂ ਹੱਸੀ ਜਿਆਦਾ
ਕਿਸ ਕਾਰਨ ਅੱਜ ਨੀਰ ਵਹਾਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ

ਤੂੰ ਬੜੀ ਦੂਰ ਜਾ ਡੇਰਾ ਲਾਇਆ

ਵੀਰ ਮੇਰਾ ਬਹੁਤ ਮਾਣ ਹੈ ਦਿੰਦਾ
ਬਾਬਲ ਤਾਂ ਮੇਰੇ ਸਾਹੀਂ ਜਿਉਂਦਾ
ਆਪਣੇ ਘਰ ਵੀ ਬਹੁਤ ਸੁਖੀ ਹਾਂ
ਫਿਰ ਵੀ ਲੱਭਦੀ ਹਾਂ ਤੇਰਾ ਸਾਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ
ਤੂੰ ਬੜੀ ਦੂਰ ਜਾ ਡੇਰਾ ਲਾਇਆ

ਕੋਈ ਵੀ ਦਿਨ ਐਸਾ ਨਾ ਜਾਵੇ
ਜਿਸ ਦਿਨ ਤੇਰੀ ਯਾਦ ਨਾ ਆਵੇ

ਸਭ ਕੁਝ ਹੈ ਫਿਰ ਵੀ ਅਧੂਰਾ
ਜ਼ਿੰਦਗੀ ਮੇਰੀ ਦਾ ਸਰਮਾਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ
ਤੂੰ ਬੜੀ ਦੂਰ ਜਾ ਡੇਰਾ ਲਾਇਆ

ਜਾਂਦੀ ਵਾਰੀ ਕੁਝ ਕਹਿ ਤਾਂ ਜਾਂਦੀ
ਦਿਲ ਦੀ ਗੱਲ ਲੱਕੀ ਨੂੰ ਸੁਣਾਂਦੀ
ਜਿਹੜੇ ਦੇਸ ਹੁਣ ਜਾ ਵੱਸੀ ਹੈਂ
ਉੱਥੋਂ ਤਾਂ ਕੋਈ ਮੁੜ ਕੇ ਨਾ ਆਇਆ
ਕਿਵੇਂ ਸੁਣਾਵਾਂ ਦਿਲ ਦਾ ਹਾਲ
ਤੂੰ ਬੜੀ ਦੂਰ ਜਾ ਡੇਰਾ ਲਾਇਆ

# ਵਿਸ਼ਵ ਦੇ ਕਈ ਮੁਲਕਾਂ ਨੇ ਰਸਸ ਨੂੰ ਅਤਿਵਾਦੀ ਸੰਗਠਨ ਐਲਾਨ ਕੇ, ਉਸ ਤੇ ਪਾਬੰਦੀ ਲਗਾਏ ਜਾਣ ਦੇ ਚਰਚੇ!



ਜੱਗਾ ਸਿੰਘ
91-94170-95965

ਸੰਸਾਰ ਦੇ ਸਭ ਤੋਂ ਵੱਧ ਵਿਕਸਤ ਦੇਸ਼ ਅਮਰੀਕਾ, ਸੀ.ਆਈ. ਏ. ਸਮੇਤ ਕਈ ਹੋਰ ਮੁਲਕਾਂ ਨੇ ਰ ਸ ਸ ਨੂੰ ਅਤਿਵਾਦੀ ਸੰਗਠਨ ਐਲਾਨ ਕੇ ਆਪਣੇ ਮੁਲਕਾਂ ਵਿੱਚ ਇਸ ਸੰਸਥਾ ਤੇ ਪਾਬੰਦੀ ਲਗਾਏ ਜਾਣ ਦੀ ਜਿਥੇ ਸਿਖਰਾਂ ਦੀ ਚਰਚਾ ਹੋ ਰਹੀ ਹੈ। ਉਥੇ ਇਸ ਸਬੰਧੀ ਟੀ ਵੀ ਚੈਨਲ ਤੇ ਇਕ ਖਬਰ ਵੀ ਵਾਇਰਲ ਹੋ ਰਹੀ ਹੈ।ਜਿਸ ਨੇ ਵੱਡਾ ਸੁਆਲ ਖੜ੍ਹਾ ਕਰ ਦਿੱਤਾ ਹੈ ਕਿ ਭਾਰਤ ਵਿੱਚ ਜਿਹੜੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਰਾਜ ਭਾਗ ਚਲਾ ਰਹੀ ਹੈ ਉਸ ਦੀ ਵਾਂਗਡੋਰ ਵੀ ਰ.ਸ.ਸ. ਦੇ ਹੱਥ ਹੈ। ਇਸ ਖਬਰ ਨੇਜੱਗ ਵਿੱਚ ਜਾਹਰ ਕਰ ਦਿੱਤਾ ਹੈ ਕਿ ਭਾਰਤ ਵਿੱਚ ਜਿਹੜੀ ਸਰਕਾਰ ਇਸ ਸਮੇਂ ਰਾਜ ਭਾਗ ਚਲਾ ਰਹੀ ਹੈ। ਕੀ ਉਹ ਫਿਰ ਫਾਸ਼ੀਵਾਦੀਸਰਕਾਰ ਹੈ? ਦੇਸ਼ ਦੇ ਲੋਕ ਭਲੀਭਾਂਤ ਇਸ ਸਰਕਾਰ ਦੇ ਪਿਛਲੇ 6-7 ਸਾਲ ਦੇ ਰਾਜ ਭਾਗ ਤੋਂ ਅੰਦਾਜਾ ਲਗਾ ਚੁੱਕੇ ਹੋਣਗੇ ਕਿ ਇਸ ਸਰਕਾਰ ਦਾ ਖਾਸਾ ਕਿਹੋ ਜਿਹਾ ਹੈ? ਸਾਡੇ ਦੇਸ਼ ਵਿੱਚ ਵੀ ਅਜਾਦੀ ਤੋਂ ਤੁਰੰਤ ਬਾਅਦ ਜਦੋਂ ਦੇਸ਼ ਦੇ ਗ੍ਰਹਿ ਮੰਤਰੀ ਸਰਦਾਰ ਵਲੱਭ ਭਾਈ ਪਟੇਲ ਹੁੰਦੇ ਸਨ, ਉਨਾਂ ਨੇ ਵੀ ਰ. ਸ. ਸ. ਤੇ ਪਾਬੰਦੀ ਲਗਾਈ ਸੀ। ਦੇਸ਼ ਦੇ ਉਹਨਾਂ ਲੋਕਾਂ ਜਿਨਾਂ ਨੇ ਅਜਾਦੀ ਦਾ ਘੋਲ ਵੱਡੀਆਂ ਕੁਰਬਾਨੀਆਂ ਦੇ ਕੇ ਜਿੱਤਿਆ ਹੈ। ਉਹ ਲੋਕ ਬੜੀ ਚੰਗੀ ਤਰਾਂ ਜਾਣਦੇ ਹਨ ਕਿ ਰ.ਸ.ਸ. ਦਾ ਰੋਲ ਵੀ ਉਸ ਸਮੇਂ ਅੰਗਰੇਜਾਂ ਦੇ ਪਿੱਠੂਆਂ ਵਾਲਾ ਸੀ।ਇਸ ਪਾਰਟੀ ਦਾ ਇਕ ਵੀ ਅਜਿਹਾ ਵਰਕਰ ਜਾਂ ਆਗੂ ਅਜਾਦੀ ਦੇ ਇਤਿਹਾਸ ਦੇ ਵਰਕੇ ਫਰੋਲਦਿਆਂ ਦੇਸ਼ ਭਗਤ ਨਹੀਂ ਲੱਭੇਗਾ, ਜਿਸ ਨੇ ਅਜਾਦੀ ਲਹਿਰ ਵਿੱਚ ਕੋਈ ਮਾੜਾ ਮੋਟਾ ਵੀ ਯੋਗਦਾਨ ਪਾਇਆ ਹੋਵੇ। ਹਾਂ ਇਸ ਪਾਰਟੀ ਦੇ ਇੱਟ ਪੁੱਟਿਆਂ ਤਾਂ ਕਈ ਅਜਿਹੇ ਮੈਂਬਰ ਭਾਵੇਂ ਮਿਲ ਜਾਣ ਜਿਨਾਂ ਨੇ ਅੰਗਰੇਜਾਂ ਦੀ ਭਗਤੀ ਕਰਦੇ ਹੋਏ ਬਹੁਤ ਸਾਰੇ ਗਦਰੀ ਦੇਸ਼ ਭਗਤਾਂ ਨੂੰ ਫਰੰਗੀਆਂ ਕੋਲ ਫੜਾਇਆ ਹੋਵੇ।ਇਹ ਵੀ ਦਸਿਆ ਜਾਂਦਾ ਹੈ ਕਿ ਇਸੇ ਪਾਰਟੀ ਦੇ ਦੇਸ਼ ਵਿੱਚ ਰਹਿ ਚੁੱਕੇ ਪ੍ਰਧਾਨ ਮੰਤਰੀ ਸ੍ਰੀ ਅੱਟਲ ਬਿਹਾਰੀ ਵਾਜਪਾਈ ਨੇ ਵੀ ਅੰਗਰੇਜਾਂ ਨੂੰ ਸੂਹ ਦੇ ਕੇ ਕਈ ਦੇਸ਼ ਭਗਤਾਂ ਨੂੰ ਫੜਾ ਕੇ ਜੇਲੀਂ ਡਕਾਇਆ ਸੀ।ਇਸ ਪਾਰਟੀ ਨੇ ਐਨ. ਡੀ.ਏ. ਬਣਾ ਕੇ 2014 ਵਿੱਚ ਦੇਸ਼ ਦੀ ਰਾਜ ਗੱਦੀ ਨੂੰ ਸਾਂਭਿਆ ਸੀ। ਇਸ ਰਾਜ ਭਾਗ ਨੂੰ ਸਾਂਭਣ ਤੋਂ ਪਹਿਲਾਂ ਜਿਹੜੇ ਜਿਹੜੇ ਵਾਅਦੇ ਇਸ ਪਾਰਟੀ ਨੇ ਲੋਕਾਂ ਨਾਲ ਕੀਤੇ ਸਨ। ਉਨਾਂ ਵਿੱਚੋਂ ਇਕ ਵੀ ਮੰਗ ਹੁਣ ਤਕ ਨਾ ਮੰਨ ਕੇ ਲੋਕਾਂ ਦੇ ਨਾਲ ਸਿਖਰਾਂ ਦੀਬੇਇਨਸਾਫੀ ਕੀਤੀ ਹੈ। ਇਸ ਪਾਰਟੀ ਨੇ ਚੋਣਾਂ ਜਿੱਤਣ ਤੋਂ ਪਹਿਲਾਂ ਲੋਕਾਂ ਦੀਆਂ ਸਮੱਸਿਆਵਾਂ ਦੀ ਨਬਜ ਤੇ ਹੱਥ ਰੱਖ ਕੇ ਉਨਾਂ ਨਾਲ ਇਹ ਵਾਅਦੇ ਕੀਤੇ ਸਨ ਕਿ ਦੇਸ਼ ਵਿੱਚ ਐਨ.ਡੀ.ਏ. ਦੀ ਸਰਕਾਰ ਬਣਨ ਤੇ ਉਹ ਦੇਸ਼ ਵਿੱਚੋਂ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜਗਾਰੀ ਖਤਮ ਕਰੇਗੀ, ਕਿਸਾਨਾਂ ਦਾ ਕਰਜਾ ਮੁਆਫ ਕੀਤਾ ਜਾਵੇਗਾ, ਕਿਸਾਨਾਂ ਦੀ ਆਮਦਨ ਦੁਗੱਣੀ ਕੀਤੀ ਜਾਵੇਗੀ, ਹਰ ਸਾਲ ਦੋ ਕਰੋੜ੍ਹ ਨੌਜੁਆਨਾਂ ਨੂੰ ਰੁਜਗਾਰ ਦਿੱਤਾ ਜਾਵੇਗਾ, ਦੇਸ਼ ਦਾ ਵਿਦੇਸ਼ਾਂ ਵਿੱਚ ਪਿਆ ਕਾਲਾ ਧੰਨ ਮੰਗਵਾ ਕੇ ਹਰ ਪ੍ਰੀਵਾਰ ਦੇ ਬੈਂਕ ਖਾਤੇ ਵਿੱਚ 15-15 ਲੱਖ ਰੁਪਏ ਪਾਏ ਜਾਣਗੇ। ਅੱਜ ਲਗ ਭਗ ਸੱਤ ਸਾਲ ਇਸ ਸਰਕਾਰ ਵਲੋਂ ਰਾਜ ਭਾਗ ਸੰਭਾਲੇ ਨੂੰ ਹੋਣ ਵਾਲੇ ਹਨ।ਲੋਕ ਆਪ ਹੀ ਜੱਜ ਬਣ ਕੇ ਦਸ ਸਕਣਗੇ ਕਿ ਇਨਾਂ ਵਿਚੋਂ ਕੋਈ ਇਕ ਵੀ ਲੋਕਾਂ ਦੀ ਮੰਗ ਸਰਕਾਰ ਨੇ ਪ੍ਰਵਾਨ ਕੀਤੀ ਹੈ? ਜੋ ਇਹ ਸਾਬਤ ਕਰ ਰਿਹਾ ਹੈ ਕਿ ਭਾਜਪਾ ਸਰਕਾਰ ਦੇ ਚੋਣਾਂ ਦੌਰਾਨ ਲੋਕਾਂ ਨਾਲ ਜਿਹੜੇ ਵਾਅਦੇ ਕੀਤੇ ਸਨ। ਉਹ ਸਿਰਫ ਗੱਦੀ ਨੂੰ ਪ੍ਰਾਪਤ ਕਰਨ ਲਈ ਮਗਰਮੱਛ ਦੇ ਸੁੱਟੇ ਗਏ ਅੱਥਰੂ ਹੀ ਸਨ! ਇਸ ਸਰਕਾਰ ਨੇ ਗੱਦੀ ਤੇ ਬੈਠਦਿਆਂ ਹੀ ਇਹ ਵੀ ਕਿਹਾ ਸੀ ਕਿ ਕਈ ਸਦੀਆਂ ਬਾਅਦ ਦੇਸ਼ ਵਿੱਚ ਨਿਰੋਲ ਹਿੰਦੂਆਂ ਦਾ ਰਾਜ ਆਇਆ ਹੈ। ਹੁਣ ਸੁਆਲ ਉੱਠਦਾ ਹੈ ਕਿ ਜਿਸ ਧਰਮ ਦੇ ਲੋਕਾਂ ਦੀ ਸਰਕਾਰ ਬਣਾਈ ਗਈ, ਕੀ ਉਨਾਂ ਨੂੰ ਵੀ ਕੀਤੇ ਵਾਅਦੇ ਅਨੁਸਾਰ ਇਸ ਸਰਕਾਰ ਨੇ ਕੋਈ ਲਾਭ ਦਿੱਤਾ?ਜਿਸ ਦਾ ਸਾਫ ਤੇ ਸਪਸ਼ਟ ਜੁਆਬ ਨਾਂਹ ਵਿੱਚ ਹੀ ਹੋਵੇਗਾ। ਕਿਉਂਕਿ ਦੇਸ਼ ਦੇ ਕਰੋੜ੍ਹਾਂ ਲੋਕਾਂ ਨੇ ਕਰੋਨਾ ਕਾਲ ਵਿੱਚ ਬਿਹਾਰ ਸਮੇਤ ਕਈ ਵੱਖ ਵੱਖ ਪ੍ਰਾਂਤਾਂ ਦੇ ਮਜਦੂਰ ਜਿਹੜੇ ਲੋਕ ਰੋਜੀ ਰੋਟੀ ਕਮਾਉਣ ਲਈ ਆਏ ਹੋਏ ਸਨ। ਇਨਾਂ ਹਿੰਦੂ ਧਰਮ ਨਾਲ ਸਬੰਧਤ ਲੋਕਾਂ ਨੂੰ ਜਦੋਂ ਕੇਂਦਰ ਦੀ ਸਰਕਾਰ ਨੇਰੋਟੀ ਰੋਜੀ ਦੀਆਂ ਸਹੂਲਤਾਂ ਵੀ ਨਾ ਦੇਸਕੀਤਾਂ ਉਨਾਂ ਨੂੰ ਮਜਬੂਰ ਹੋ ਕੇ ਆਪਣੇ ਪਿੱਤਰੀ ਪ੍ਰਾਂਤਾਂ ਵਿੱਚ ਸਿਖਰਾਂ ਦੀ ਗਰਮੀ ਵਿੱਚ ਭੁੱਖੇ, ਪਿਆਸੇ, ਨੰਗੇ ਪੈਰੀਂ ਪੈਦਲ ਹੀ ਹਜਾਰਾਂ ਮੀਲ ਦਾ ਫਾਸਲਾ ਤਹਿ ਕਰਕੇ ਆਪਣੇ ਵਤਨ ਨੂੰ ਜਾਣਾ ਪਿਆ। ਜਿਸ ਨੂੰ ਸੰਸਾਰ ਦੇ ਲੋਕਾਂ ਨੇ ਵੱਖ ਵੱਖ ਚੈਨਲਾਂ ਤੇ ਮੰਦੀਆਂ ਹਾਲਤਾਂ ਵਿੱਚ ਜਾਂਦਿਆਂ ਵੇਖਿਆ ਵੀ ਸੀ। ਜਿਹਨਾਂ ਵਿੱਚ ਕਈਆਂ ਨੂੰ ਰਸਤੇ ਵਿੱਚ ਹੋਈਆਂ ਦੁਰਘਟਨਾਵਾਂ, ਬਿਮਾਰੀਆਂ ਤੇ ਭਾਰੀ ਥਕੇਵੇਂ ਕਾਰਨ ਆਪਣੀ ਮੰਜਲ ਤੇ ਪਹੁੰਚਣ ਤੋਂ ਪਹਿਲਾਂ ਹੀ ਰੱਬ ਨੂੰ ਪਿਆਰੇ ਹੋਣਾ ਪਿਆ, ਜਿਨਾਂ ਵਿੱਚ ਕੁਝ ਗਰਭਵਤੀ ਔਰਤਾਂ ਤੇ ਮਾਸੂਮ ਬੱਚੇ ਵੀ ਸ਼ਾਮਲ ਸਨ। ਉਸ ਸਮੇਂ ਲੋਕਾਂ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਹ ਸਰਕਾਰ ਸਿਰਫ ਵੋਟਾਂ ਲੈਣ ਲਈ ਹਿੰਦੂ ਧਰਮ ਦੀ ਸਰਕਾਰ ਹੋਣ ਦਾ ਰੌਲਾ ਹੀ ਪਾਉਂਦੀ ਹੈ ਪਰ ਅਸਲ ਵਿੱਚ ਇਹ ਸਰਕਾਰ ਅੰਬਾਨੀਆਂ, ਅਡਾਨੀਆਂ ਅਮੀਰ ਅਜਾਰੇਦਾਰਾਂ ਦੀ ਸਰਕਾਰ ਹੈ। ਇਸ ਕਰਕੇ ਇਸ ਸਰਕਾਰ ਨੇ ਅਜਾਰੇਦਾਰ ਵਰਗ ਦੇ ਲੋਕਾਂ ਨੂੰ ਵੱਡੀਆਂ ਵੱਡੀਆਂ ਰਿਆਇਤਾਂ ਦੇਣ ਲਈ ਕਦੇ ਜੀ. ਐਸ. ਟੀ . ਕਦੇ ਨੋਟਬੰਦੀ ਵਰਗੇ ਕਾਨੂੰਨ ਲਾਗੂ ਕੀਤੇ । ਹੁਣ ਪਿਛਲੇ ਕੁਝ ਸਮੇਂ ਤੋਂ ਦੇਸ਼ ਦੀਆਂ ਸੰਪਤੀਆਂ ਰੇਲਾਂ, ਹਵਾਈਸੇਵਾਵਾਂ, ਹਵਾਈ ਅੱਡੇ, ਬੈਂਕ, ਡਾਕਖਾਨੇ, ਬੀਮਾ, ਬੀ .ਐਸ. ਐਨ. ਐਲ. ਬੰਦਰਗਾਹਾਂ, ਮਹਾਨ ਇਤਿਹਾਸਕ ਸਥਾਨ ਲਾਲ ਕਿੱਲ੍ਹੇ ਤਕ ਦੀਆਂ ਬਹੁਤ ਸਾਰੀਆਂ ਸਰਕਾਰੀ ਸੰਪਤੀਆਂ ਨੂੰ ਭੰਗ ਦੇ ਭਾੜ੍ਹੇ ਅਬਾਨੀਆਂ, ਅਡਾਨੀਆਂ ਆਦਿ ਦੇ ਹਵਾਲੇ ਕੀਤਾ ਜਾ ਰਿਹਾ ਹੈ। ਅੱਜ ਸੰਸਾਰ ਭਰ ਵਿੱਚ ਚਰਚਾ ਹੋ ਰਹੀ ਹੈ ਕਿ ਭਾਰਤੀ ਜੰਨਤਾ ਪਾਰਟੀ ਦੇ ਦੋ ਗੁਜਰਾਤੀ ਆਗੂ, ਦੋ ਹੀ ਗੁਜਰਾਤੀ ਵਿਉਪਾਰੀਆਂ ਕੋਲ ਦੇਸ਼ ਨੂੰ ਭੰਗ ਦੇ ਭਾੜੇ ਲੁੱਟਾ ਕੇ ਦੇਸ਼ ਨੂੰ ਉਨਾਂ ਦੇ ਗਿਰਵੀ ਰਖਿਆ ਜਾ ਰਿਹਾ ਹੈ। ਇਹ ਉਹ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈ ਜਿਹੜਾ ਕਹਿੰਦਾ ਹੁੰਦਾ ਸੀ ਕਿ ਮੈਂ ਉਦੇਸ਼ ਕੋ ਬਿਕਨੇ ਨਹੀਂ ਦੂੰਗਾ"। ਹੁਣ ਇਹ ਹੀਪ੍ਰਧਾਨ ਮੰਤਰੀ ਨੰਗੇ ਚਿੱਟੇ ਦਿਨ ਦੋਹੇ ਦੋਹੇ ਹੱਥੀਂ ਦੇਸ਼ ਨੂੰ ਲੁੱਟਾ ਰਿਹਾ ਹੈ। ਇਸੇ ਪਾਰਟੀ ਦੇ ਆਗੂ ਜਿਹੜੇ ਕਾਂਗਰਸ ਦੀ ਸਰਕਾਰਵੇਲੇ ਰੋਲਾ ਪਾਉਂਦੇ ਨਹੀਂ ਸਨ ਥੱਕਦੇ ਕਿ ਪੈਟਰੋਲ, ਰਸੋਈ ਗੈਸ ਆਦਿ ਜਰੂਰੀ ਵਸਤਾਂ ਦੀਆਂ ਕੀਮਤਾਂ ਵੱਧ ਰਹੀਆਂ ਹਨ। ਅੱਜ ਉਹੀ ਆਗੂ ਨਾ ਤਾਂ ਸਿਮਰਤੀ ਈਰਾਨੀ , ਨਾ ਹੀ ਲੱਚਰ ਹਾਸਾ ਹਸੱਣ ਵਾਲਾ ਤੇ ਇਕ ਅੱਖ ਮੀਚੂ ਬਾਬਾ ਰਾਮ ਦੇਵ ਲੋਕਾਂ ਦੇ ਨਜਰੀਂ ਪੈ ਰਿਹਾ ਹੈ ਅਤੇ ਨਾ ਹੀ ਅਮਿਤਾਬ ਬਚਨ ਤੇ ਅਕਸ਼ੇ ਕੁਮਾਰ ਵਰਗੇ ਕਲਾਕਾਰ। ਜਿਹੜੇ ਇਸ ਸਰਕਾਰ ਦੀ ਵਕਾਲਤ ਕਰਦੇ ਬੜਾ ਸ਼ੋਰ ਪਾਕੇ ਕਹਿੰਦੇ ਹੁੰਦੇ ਸਨ ਕਿ ਜੇ ਕਰ ਮਹਿੰਗਾਈ ਤੋਂ ਬਚਣਾ ਹੈ ਤਾਂ ਭਾਜਪਾ ਦੀ ਸਰਕਾਰ ਬਣਾਉ। ਇਹ ਹੀ ਵਿਉਪਾਰੀ ਬਿਰਤੀ ਦਾ ਬਾਬਾ ਰਾਮ ਦੇਵ ਹੈ ਜਿਸ ਨੇ ਇਸ ਸਰਕਾਰ ਦੀ ਛੱਤਰ- ਛਾਇਆ ਹੇਠ ਕਈ ਹਜਾਰ ਕਰੋੜ੍ਹ ਰੁਪਏ ਦਾ ਆਪਣਾ ਵਿਉਪਾਰ ਸਥਾਪਤ ਕਰ ਲਿਆ ਹੈ। ਅੱਜ ਦੇਸ਼ ਦੇ ਲੋਕ ਵੇਖ ਰਹੇ ਹਨ ਕਿ ਪੈਟਰੋਲ ਦਾ ਭਾਅ 100 ਰੁ ਦੇ ਅੰਕੜ੍ਹੇ ਨੂੰ ਪਾਰ ਕਰ ਗਿਆ ਹੈਤੇ ਖਾਣ ਪੀਣ ਵਾਲੀਆਂ ਸਾਰੀਆਂ ਚੀਜਾਂ ਵੀ ਅਸਮਾਨੀਂ ਚੜ੍ਹ ਗਈਆਂ ਹਨ।ਜਿਸ ਨੇ ਦੇਸ਼ ਦੇ ਲੋਕਾਂ ਦੇ ਜੀਵਨ ਨੂੰ ਬੱਲਦੀ ਦੇ ਬੁੱਥੇ ਵਿੱਚ ਧੱਕ ਦਿੱਤਾ ਹੈ। ਸਰਕਾਰ ਇਨੀ ਸ਼ਾਤਰ ਹੈ ਕਿ ਇਸ ਨੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਰੋਜੀ ਰੋਟੀ, ਮਹਿੰਗਾਈ ਬੇਰੁਜਗਾਰੀ ਆਦਿ ਤੋਂ ਹਟਾ ਕੇ ਕਦੇ ਮੰਦਰ ਮਸਜਿਦ ਦਾ, ਕਦੇ ਜੰਮੂ ਕਸਮੀਰ ਦੀ ਧਾਰਾ 370, 35 ਏ , ਕਦੇ ਹਿੰਦੂ ਮੁਸਲਿਮ, ਕਦੇ ਗਊ ਮੂਤਰ, ਗੋਬਰ ਆਦਿ ਮਸਲਿਆਂ ਜਿਨਾਂ ਨਾਲ ਲੋਕਾਂ ਦਾ ਨੇੜਲਾ ਸਬੰਧ ਵੀ ਨਹੀਂ,ਉਨਾਂ ਵਲ ਦੇਸ਼ ਦੇ ਲੋਕਾਂ ਦਾ ਧਿਆਨ ਲਗਾ ਕੇ, ਫਿਰਕੂ ਰੰਗਣ ਵਿੱਚ ਰੰਗ ਕੇ ਦੇਸ਼ ਦੀ ਏਕਤਾ, ਅਖੰਡਤਾ, ਭਾਈਚਾਰਕ ਸਾਂਝ ਨੂੰ ਤਾਰ ਤਾਰ ਕਰ ਦਿੱਤਾ ਹੈ ਤਾਂ ਕਿ ਦੇਸ਼ ਦੇ ਲੋਕ ਆਪਸ ਵਿੱਚ ਕਦੇ ਇੱਕਠੇ ਹੀ ਨਾ ਹੋਣ, ਹਮੇਸ਼ਾਂ ਲੜਦੇ ਹੀ ਰਹਿਣ ਤੇ ਸਰਕਾਰ ਵਿਉਪਾਰੀਆਂ, ਅਜਾਰੇਦਾਰਾਂ ਨੂੰ ਵੱਡੇ ਵੱਡੇ ਲਾਭ ਦੇਣ ਦੇ ਕੰਮ ਕਰਦੀ ਰਹੇ। ਇਨਾਂ ਗੁਜਰਾਤੀ ਅਜਾਰੇਦਾਰਾਂ ਨੂੰ ਖੁਸ਼ ਕਰਨ ਲਈ ਹੀ ਇਸ ਸਰਕਾਰ ਨੇ ਤਿੰਨ ਕਿਸਾਨ ਵਿਰੋਧੀ ਕਾਲੇ ਕਾਨੂੰਨ ਪਾਸ ਕੀਤੇ ਹਨ ਤਾਂ ਕਿ ਦੇਸ਼ ਦੇ ਕਿਸਾਨਾਂ ਦੀਆ ਜਮੀਨਾਂ ਨੂੰ ਖੋਹ ਕੇ ਇਨਾਂ ਅਜਾਰੇਦਾਰਾਂ ਦੇ ਹਵਾਲੇ ਕਰਕੇ ਕਿਸਾਨਾਂ ਨੂੰ ਮਾਲਕਾਂ ਤੋਂ ਮੁਜਾਰੇ ਬਣਾਇਆ ਜਾ ਸਕੇ। ਇਸ ਬੇਇਨਸਾਫੀ ਵਿਰੁੱਧ ਦੇਸ ਦੇ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਪਿਛਲੇ ਲਗ ਭਗ ਛੇ ਮਹੀਨਿਆਂ ਤੋਂ ਸਿਖਰਾਂ ਦੀ ਸਰਦੀ,ਗਰਮੀ ਵਿੱਚ ਜਾਨ ਹੂਲਵੀਂ ਲੜਾਈ ਦਿੱਲੀ ਦੇ ਬਾਰਡਰਾਂ ਤੇ ਲੜਦੇ ਆ ਰਹੇ ਹਨ। ਜਿਸ ਵਿੱਚ ਹੁਣ ਤਕ ਉਨਾਂ ਦੇ ਲਗ ਭਗ ਸਵਾ ਦੋ ਸੌ ਦੇ ਕਰੀਬ ਕਿਸਾਨ ਸ਼ਹੀਦੀਆਂ ਵੀ ਪਾ ਚੁੱਕੇ ਹਨ। ਇਸ ਕਟੱੜ੍ਹ ਫਿਰਕਾਪ੍ਰਸਤ ਸਰਕਾਰ ਦੇ ਮੂੰਹੋਂ ਹੁਣ ਤਕ ਇਕ ਲਫਜ ਵੀ 'ਅੰਨ ਦਾਤੇ' ਕਹੇ ਜਾਂਦੇ ਕਿਸਾਨਾਂ ਦੀ ਹਮਦਰਦੀ ਵਿੱਚ ਨਹੀਂ ਨਿਕਲਿਆ। ਉਨਾਂ ਤੇ ਕਈ ਪ੍ਰਕਾਰ ਦੇ ਤਸ਼ੱਦਦ ਦੇ ਪਹਾੜ੍ਹ ਸੁੱਟੇ ਜਾ ਰਹੇ ਹਨ। ਜਿਸ ਤਰਾਂ ਸਰਕਾਰ ਨੇ "ਮੈਂ ਨਾ ਮਾਨੂੰ" ਦੀ ਜਿੱਦ ਫੜ੍ਹੀ ਹੋਈ ਹੈ। ਉਸ ਤੋਂ ਪ੍ਰਤੀਤ ਹੋ ਰਿਹਾ ਹੈ ਕਿ ਇਹ ਸਰਕਾਰ ਫਾਸ਼ੀਵਾਦੀਸੋਚ ਦੀ ਮਾਲਕ ਬਣ ਚੁੱਕੀ ਹੈ। ਕਿਸਾਨ ਜਥੇਬੰਦੀਆਂ ਨੇ ਰੇਲ ਰੋਕੋ ਸਮੇਤ ਕਈ ਐਕਸ਼ਨ ਬੜੀ ਸਫਲਤਾ ਪੂਰਵਕ ਨੇਪਰੇ ਚੜਾਏ ਹਨ। ਇਨਾਂ ਐਕਸ਼ਨਾਂ ਵਿੱਚ ਕਿਸਾਨਾਂ ਦਾ ਘੇਰਾ ਪਹਿਲਾਂ ਨਾਲੋਂ ਕਿਤੇ ਵੱਧ ਵਿਸ਼ਾਲ ਹੋਇਆ ਹੈ। ਇਹ ਸੰਘਰਸ਼ ਪੰਜਾਬ ਹਰਿਆਣਾ, ਉੱਤਰ ਪਰਦੇਸ਼ ਦੀਆਂ ਸਰਹੱਦਾਂ ਨੂੰ ਲੰਘਦਾ ਹੋਇਆ ਹੁਣ ਮੱਧ ਪ੍ਰਦੇਸ਼ , ਬਿਹਾਰ, ਮਹਾਰਾਸ਼ਟਰ, ਗੁਜਰਾਤ, ਕੇਰਲਾ, ਪੱਛਮੀ ਬੰਗਾਲ ਆਦਿ ਦੇਸ਼ ਦੇ ਬਹੁਤ ਸਾਰੇ ਪ੍ਰਾਤਾਂ ਵਿੱਚ ਆਪਣੀਆਂ ਜੜਾਂ ਪੱਕੀਆਂ ਕਰ ਚੁੱਕਾ ਹੈ। ਉਹ ਦਿਨ ਹੁਣ ਬਹੁਤਾ ਦੂਰ ਨਹੀਂ ਲਗਦਾ, ਜਦੋਂ ਸਾਰਾ ਭਾਰਤ ਕਿਸਾਨ ਸੰਘਰਸ਼ ਦੀ ਲਪੇਟ ਵਿੱਚ ਆ ਜਾਵੇਗਾ। ਇਸ ਸੰਘਰਸ਼ ਨੇ ਮੋਦੀ ਸਰਕਾਰ ਦੀਆਂ ਨੀਂਦਰਾਂ ਉੱਡਾ ਦਿੱਤੀਆ ਹਨ। ਘਬਰਾਈ ਹੋਈ ਇਹ ਸਰਕਾਰ ਕਦੇ ਅੰਤਰਰਾਸ਼ਟਰੀ ਵਾਤਾਵਰਣ ਪਰੇਮੀ ਗਰੇਟਾ ਥੰਨਬਰਗ, ਪੋਪ ਸਿੰਗਰ ਰਿਹਾਨਾ ਮੁਲਾਜਮ ਆਗੂ ਨੋਦੀਪ ਕੌਰ ਤੇ ਹੁਣ ਟੌਲਕਿਟ ਦੇ ਦੋਸ਼ ਵਿੱਚ 22 ਸਾਲਾ ਦਿਸ਼ਾ ਰਵੀ ਆਦਿ ਕਈ ਕਿਸਾਨ ਹਿਤੈਸੀਆਂ ਉੱਤੇ ਮੁਕੱਦਮੇ ਦਰਜ ਕਰਕੇ ਆਪਣੇ ਮਨ ਦੀ ਭੜਾਸ ਕੱਢ ਰਹੀ ਹੈ।


ਮਨੀਪੁਰ ਤੇ ਪੰਜਾਬ ਵਿੱਚ ਹੋਈਆਂ ਨਗਰ ਕੌਂਸਲ ਦੀਆਂ ਚੋਣਾਂ ਨੇ ਇਸ ਦੀਆ ਅੱਖਾਂ ਅੱਗੇ ਭੰਬੜ ਤਾਰੇ ਲਿਆ ਦਿੱਤੇ ਹਨ। ਪੰਜਾਬ ਵਿਧਾਨ ਸਭਾ ਦੀਆਂ 117 ਦੀਆਂ 117 ਸੀਟਾਂ ਜਿੱਤਣ ਦੀਆਂ ਟਾਹਰਾਂ ਮਾਰਨ ਵਾਲੀ ਇਸ ਭਾਜਪਾ ਦੀ ਮਾਰੀ ਹੋਈ ਡੀਂਗ ਉਸ ਲਈ ਹੁਣ ਸੁਪਨਾ ਬਣ ਕੇ ਹੀ ਰਹਿ ਜਾਵੇਗੀ। ਉਸ ਨੂੰ ਤਾਂ ਨਗਰ ਕੌਂਸਲ ਦੀਆਂ ਚੋਣਾਂ ਲਈ ਵੀ ਉਮੀਦਵਾਰ ਨਹੀਂ ਲਭੇ। ਇਹ ਵੀ ਖਬਰਾਂ ਮਿਲ ਰਹੀਆਂ ਹਨ ਕਿਕਿਸਾਨ ਅੰਦੋਲਨ ਨਾਲ ਉੱਤਰ ਪ੍ਰਦੇਸ਼ ਵਿੱਚ ਵੀ ਭਾਜਪਾ ਲੀਡਰਾਂ ਵਿੱਚ ਭਾਜੜਾਂ ਪੈਣੀਆਂ ਸ਼ੁਰੂ ਹੋ ਗਈਆਂ ਹਨ। ਉਨਾਂ ਨੇ ਸਰਕਾਰ ਨੂੰ ਜੋਰਦਾਰ ਲਫਜਾਂ ਵਿੱਚ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਕਿਸਾਨ ਮਸੱਲਿਆਂ ਦਾ ਜਲਦ ਨਿਪਟਾਰਾ ਕਰੇ। ਕਿਉਂਕ 2022 ਵਿੱਚ ਪੰਜਾਬ ਦੇ ਨਾਲ ਉੱਤਰ ਪਰਦੇਸ਼ ਵਿੱਚ ਵੀ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ।ਉਥੇ ਵੀ ਭਾਜਪਾ ਵਿਧਾਨਕਾਰਾਂ ਨੂੰ ਆਪਣਾ ਭਵਿੱਖ ਇਸ ਅੰਦੋਲਨ ਕਾਰਨ ਧੁੰਦਲਾਨਜਰ ਆ ਰਿਹਾ ਹੈ।ਇਹ ਵੀ ਸੂਚਨਾਵਾਂ ਹਨ ਕਿ ਉੱਤਰ ਪਰਦੇਸ਼ ਦੇ ਲਗ ਭਗ 40-50 ਵਿਧਾਨ ਸਭਾ ਹਲਕੇ ਇਹੋ ਜਿਹੇ ਹਨ ਜਿਥੇ ਕਿਸਾਨਾਂ ਦੀਆਂ 50ਗਤੋਂ 60ਗ ਤਕ ਵੋਟਾਂ ਦਸੀਆਂ ਜਾਂਦੀਆਂ ਹਨ।ਇਨਾਂ ਹਲਕਿਆਂ ਦੇ ਵਿਧਾਨ ਸਭਾ ਮੈਂਬਰਾਂ ਦੀ ਨੀਂਦ ਹਰਾਮ ਹੋਈ ਪਈ ਹੈ।ਕਿਸਾਨ ਮੋਰਚੇ ਦੇਆਗੂਆਂ ਨੇ ਇਹ ਵੀ ਫੈਸਲਾ ਕਰ ਲਿਆ ਹੈ ਕਿ ਉਹ ਪੱਛਮੀ ਬੰਗਾਲ ਵਿੱਚ ਹੋ ਰਹੀਆਂ ਚੋਣਾਂ ਵਿੱਚ ਜਾ ਕੇ ਭਾਜਪਾ ਸਰਕਾਰ ਦੀਆ ਗੰਦੀਆਂ ਨੀਤੀਆਂ ਤੋਂ ਬਚਣ ਲਈ ਉਥੋਂ ਦੇ ਵਾਸੀਆਂ ਨੂੰ ਇਸ ਪਾਰਟੀ ਨੂੰ ਕਦੇ ਵੋਟਾਂ ਨਾ ਪਾਉਣ ਦੀ ਅਪੀਲ ਕਰਨਗੇ। ਉਨਾਂ ਨੂੰ ਇਹ ਕਿਸਾਨ ਦਸਣਗੇ ਕਿ ਕਿਵੇਂ ਭਾਜਪਾ ਸਰਕਾਰਭਾਰਤ ਦੇ ਸਾਰੇ ਕਿਸਾਨਾਂ ਦੀਆ ਜਮੀਨਾਂ ਖੋਹ ਕੇ ਅਜਾਰੇਦਾਰਾਂ ਦੇ ਹੱਥ ਫੜਾਉਣਾ ਚਾਹੁੰਦੀ ਹੈ। ਇਸ ਲਈ ਉਹ ਚੋਣਾਂ ਦੌਰਾਨ ਇਸ ਪਾਰਟੀ ਦੇ ਆਗੂਆਂ ਵਲੋਂ ਚੋਣਾਂ ਵਿੱਚ ਲਾਏ ਜਾਂਦੇ ਮਨ ਲੁਭਾਉਣੇ ਲਾਰਿਆਂ ਤੇ ਵਿਸ਼ਵਾਸ਼ ਕਰਨ ਦੀ ਥਾਂ ਤੇ ਇਸ ਨੂੰ ਚੋਣਾਂ ਵਿੱਚ ਤਕੜੀ ਹਾਰ ਦੇਣ ।

ਇਹ ਸਰਕਾਰ ਜਦੋਂ ਦੀ ਹੋਂਦ ਵਿੱਚ ਆਈ ਹੈ ਇਸ ਦੀ ਬੁਨਿਆਦ ਸਿਰਫ ਤੇ ਸਿਰਫ ਝੂਠ ਤੇ ਖੜ੍ਹੀ ਹੈ।ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦਿਆਂ ਦਾ ਪਿਛਲਾ ਤਜਰਬਾ ਇਸ ਗੱਲ ਦੀ ਗਵਾਹੀ ਦੇ ਰਿਹਾ ਹੈ ਕਿ ਇਸ ਪਾਰਟੀ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਸਾਰੇ ਆਗੂ ਹੀ ਇਕ ਨੰਬਰ ਦੇ ਝੂਠੇ, ਬੇਈਮਾਨ ਤੇ ਮਕਾਰ ਹਨ। ਕੌਮੀ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਦੇਸ਼ ਦੇ ਕਿਸਾਨਾ ਨੂੰ ਕਿਹਾ ਕਿ ਉਹ ਆਪਣੇ ਟਰੈਕਟਰਾਂ ਵਿਚ ਤੇਲ ਪਵਾ ਰਖਣ, ਪਤਾ ਨਹੀਂ ਉਨਾਂ ਨੂੰ ਕਦੋਂ ਲੱਖਾਂ ਦੀ ਗਿਣਤੀ ਵਿੱਚ ਦਿੱਲੀ ਵਲ ਨੂੰ ਕੂਚ ਕਰਨਾ ਪਵੇ। ਕਿਸਾਨਾਂ ਦਾ ਇਹ ਐਲਾਨ ਕਿ ਉਹ ਆਪਣੀ ਕਣਕ ਦੀ ਖੜ੍ਹੀ ਫਸਲ ਨੂੰ ਅੱਗ ਵੀ ਲਗਾ ਸਕਦੇ ਹਨ। ਇਸ ਵਿੱਚ ਕਿਸਾਨਾਂ ਦੀਆਂ ਸ਼ਾਂਤਮਈ ਤਰੀਕੇ ਦੀਆਂ ਬਗਾਵਤੀ ਸੁਰਾਂ ਵੀ ਨਜਰ ਆ ਰਹੀਆਂ। ਜਦੋਂ ਸੰਸਾਰ ਦੇ ਲੋਕਾਂ ਨੇ ਅਕਾਸ਼ੀ ਸੈਟੇਲਾਈਟ ਰਾਹੀਂ ਪੰਜਾਬ ਤੋਂ ਲੈ ਕੇ ਉੱਤਰ ਪ੍ਰਦੇਸ਼ ਤਕ ਕਣਕਾਂ ਦੀਆਂ ਸੜ੍ਹਦੀਆਂ ਫੱਸਲਾਂ ਵੇਖੀਆਂ। ਉਸ ਨਾਲ ਵਾਤਾਵਰਣ ਤਾਂ ਖਰਾਬ ਹੋਣਾ ਹੀ ਹੈ। ਕਿਸਾਨਾਂ ਤੇ ਦੇਸ਼ ਦਾ ਆਰਥਕ ਨੁਕਸਾਨ ਵੀ ਹੋਵੇਗਾ। ਇਸ ਸਥਿੱਤੀ ਵਿੱਚ ਭਾਰਤ ਦੀ ਭਾਜਪਾ ਸਰਕਾਰ ਵਿਸ਼ਵ ਵਿੱਚ ਮੂੰਹ ਦਿਖਾਉਣ ਜੋਗੀ ਨਹੀਂ ਰਹੇਗੀ। ਜਿਸ ਤਰਾਂ ਦੇ ਹਾਲਾਤ ਬਣ ਰਹੇ ਹਨ।ਇਸ ਨਾਲ ਇਸ ਪਾਰਟੀ ਦਾ ਬੜੀ ਜਲਦੀ ਪੱਤਨ ਹੋ ਜਾਣਾ ਲਗਭਗ ਤਹਿ ਹੋ ਗਿਆ ਭਾਸ ਰਿਹਾ ਹੈ। ਪਿਛਲਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਹੜੀਆਂ ਵੀ ਹੈਂਕੜ੍ਹਬਾਜ ਸਰਕਾਰਾਂ ਨੇ ਲੋਕਾਂ ਦੀਆਂ ਹੱਕੀ ਤੇ ਜਾਇਜ ਮੰਗਾਂ ਪਰਵਾਨ ਨਹੀਂ ਕੀਤੀਆਂ। ਲੋਕਾਂ ਨੇ ਉਨਾਂ ਨੂੰ ਗੱਦੀਓਂ ਵਗਾਹ ਮਾਰਿਆ ਹੈ। ਸਰਕਾਰ ਨੂੰ ਹੰਕਾਰ ਹੈ ਕਿ ਉਸ ਦੀਆਂਈ .ਵੀ.ਐਮ. ਰਾਹੀਂ ਚੋਣਾਂ'ਜਿੰਦਾਬਾਦ'ਰਹਿਣ,ਉਨਾਂ ਨੂੰ ਇਸ ਦੇ ਹੁੰਦਿਆਂ ਕੋਈ ਵੀ ਗੱਦੀਓਂ ਲਾਹ ਨਹੀਂ ਸਕਦਾ।ਦੇਸ਼ ਦੇ ਲੋਕਾਂ ਨੂੰ ਬੜੀ ਚੰਗੀ ਤਰਾਂ ਯਾਦ ਹੋਣਾ ਹੈ ਕਿ ਜਦੋਂ 2019 ਵਿੱਚ ਲੋਕ ਸਭਾ ਦੀਆਂ ਚੋਣਾਂ ਹੋਈਆਂ ਸਨ ਤਾਂ ਉਸ ਸਮੇਂ ਦੇਸ਼ ਦੀਆਂ ਸਾਰੀਆਂ ਵਿਰੋਧੀ ਰਾਜਨੀਤਕ ਪਾਰਟੀਆਂ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਮੰਗ ਪੱਤਰ ਦੇ ਕੇ ਉਸ ਕੋਲੋਂ ਮੰਗ ਕੀਤੀ ਸੀ ਕਿ ਦੇਸ਼ ਵਿੱਚ ਚੋਣਾਂ ਈ.ਵੀ.ਐਮ. ਦੀ ਥਾਂ ਤੇ ਮੱਤਦਾਨ ਰਾਹੀਂ ਕਰਾਈਆਂ ਜਾਣ। ਪਰ ਚੋਣ ਕਮਿਸ਼ਨ ਨੇ ਉਨਾਂ ਦੀ ਮੰਗ ਪ੍ਰਵਾਨ ਨਹੀਂ ਸੀ ਕੀਤੀ।ਫਿਰ ਇਨਾਂ ਪਾਰਟੀਆਂ ਨੇ ਦੇਸ਼ ਦੇ ਰਾਸ਼ਟਰਪਤੀ, ਉਪ ਰਾਸ਼ਟਰਪਤੀ ਇਥੋਂ ਤਕ ਸੁਪਰੀਮ ਕੋਰਟ ਨੂੰ ਵੀ ਅਪੀਲ ਕੀਤੀ ਸੀ ਕਿ ਪਰ ਕਿਸੇ ਨੇ ਵੀ ਇਸ ਈ. ਵੀ. ਐਮ ਦੀ ਥਾਂ ਤੇ ਮੱਤਦਾਨ ਰਾਹੀਂ ਵੋਟਾਂ ਕਰਾਉਣੀਆਂ ਪ੍ਰਵਾਨ ਨਹੀਂ ਸਨ ਕੀਤੀਆਂ। ਇਥੋਂ ਤਕ ਕਿ ਵੀ. ਵੀ. ਪੈਡ. ਰਾਹੀਂ ਵੋਟਾਂ ਦਾ ਮਿਲਾਣ ਠੀਕ ਹੋਣ ਤੇ ਅਗੋਂ ਵੋਟਾਂ ਦੀ ਗਿਣਤੀ ਕਰਾ ਲਈ ਜਾਵੇ ਦੀ ਮੰਗ ਵੀ ਸਰਕਾਰ ਨੇ ਸਵੀਕਾਰ ਨਹੀਂ ਸੀ ਕੀਤੀ। ਜਦੋਂ ਕਿ ਸਰਕਾਰ ਇਹ ਪ੍ਰਚਾਰ ਕਰਦੀ ਆ ਰਹੀ ਸੀ ਕਿ ਇਸ ਵਾਰ ਭਾਵ 2019 ਵਿੱਚ ਭਾਜਪਾ ਲੋਕ ਸਭਾ ਦੀਆਂ ਤਿੰਨ ਸੌ ਤੋਂ ਵਧੇਰੇ ਸੀਟਾਂਜਿੱਤ ਰਹੀ ਹੈ। ਹੁਣ ਸੁਆਲ ਇਹ ਉੱਠਦਾ ਹੈ ਕਿ ਸਰਕਾਰ ਦੇ ਅਧੀਨ ਦੇਸ਼ ਦੀਆਂ ਸਾਰੀਆਂ ਗੁਪੱਤ ਏਜੰਸੀਆਂ ਹਨ, ਜੇ ਕਰ ਭਾਰਤੀ ਜੰਨਤਾ ਪਾਰਟੀ ਲੋਕਾਂ ਵਿੱਚ ਇੰਨੀ ਹਰਮਨ ਪਿਆਰੀ ਹੈ ਜਿਸ ਕਾਰਨ ਉਹ ਲੋਕ ਸਭਾ ਦੀਆਂ ਇਨੀ ਵੱਡੀ ਗਿਣਤੀ ਵਿੱਚ ਸੀਟਾਂ ਜਿੱਤ ਰਹੀ ਹੈ ਤੇ ਉਹ ਭਾਰੀ ਬਹੁਮੱਤ ਨਾਲ ਸਰਕਾਰ ਬਣਾ ਰਹੇ ਹਨ। ਇਹ ਜਾਣਕਾਰੀ ਤਾਂ ਸਰਕਾਰ ਦੀਆਂ ਗੁਪਤ ਏਜੰਸੀਆਂ ਨੇ ਵੀ ਸਰਕਾਰ ਨੂੰ ਜਰੂਰ ਦਿੱਤੀ ਹੋਣੀ ਹੈ , ਫਿਰ ਵੋਟਾਂ ਚਾਹੇ ਈ. ਵੀ. ਐਮ. ਨਾਲ ਹੋਣ ਜਾਂ ਮੱਤਦਾਨ ਰਾਹੀਂ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਜਿੱਤਾ ਹੀ ਦੇਣਾ ਹੈ, ਤਾਂ ਫਿਰ ਸਰਕਾਰ ਨੂੰ ਕਾਹਦਾ ਡਰ ਸੀ। ਉਸ ਨੂੰ ਵਿਰੋਧੀ ਰਾਜਨੀਤਕ ਪਾਰਟੀਆਂ ਦੀ ਗੱਲ ਮੱਤਦਾਨ ਰਾਹੀਂ ਵੋਟਾਂ ਕਰਾਉਣੀਆਂ ਸਵੀਕਾਰ ਕਰ ਲੈਣੀਆਂ ਚਾਹੀਦੀਆਂ ਸਨ। ਪਰ ਸਰਕਾਰ ਦੀ ਅੜ੍ਹੀ ਉਸਦੀ ਘਟੀਆ ਨੀਅਤ ਨੂੰ ਸਪਸ਼ਟ ਕਰ ਰਹੀ ਸੀ। ਉਨਾਂ ਨੂੰ ਪਤਾ ਸੀ ਕਿ ਈ. ਵੀ. ਐਮ. ਰਾਹੀਂ ਘਾਲਾ ਮਾਲਾ ਕਰਕੇ ਹੀ ਉਹ ਕੇਂਦਰ ਦੀ ਗੱਦੀ ਤੇ ਬੈਠ ਸਕਦੀ ਹੈ। ਸਰਕਾਰ ਬੜੀ ਸ਼ਾਤਰ ਚਾਲ ਨਾਲ ਵਿਰੋਧੀ ਪਾਰਟੀਆਂ ਨੂੰ ਲੋਕ ਸਭਾ ਤੋਂ ਬਿਨਾਂ ਬਾਕੀ ਸਾਰੀਆਂ ਚੋਣਾਂ ਵਿੱਚ ਇਸੇ ਈ ਵੀ ਐਮ ਰਾਹੀਂ ਜਿੱਤਾ ਕੇ ਉਨਾਂ ਨੂੰ ਝੂੱਠਾ ਪਾਉਣ ਲਈ ਕਿ ਜੇਕਰ ਉਹ (ਵਿਰੋਧੀ ਪਾਰਟੀਆਂ) ਈ ਵੀ ਐਮ ਰਾਹੀਂ ਹੋਰ ਚੋਣਾਂ ਜਿੱਤ ਜਾਣ ਤਾਂ ਈ. ਵੀ. ਐਮ.ਠੀਕ ਹਨ, ਦਸ ਸਕੇ। ਇਹੋ ਜਿਹਾ ਪ੍ਰਚਾਰ ਭਾਜਪਾ ਨੇ ਪਿਛਲੀ ਵਾਰ ਵੀ ਚੋਣਾਂ ਦੌਰਾਨ ਰਾਜਨੀਤਕ ਪਾਰਟੀਆਂ ਕੋਲ ਕਰਕੇ ਉਨਾਂ ਨੂੰ ਚੁੱਪ ਕਰਾਇਆ ਸੀ। ਇਸ ਲਈ ਹੁਣ ਰਾਜਨੀਤਕ ਪਾਰਟੀਆ ਨੂੰ ਕਦੇ ਵੀ ਭਵਿੱਖ ਵਿੱਚ ਕੋਈ ਵੀ ਚੋਣ ਈ. ਵੀ. ਐਮ. ਰਾਹੀਂ ਕਰਾਉਣੀ ਸਵੀਕਾਰ ਨਹੀਂ ਕਰਨੀ ਚਾਹੀਦੀ। ਸੁਪਰੀਮ ਕੋਰਟ ਦੇ ਉੱਘੇ ਵਕੀਲ ਭਾਨੂੰ ਪ੍ਰਤਾਪ ਸਿੰਘ ਪਿਛਲੇ ਕਾਫੀ ਸਮੇਂ ਤੋਂ ਕਹਿੰਦੇ ਆ ਰਹੇ ਹਨ ਕਿ ਇਹ ਸਰਕਾਰ ਸਿਰਫ ਤੇ ਸਿਰਫ ਈ.ਵੀ. ਐਮ. ਦੀ ਬਦੌਲਤ ਹੈ, ਜਿਨਾਂ ਚਿਰ ਇਸ ਨੂੰ ਬਦਲ ਕੇ ਮੱਤਦਾਨ ਰਾਹੀਂ ਵੋਟਾਂ ਕਰਾਉਣੀਆਂ ਸ਼ੁਰੂ ਨਹੀਂ ਕੀਤੀਆਂ ਜਾਂਦੀਆਂ। ਉਨਾਂ ਚਿਰ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਗੱਦੀ ਤੋਂ ਲਾਹਿਆ ਨਹੀਂ ਜਾ ਸਕਦਾ। ਕਿਸਾਨਾਂ ਦੇ ਕਾਲੇ ਕਾਨੂੰਨ ਵੀ ਤਦ ਹੀ ਰੱਦ ਹੋਣੇ ਹਨ। ਵਕੀਲ ਭਾਨੂੰ ਪ੍ਰਸ਼ਾਦ ਇਸੇ ਕਰਕੇ ਕਹਿੰਦੇ ਆ ਰਹੇ ਹਨ ਕਿਸਾਨਾਂ ਨੂੰ ਈ. ਵੀ. ਐਮ. ਨੂੰ ਹਟਾਏ ਜਾਣ ਦੀ ਮੰਗ ਨੂੰ ਆਪਣੀਆਂ ਮੰਗਾਂ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

ਵੋਟਾਂ ਸਿਰਫ ਤੇ ਸਿਰਫ ਮੱਤਦਾਨ ਰਾਹੀਂ ਹੀ ਕਰਾਈਆਂ ਜਾਣ। ਉਨਾਂ ਦੀ ਇਸ ਰਾਇ ਵਿੱਚ 100% ਸਚਾਈ ਵੀ ਹੈ ਤੇ ਵਜਨ ਵੀ ਨਜਰ ਆ ਰਿਹਾ ਹੈ। ਇਸ ਲਈ ਜੇ ਕਰ ਉਨਾਂ ਨੇ ਦੇਸ਼ ਵਿਚੋਂ ਇਸ ਭਾਜਪਾ ਸਰਕਾਰ ਨੂੰ ਚਲਦਾ ਕਰਨਾ ਹੈ ਤਾਂ ਫਿਰਵੋਟਿੰਗ ਪ੍ਰਣਾਲੀ ਨੂੰ ਬਦਲ ਕੇ ਮੱਤਦਾਨ ਰਾਹੀਂ ਵੋਟਾਂ ਕਰਾਉਣੀਆਂ ਪੈਣਗੀਆਂ।

# ਆਸਟ੍ਰੇਲੀਆ ਵਿੱਚ ਪੰਜਾਬੀ ਕਹਾਣੀ ਦੀ ਜੜ੍ਹ ਲਾਉਣ ਵਾਲੀ ਜੱਸੀ ਧਾਲੀਵਾਲ

**ਅਮਰਗੜ੍ਹ-** ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਮਾਂ ਬੋਲੀ ਪੰਜਾਬੀ ਦਿਵਸ ਨੂੰ ਸਮਰਪਿਤ ਇਕ ਔਨ ਲਾਈਨ ਸਾਹਿਤਕ ਸਮਾਗਮ ਵਿੱਚ ਜੱਸੀ ਧਾਲੀਵਾਲ ਦੀ ਨਵੀਂ ਕਥਾ ਪੁਸਤਕ" ਟਰਾਫੀ ਵਾਈਫ" ਉੱਪਰ ਇਕ ਸੰਵਾਦ ਰਚਾਇਆ ਗਿਆ। ਇਸ ਸਮਾਗਮ ਵਿੱਚ ਜੱਸੀ ਧਾਲੀਵਾਲ ਨੇ ਆਪਣੀ ਸਿਰਜਣ ਪ੍ਰਕਿਰਿਆ ਤੇ ਜੀਵਨ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਮੈਂ ਇਕ ਖੂਬਸੂਰਤ ਸਮਾਜ ਤੇ ਰਿਸ਼ਤਿਆਂ ਦੀ ਸਿਰਜਣਾ ਪੈਰਤੀ ਚੇਤਨਾ ਪੈਦਾ ਕਰਨ ਲਈ ਕਹਾਣੀ ਲਿਖਦੀ ਹਾਂ। ਇਸ ਸੰਵਾਦ ਵਿੱਚ ਬੋਲਦਿਆਂ ਕਹਾਣੀਕਾਰ ਜਸਵੀਰ ਰਾਣਾ ਨੇ ਕਿਹਾ ਕਿ ਜੱਸੀ ਧਾਲੀਵਾਲ ਆਸਟੈਰੇਲੀਆ ਵਿੱਚ ਪੰਜਾਬੀ ਕਹਾਣੀ ਦੀ ਜੜ੍ਹ ਲਾਉਣ ਵਾਲੀ ਪਹਿਲੀ ਕਹਾਣੀਕਾਰ ਹੈ।ਇਸ ਪੱਖੋ ਉਸਦਾ






ਕਥਾ ਕਾਰਜ ਇਤਿਹਾਸਕ ਹੈ। ਉਹ ਅੱਗ ਵਾਂਗ ਭਖਦੇ ਤਿੱਖੀ ਸੁਰ ਵਾਲੇ ਵਿਸ਼ਿਆਂ ਤੇ ਪਾਤਰਾਂ ਨੂੰ ਕਹਾਣੀ ਲਿਖਣ ਲਈ ਚੁਣਦੀ ਹੈ। ਉਹ ਬੇਬਾਕ ਸ਼ੈਲੀ ਵਿੱਚ ਕਲਾਤਮਿਕ ਜੁਗਤ ਨਾਲ ਕਹਾਣੀ ਲਿਖਦੀ ਹੈ। ਉਸ ਦੀਆਂ ਕਹਾਣੀਆਂ ਦੀ ਮਨੋਵਿਗਿਆਨਕ ਬਣਤਰ ਤੇ ਭਾਸ਼ਾ ਯੋਗਤਾ ਖਾਸ ਅਰਥਾਂ ਦੀ ਧਾਰਨੀ ਹੈ। ਜੱਸੀ ਧਾਲੀਵਾਲ ਹੁਣ ਤੱਕ ਦੋ ਨਾਵਲ ਤੇ ਦੋ ਕਹਾਣੀ ਸ੍ਰੰਗਹਿ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ। ਟਰਾਫੀ ਵਾਈਫ ਉਸਦੀ ਪੰਜਵੀਂ ਕਥਾ ਪੁਸਤਕ ਹੈ। ਇਸ ਵਿੱਚ ਚਿੱਤਰਕਾਰ, ਫੌਜੀ, ਟਰਾਫੀ ਵਾਈਫ, ਬਾਗੀ ਕੁੜੀ, ਆਖਰੀ ਪੱਤਰ ਤੇ ਬੱਸ ਸੁੱਖ ਸਾਂਦ ਹੈ ਵਿਸ਼ੇਸ਼ ਧਿਆਨ ਖਿੱਚਣ ਵਾਲੀਆਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਦਾ ਜਿਕਰ ਕਰਦਿਆਂ ਜਸਵੀਰ ਰਾਣਾ ਨੇ ਚਿੱਤਰਕਾਰ ਕਹਾਣੀ ਦੀਆਂ ਲੁਕਵੀਆਂ ਪਰਤਾਂ ਨੂੰ ਡੀਕੋਡ ਕਰਕੇ ਕਹਾਣੀ ਦਾ ਵਿਸ਼ਲੇਸ਼ਣ ਕੀਤਾ। ਸਮਾਗਮ ਦਾ ਮੰਚ ਸੰਚਾਲਨ ਹਰਕੀਰਤ ਕੌਰ ਸਭਰਾ ਵੱਲੋਂ ਖੂਬਸੂਰਤ ਅੰਦਾਜ਼ ਵਿੱਚ ਕੀਤਾ ਗਿਆ।